
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 4
May 09, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਸ਼ਹੀਦਾਂ ਦੇ ਸਿਰਤਾਜ, ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਅਦਾਰਾ 'ਦੇਸ਼ ਦੁਆਬਾ ਵੱਲੋਂ ਲੱਖ-ਲੱਖ ਵਧਾਈਆਂ।

*(ਸਬੰਧਤ ਲੇਖ ਦੇਖੋ ਸਫਾ 17 'ਤੇ)*

## ਆਖ਼ਰ ਪੁਤਿਨ ਵਿੱਚ ਕੀ ਹੈ ਖ਼ਾਸ ਜੋ ਚੌਥੀ ਵਾਰ ਬਣੇ ਰਾਸ਼ਟਰਪਤੀ

ਮਾਸਕੋ (ਬਿਊਰੋ)- ਵਲਾਦੀਮੀਰ ਪੁਤਿਨ ਨੇ ਚੌਥੀ ਵਾਰ ਰੂਸ ਚੌਥੀ ਵਾਰ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ ਹੈ। ਪੁਤਿਨ ਨੇ ਲਗਪਗ ਦੋ ਦਹਾਕਿਆਂ ਲੰਮਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਛੇ ਸਾਲਾਂ ਦੇ ਚੌਥੇ ਕਾਰਜਕਾਲ ਦੀ ਸ਼ੁਰੂਆਤ ਕਰ ਲਈ ਹੈ।

ਪੁਤਿਨ 1999 ਤੋਂ ਹੀ ਸੱਤਾ ਵਿੱਚ ਹਨ। ਮਾਰਚ ਵਿੱਚ ਹੋਈਆਂ ਆਮ ਚੋਣਾਂ ਵਿੱਚ ਉਨ੍ਹਾਂ ਨੂੰ 76.7 ਫ਼ੀ ਸਦ ਵੋਟ ਮਿਲੇ ਸਨ। ਪੁਤਿਨ ਨੇ ਰੂਸ ਦੇ ਲੋਕਾਂ ਨੂੰ ਸਮਰਥਨ ਲਈ ਧੰਨਵਾਦ ਕਿਹਾ ਤੇ ਕਿਹਾ ਕਿ ਸਾਨੂੰ ਆਪਣੀ ਜਨਮਭੂਮੀ ਦੇ ਗੌਰਵ ਨੂੰ ਮੁੜ ਤੋਂ ਜਿਉਂਦਾ ਕਰਨਾ ਹੈ।



ਰਾਸ਼ਟਰਪਤੀ ਨੇ ਕਿਹਾ ਕਿ ਦੇਸ਼ ਦਾ ਮੁਖੀ ਹੋਣ ਦੇ ਨਾਤੇ ਮੈਂ ਰੂਸ ਦੀ ਤਾਕਤ ਤੇ ਤਰੱਕੀ ਵਧਾਉਣ ਦੀ ਹਰ ਸੰਭਵ ਕੋਸ਼ਿਸ਼ ਕਰਾਂਗਾ। ਹਾਲਾਂਕਿ, ਸਿਰਫ਼ ਦੋ ਦਿਨ ਪਹਿਲਾਂ ਹੀ ਵਿਰੋਧੀ ਧਿਰ ਦੇ ਨੇਤਾ ਏਲੇਕਸੀ ਨਾਵਾਲਨੀ ਸਮੇਤ ਤਕਰੀਬਨ 1,600 ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਇਹ ਲੋਕ ਦੇਸ਼ ਭਰ ਵਿੱਚ ਪੁਤਿਨ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਨ।

ਰਾਸ਼ਟਰਪਤੀ ਵਜੋਂ ਪੁਤਿਨ ਆਪਣਾ ਚੌਥਾ ਕਾਰਜਕਾਲ 2024 ਵਿੱਚ ਪੂਰਾ ਕਰਨਗੇ। ਇਸ ਤੋਂ ਬਾਅਦ ਉਹ ਰਾਸ਼ਟਰਪਤੀ ਨਹੀਂ ਬਣ ਸਕਦੇ। ਹਾਲੇ ਤਕ ਉਨ੍ਹਾਂ ਨੇ ਆਪਣੇ ਉੱਤਰਾਧਿਕਾਰੀ ਸਬੰਧੀ ਕੋਈ ਐਲਾਨ ਤਾਂ ਮੁਸ਼ਕਲ ਬਲਕਿ ਕੋਈ ਸੰਕੇਤ ਵੀ ਨਹੀਂ ਦਿੱਤਾ ਹੈ।



ਪੀ ਸੀ ਐੱਸ ਵਲੋਂ ਕਰਵਾਏ 29 ਵੇਂ ਵਿਸਾਖੀ ਮੇਲੇ 'ਚ ਲੱਗੀਆਂ ਖ਼ੂਬ ਰੌਣਕਾਂ

(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 13 'ਤੇ

## ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਨਹੀਂ ਦਿੱਤਾ ਜਾਏਗਾ ਨੋਬਲ ਪੁਰਸਕਾਰ

**ਨਿਊਯਾਰਕ (ਬਿਊਰੋ)-** ਦੁਨੀਆ 'ਚ ਬੇਹੱਦ ਸਨਮਾਨਿਤ ਨੋਬਲ ਪੁਰਸਕਾਰ 'ਤੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਰੋਕ ਲਾਈ ਗਈ ਹੈ। ਇਸ ਤੋਂ ਪਹਿਲਾਂ 1943 ਚ ਵਿਸ਼ਵ ਯੁੱਧ ਦੀ ਵਜ੍ਹਾ ਨਾਲ ਇਸਤੇ ਰੋਕ ਲਾਈ ਗਈ ਸੀ ਪਰ ਇਸ ਵਾਰ ਨੋਬਲ ਅਕੈਡਮੀ ਨੇ ਸੈਕਸ ਸਕੈਂਡਲ ਵਿਵਾਦ ਦੇ ਚੱਲਦਿਆਂ ਸਾਹਿਤ ਦੇ ਖੇਤਰ 'ਚ ਇਹ ਸਨਮਾਨ ਨਾ ਦੇਣ ਦਾ ਫੈਸਲਾ ਲਿਆ ਹੈ।

**ਕੀ ਹੈ ਪੂਰਾ ਮਾਮਲਾ?**

ਇਹ ਵਿਵਾਦ #MeToo ਕੈਂਪੇਨ ਤੋਂ ਸ਼ੁਰੂ ਹੋਇਆ ਸੀ। ਇਸ ਕੈਂਪੇਨ ਦਾ ਹਿੱਸਾ ਬਣਦਿਆਂ ਸਾਲ 2017 ਦੇ ਨਵੰਬਰ 'ਚ 18 ਮਹਿਲਾਵਾਂ ਨੇ ਸੰਸਥਾ ਦੀ ਮੈਂਬਰ ਕਟਰੀਨਾ ਫ੍ਰੋਸਟੇਨਸਨ ਦੇ ਪਤੀ ਤੇ ਕਲਾ ਜਗਤ




ਦੇ ਦਿਗਜ਼ ਜੀਨ ਕਲਾਊਡੇ ਅਰਨਾਲਟ ਤੇ ਜਿਣਸੀ ਸੋਸ਼ਣ ਦਾ ਇਲਜ਼ਾਮ ਲਾਇਆ ਸੀ। ਇਲਜ਼ਾਮ ਸੀ ਕਿ ਅਰਨਾਲਟ ਨੇ ਕਲਾ ਨਾਲ ਬਣੀ ਆਪਣੀ ਪਹੁੰਚ ਦਾ ਇਸਤੇਮਾਲ ਮਹਿਲਾਵਾਂ ਨਾਲ ਯੌਨ ਸੋਸ਼ਣ ਕਰਨ ਲਈ ਕੀਤਾ ਹੈ। ਹਾਲਾਕਿ ਅਰਨਾਲਟ ਨੇ ਇਨ੍ਹਾਂ ਦੋਸ਼ਾਂ ਤੋਂ ਸਾਫ਼ ਇਨਕਾਰ ਕੀਤਾ ਹੈ ਪਰ ਇਸ ਨਾਲ ਨੋਬਲ ਅਕੈਡਮੀ 'ਚ ਇੱਕ ਵਿਵਾਦ ਛਿੜ ਗਿਆ ਹੈ।

ਅਕੈਡਮੀ ਨੇ ਅਰਨਾਲਟ ਦੀ ਪਤਨੀ ਕਟਰੀਨਾ ਫ੍ਰੋਸਟੇਨਸਨ ਨੂੰ 18 ਮੈਂਬਰੀ ਕਮੇਟੀ ਤੋਂ ਕੱਢਣ ਲਈ ਵੋਟ ਵੀ ਕੀਤਾ। ਇਸ ਤੋਂ ਅਗਲੇ ਦਿਨ ਅਕੈਡਮੀ ਦੀ ਸਥਾਈ ਮੈਂਬਰ ਸਾਰਾ ਡੇਨੀਅਸ ਨੇ ਕਿਹਾ ਕਿ ਸੰਸਥਾ

**(ਬਾਕੀ ਸਫਾ 3 ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

SALE ਸੇਲ SALE
For Sale 4352 Gibraltar St. Sacramento 95834
North Natomas 2962 sf. 4 Bedrooms,
Game Room, 3 Bathrooms, 2 Car Garage,
Walking distance to park with many amenities,
Price reduced to 459000 to 449,000. For quick sale,
Call Robby 707-330-1806 MLS listing


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu
Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


## Kash FABRICS



### ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ–ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

**Appointments & Walk-Ins Welcome**
**Tuesday - Sunday: 11 AM - 8 PM**


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
**Specializing in:**
Eyebrow Threading .... $5
Full Face Threading, Facial,
Unique Mehndi Designs,
Natural Henna for Hair



**KASH FABRICS**
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET

## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

**Super Eyebrow Threading Now Open**

Eyebrow Threading & Henna Tattoo

7 times, Get 8th one free!



**Inside India Market**

| SACRAMENTO | WALK INS WELCOME | ROSEVILLE |
|---|---|---|
| 5203 EKLHORN BLVD SACRAMENTO CA 95842 | | 1265 PLEASANT GROVE BLVD. # 100 ROSEVILLE, CA 95747 |
| 916- 338-5511 | | 916- 786-7666 |

Cell : 916-798-8142
Email: IndiaMarketRoseville@gmail.com



# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



# INDIA BAZAAR


Jai Ram Gaught
Harjit Gaught (Happy)

**INDIAN, PAKISTANI & FIJJIAN GROCERIES**

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਅਮਰੀਕਾ ਦੀ ਸਰਹੱਦ ਟੱਪ ਕੇ ਗ਼ਲਤ ਢੰਗ ਨਾਲ ਆਏ 11 ਪੰਜਾਬੀ ਕੁੜੀਆਂ ਤੇ 190 ਮੁੰਡਿਆਂ ਨੂੰ ਸਿਆਟਲ ਦੇ ਟਕੋਮਾ ਸ਼ਹਿਰ ਦੀ ਜੇਲ੍ਹ ਕੀਤਾ ਬੰਦ

**ਸਿਆਟਲ (ਹਰਮਨਪ੍ਰੀਤ ਸਿੰਘ)**–'ਅਮਰੀਕਾ-ਕੈਨੇਡਾ ਜਾਂ ਕਿਸੇ ਹੋਰ ਦੇਸ਼ ਵਿਚ ਆਪਣੀਆਂ ਧੀਆਂ, ਭੈਣਾਂ ਜਾਂ ਪੁੱਤਰਾਂ ਨੂੰ ਪੰਜਾਬ ਤੋਂ ਭੇਜਣ ਸਮੇਂ ਪਹਿਲਾਂ ਇਹ ਜ਼ਰੂਰ ਪੱਕਾ ਕਰ ਲਿਆ ਕਰੋ ਕਿ ਉਸ ਨੇ ਬਾਹਰ ਜਾ ਕੇ ਰਹਿਣਾ ਕਿੱਥੇ ਹੈ? ਐਵੇਂ ਕਈ ਠੱਗ ਏਜੰਟਾਂ ਦੇ ਪਿੱਛੇ ਲੱਗ ਕੇ ਆਪਣੇ ਬੱਚਿਆਂ ਨੂੰ ਖ਼ਤਰਿਆਂ ਵਿਚ ਨਾ ਪਾਓ। ਇਕ ਤਾਂ ਏਜੰਟ ਅਮਰੀਕਾ ਭੇਜਣ ਦੇ ਨਾਂਅ 'ਤੇ ਮੋਟੇ ਰੁਪਏ ਠੱਗ ਲੈਂਦੇ ਹਨ ਤੇ ਦੂਜਾ ਤੁਹਾਡੇ ਬੱਚਿਆਂ ਨੂੰ ਗ਼ਲਤ ਤਰੀਕੇ ਨਾਲ ਸਰਹੱਦ ਪਾਰ ਕਰਾਉਂਦੇ ਹਨ ਤੇ ਕਈਆਂ ਦੀ ਤਾਂ ਇਸ ਗ਼ਲਤ ਤਰੀਕੇ ਨਾਲ ਅਮਰੀਕਾ ਦਾਖਲ ਹੋਣ ਸਮੇਂ ਮੌਤ ਵੀ ਹੋ ਜਾਂਦੀ ਹੈ ਤੇ ਜਵਾਨ ਲੜਕੀਆਂ ਦਾ ਏਜੰਟ ਸਰੀਰਕ ਸ਼ੋਸ਼ਣ ਵੀ ਕਰਦੇ ਹਨ।' ਉੱਕਤ ਵਿਚਾਰ ਸਿਆਟਲ ਦੀ ਸਭ ਤੋਂ ਵੱਡੀ ਸਮਾਜ ਸੇਵੀ ਸੰਸਥਾ 'ਸ਼ੌਛ੍ਹ.ਚਏਨਟਏਰ' ਦੇ ਮੁੱਖ ਮੁੱਖ ਬੁਲਾਰੇ ਬਲਵੰਤ ਸਿੰਘ ਔਲਖ ਨੇ ਅੱਜ ਖ਼ਾਸ ਗੱਲਬਾਤ ਕਰਦਿਆਂ ਦਿੱਤੇ। ਉਨ੍ਹਾਂ ਦੱਸਿਆ ਕਿ ਗ਼ਲਤ ਢੰਗ ਨਾਲ ਸਰਹੱਦ ਪਾਰ ਕਰ





ਕੇ ਆਏ ਤਕਰੀਬਨ 11 ਜਵਾਨ ਕੁੜੀਆਂ ਅਤੇ ਤਕਰੀਬਨ 190 ਮੁੰਡੇ ਜੋ ਸਾਰੇ ਪੰਜਾਬੀ ਹਨ, ਇਸ ਵੇਲੇ ਸਿਆਟਲ ਦੇ ਨਾਲ ਲਗਦੇ ਸ਼ਹਿਰ ਟਕੋਮਾ ਦੀ ਨੋਰਥ ਵੈਸਟ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਟਕੋਮਾ ਜੇਲ੍ਹ ਵਿਚ ਪਿਛਲੇ ਤਕਰੀਬਨ ਦੋ ਮਹੀਨੇ ਤੋਂ ਬੰਦ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਤਕਰੀਬਨ ਪਿਛਲੇ 6 ਸਾਲਾਂ ਤੋਂ ਇਸ ਜੇਲ੍ਹ ਵਿਚ ਹਰ ਹਫ਼ਤੇ ਜਾ ਕੇ ਅਜਿਹੇ ਕੈਦੀਆਂ ਦੀ ਕਾਨੂੰਨੀ ਮਦਦ, ਉਨ੍ਹਾਂ ਲਈ ਪੰਜਾਬੀ ਭੋਜਨ, ਕੱਪੜੇ ਤੇ ਹੋਰ ਜ਼ਰੂਰੀ ਸਾਮਾਨ ਮੁਹੱਈਆ ਕਰਦੀ ਹੈ। ਇਨ੍ਹਾਂ ਨੂੰ ਚੰਗੀ ਸਿੱਖਿਆ ਦੇਣ ਤੇ ਆਪਣੇ ਧਰਮ ਦੀ ਪਾਠ-ਪੂਜਾ ਕਰਨ ਦਾ ਕੰਮ ਕਰਦੀ ਹੈ ਤੇ ਇਨ੍ਹਾਂ ਤੋਂ ਬਾਊਂਡ ਭਰਾ ਕੇ ਜੇਲ੍ਹ ਤੋਂ ਬਾਹਰ ਕਢਵਾਉਣ ਵਿਚ ਵੀ ਮਦਦ ਕਰਦੀ ਹੈ। ਬਲਵੰਤ ਸਿੰਘ ਔਲਖ ਨੇ ਦੱਸਿਆ ਕਿ ਜੇਲ੍ਹ ਕੈਦੀਆਂ ਦੀ ਗਿਣਤੀ ਵਧਦੀ-ਘੱਟਦੀ ਰਹਿੰਦੀ ਹੈ ਤੇ ਦੋ ਨੰਬਰ ਵਿਚ ਸਰਹੱਦ ਪਾਰ ਕਰਕੇ ਆਉਣ ਵਾਲਿਆਂ ਦਾ ਸਿਲਸਿਲਾ ਚਲਦਾ ਰਹਿੰਦਾ ਹੈ। ਕਈ ਕੈਦੀਆਂ ਨੂੰ ਜੇਲ੍ਹ ਤੋਂ ਬਾਹਰ ਆਉਣ ਲਈ 6 ਮਹੀਨੇ ਤੋਂ ਵੀ ਜ਼ਿਆਦਾ ਸਮਾਂ ਲੱਗ ਜਾਂਦਾ ਹੈ। ਉਨ੍ਹਾਂ ਪੰਜਾਬੀਆਂ ਨੂੰ 'ਸੋਚ ਡਾਟ ਸੈਂਟਰ' ਵਲੋਂ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਕਾਨੂੰਨੀ ਢੰਗ ਨਾਲ ਹੀ ਅਮਰੀਕਾ ਜਾਂ ਹੋਰ ਮੁਲਕਾਂ ਵਿਚ ਭੇਜਣ ਨਾ ਕਿ ਠੱਗ ਏਜੰਟਾਂ ਦੇ ਪਿਛੇ ਲੱਗ ਕੇ ਆਪਣੇ ਬੱਚਿਆਂ ਨੂੰ ਖ਼ਤਰੇ ਵਿਚ ਪਾਉਣ।

# ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਨਹੀਂ ਦਿੱਤਾ ਜਾਏਗਾ ਨੋਬਲ ਪੁਰਸਕਾਰ

(ਸਫਾ 1 ਦੀ ਬਾਕੀ)

ਨੇ ਕਥਿਤ ਇਲਜ਼ਾਮਾਂ ਤੋਂ ਬਾਅਦ ਅਰਨਾਲਟ ਤੋਂ ਪੂਰੀ ਤਰ੍ਹਾਂ ਨਾਤਾ ਤੋੜ ਲਿਆ ਹੈ। ਇਸੇ ਵਿਵਾਦ ਕਾਰਨ ਹੀ ਇਸ ਸਾਲ ਦੇ ਨੋਬਲ ਪੁਰਸਕਾਰ ਰੋਕ ਦਿੱਤੇ ਗਏ ਹਨ।

### ਕਦੋਂ ਦਿੱਤਾ ਜਾਵੇਗਾ 2018 ਦਾ ਸਾਹਿਤ ਪੁਰਸਕਾਰ ?

ਅਕੈਡਮੀ ਨੇ ਕਿਹਾ ਕਿ 2018 ਦਾ ਸਾਹਿਤ ਪੁਰਸਕਾਰ ਅਗਲੇ ਸਾਲ 2019 ਵਿੱਚ ਦਿੱਤਾ ਜਾਵੇਗਾ, ਯਾਨੀ ਕਿ ਅਗਲੇ ਸਾਲ ਦੋ ਵਿਜੇਤਾ ਚੁਣੇ ਜਾਣਗੇ। ਨਾਲ ਹੀ ਇਹ ਵੀ ਕਿਹਾ ਕਿ ਬਾਕੀ ਦੇ ਨੋਬਲ ਪੁਰਸਕਾਰਾਂ ਤੇ ਇਸ ਦਾ ਕੋਈ ਅਸਰ ਨਹੀਂ ਪਏਗਾ। ਇਸ ਮੌਕੇ ਨੋਬਲ ਫਾਊਂਡੇਸ਼ਨ ਨੇ ਇਹ ਵੀ ਕਿਹਾ ਕਿ ਆਮ ਤੌਰ 'ਤੇ ਇਹ ਪੁਰਸਕਾਰ ਹਰ ਸਾਲ ਦਿੱਤੇ ਜਾਂਦੇ ਹਨ ਪਰ ਕੁਝ ਗੰਭੀਰ ਹਾਲਾਤ 'ਚ ਇਨ੍ਹਾਂ ਨੂੰ ਰੋਕ ਦਿੱਤਾ ਜਾਂਦਾ ਹੈ। ਇਸ ਸਾਲ ਪੁਰਸਕਾਰ ਨਾ ਦਿੱਤੇ ਜਾਣ ਦਾ ਫੈਸਲਾ ਇਹ ਦਿਖਾਉਂਦਾ ਹੈ ਕਿ ਸੰਸਥਾ ਇਸ ਮਾਮਲੇ ਪ੍ਰਤੀ ਕਿੰਨੀ ਗੰਭੀਰ ਹੈ। ਇਹ ਫੈਸਲਾ ਸੰਸਥਾ ਦਾ ਵੱਕਾਰ ਬਣਾਈ ਰੱਖਣ 'ਚ ਵੀ ਸਹਾਈ ਸਿੱਧ ਹੋਵੇਗਾ।





FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
DALVIR 'DIL' NIJJAR
Realtor, Lic # 01418648
RE/MAX



2081 Arena Blvd. @ 100 Sacramento CA 95835
916-628-2210
Dil.realtor@gmail.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ





**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 6 ਮਈ ਦਿਨ ਐਤਵਾਰ ਨੂੰ ਸਰਬੱਤ ਸਾਧ ਸੰਗਤ ਜੀ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ, ਜਿਸ ਵਿਚ ਮਿਤੀ 6 ਮਈ ਦਿਨ ਐਤਵਾਰ ਨੂੰ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ, ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਘਰ ਦੇ ਗਿਆਨੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਧੰਨ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਜੀਵਨ ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਪਿਟਸਬਰਗ ਵਿਖੇ ਤੀਆਂ ਦਾ ਮੇਲਾ 21 ਜੁਲਾਈ ਨੂੰ

**ਪਿਟਸਬਰਗ–** ਪੰਜਾਬੀ ਮਲਟੀਕਲਚਰਲ ਸੁਸਾਇਟੀ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਤੀਆਂ ਦਾ ਮੇਲਾ 21 ਜੁਲਾਈ 2018 ਦਿਨ ਸ਼ਨਿਚਰਵਾਰ ਨੂੰ ਮਨਾਇਆ ਜਾ ਰਿਹਾ ਹੈ। ਇਹ ਸਿਰਫ ਔਰਤਾਂ ਅਤ ਬੱਚਿਆਂ ਵਾਸਤੇ ਹੈ। ਮੇਲੇ ਵਿਚ ਐਂਟਰ ਫਰੀ ਹੋਵੇਗੀ। ਮੇਲੇ ਵਿਚ ਗਿੱਧਾ, ਭੰਗੜਾ, ਸਕਿੱਟ, ਸੌਂਗ ਡਾਂਸ ਆਦਿ ਪ੍ਰੋਗਰਾਮ ਹੋਣਗੇ। ਕੱਪੜੇ, ਮਹਿੰਦੀ, ਜਿਊਲਰੀ ਦੇ ਸਟਾਲ ਵੀ ਲਗਾਏ ਜਾਣਗੇ। ਸੰਸਥਾ ਵੱਲੋਂ ਮਦਰਜ਼ ਡੇਅ 19 ਮਈ ਦਿਨ ਸ਼ਨਿਚਰਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮੀ 6 ਵਜੇ ਤੱਕ ਜੌਹਨ ਹੈਨਰੀ ਜੌਹਨਸਨ ਪਾਰਕ, ਡਬਲਿਊ-ਲੀਲੈਂਡ, ਜੌਹਨ ਹੈਨਰੀ ਜੌਹਨਸਨ, ਪਾਰਕਵੇਅ ਵਿ ਮਨਾਇਆ ਜਾਵੇਗਾ। ਹੋਰ ਜਾਣਕਾਰੀ ਲਈ ਸੰਪਰਕ ਕਰੋ ਰੂਬੀ 925-550-1088, ਕਸ਼ਮੀਰ ਕੌਰ 925-329-9835, ਬਲਵੀਰ ਕੌਰ 915-864-3855 ਜਾਂ ਸੁਮਨ 925-219-5991, ਤੀਆਂ ਦੇ ਮੇਲੇ ਦਾ ਸਥਾਨ ਹੋਵੇਗਾ ਪਿਟਸਬਰਗ ਸੀਨੀਅਰ ਸੈਂਟਰ, 300 ਪ੍ਰੀਸਡੋ ਲੇਨ, ਪਿਟਸਬਰਗ (ਕੈਲੇਫੋਰਨੀਆ) 94565

# 12 ਅਤੇ 13 ਮਈ ਨੂੰ ਹੋਣ ਵਾਲੀ ਸਨਵਾਕੀਨ ਵਿਖੇ ਫੈਮਲੀ ਪਿਕਨਿਕ ਅਤੇ ਕਬੱਡੀ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਗੁਰੂ ਨਾਨਕ ਸਪੋਰਟਸ ਕਲੱਬ, ਸਨਵਾਕੀਨ ਅਤੇ ਕਰਮਨ ਦੇ ਸਮੂੰਹ ਮੈਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਕਰਮਨ ਵਿਖੇ ਹੋਈ। ਜਿਸ ਦੌਰਾਨ ਹਰ ਸਾਲ ਦੀ ਤਰ੍ਹਾਂ ਹੋਣ ਵਾਲੇ ਨੌਵੇ ਵਿਸਾਖੀ ਟੂਰਨਾਮੈਂਟ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ 'ਤੇ ਗੱਲਬਾਤ ਹੋਈ। ਇਹ ਟੂਰਨਾਮੈਂਟ ਹਰ ਸਾਲ ਦੀ ਤਰ੍ਹਾਂ ਸਨਵਾਕੀਨ ਸ਼ਹਿਰ ਦੇ ਸਕੂਲ ਦੀਆਂ ਗਰਾਊਡਾਂ ਵਿੱਚ ਹੋਵੇਗਾ। ਜੋ ਕਿ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਦੇ ਬਿਲਕੁਲ ਨਜ਼ਦੀਕ ਹੈ ਅਤੇ 'ਪੰਜਾਬ ਸਟਰੀਟ' ਤੋਂ ਇਕ ਪਾਸੇ 'ਤੇ ਹੈ। ਇਸ ਅਨੁਸਾਰ 12 ਮਈ, ਦਿਨ ਸ਼ਨੀਵਾਰ ਨੂੰ ਬੱਚਿਆ ਦੀ ਬਾਸਕਟ ਬਾਲ, ਵਾਲੀਬਾਲ, ਸ਼ਾਕਰ, ਕੁਸ਼ਤੀਆਂ, ਭਾਰ ਚੁੱਕਣਾ ਆਦਿਕ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਭਾਰਤੀ ਪ੍ਰਾਪਰਾਗਤ ਖੇਡਾਂ ਹੋਣਗੀਆਂ। ਇਸੇ ਦਿਨ ਪੰਜਾਬੀ ਫੈਮਲੀ ਪਿਕਨਿਕ ਵੀ ਹੋਵੇਗੀ। ਜਿਸ ਦੌਰਾਨ ਬੱਚਿਆਂ ਅਤੇ ਔਰਤਾਂ ਲਈ ਬਹੁਤ ਸਾਰੀਆਂ ਖੇਡਾ, ਵਧੀਆਂ ਪੁਸ਼ਾਕ ਮੁਕਾਬਲਾ, ਲੋਕ ਬੋਲੀਆਂ-ਗੀਤ ਮੁਕਾਬਲਾ ਅਤੇ ਗਿੱਧਾ-ਭੰਗੜਾ ਵੀ ਹਮੇਸਾ ਵਾਂਗ ਦੇਖਣ ਯੋਗ ਹੋਣਗੇ।



ਇਲਾਕੇ ਦੇ ਸਕੂਲਾਂ ਵਿੱਚ 4.0 ਗਰੇਡ ਜਾਂ ਵਧੀਕ ਵਾਲੇ ਬੱਚਿਆਂ ਨੂੰ ਨਕਦ ਇਨਾਮ ਅਤੇ ਟ੍ਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਦੇ ਦੂਸਰੇ ਦਿਨ 13 ਮਈ, ਦਿਨ ਐਤਵਾਰ ਨੂੰ ਪ੍ਰਮੁੱਖ ਤੌਰ 'ਤੇ ਬਾਕੀ ਖੇਡਾਂ ਤੋਂ ਇਲਾਵਾ ਉਪਨ ਕਬੱਡੀ ਅਤੇ ਅੰਡਰ 21 ਸਾਲ ਦੀ ਉਮਰ ਦੇ ਖਿਡਾਰੀਆਂ ਦੀ ਕਬੱਡੀ ਹੋਵੇਗੀ। ਇੰਨ੍ਹਾਂ ਮੈਚਾਂ ਵਿੱਚ ਹਿੱਸਾ ਲੈਣ ਲਈ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਪਹੁੰਚ ਰਹੇ ਹਨ। ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ। ਗੱਡੀਆਂ ਲਈ ਮੁਫਤ ਪਾਰਕਿੰਗ ਅਤੇ ਸੁਰੱਖਿਆ ਦੇ ਪ੍ਰਬੰਧ ਮਜ਼ਬੂਤ ਹੋਣਗੇ। ਔਰਤਾਂ ਅਤੇ ਬੱਚਿਆ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਹੋਣਗੇ। ਦੋਨੋ ਦਿਨ ਪ੍ਰੋਗਰਾਮ ਸਵੇਰੇ ਠੀਕ 10 ਵਜ਼ੇ ਸੂਰੂ ਹੋਣਗੇ। ਗੁਰੂ ਦਾ ਲੰਗਰ ਦੋਨੋ ਦਿਨ ਅਤੁੱਟ ਵਰਤੇਗਾ। ਪ੍ਰਬੰਧਕਾ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਨੂੰ ਦੋਨੋ ਦਿਨ ਹਾਜ਼ਰੀਆਂ ਭਰਨ, ਸਮੇਂ ਸਿਰ ਪਹੁੰਚਣ ਅਤੇ ਖੇਡਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਜਾਂਦੀ ਹੈ। ਸਮੁੱਚੇ ਪ੍ਰੋਗਰਾਮ ਦੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ। ਵਧੇਰੇ ਜਾਣਕਾਰੀ ਲਈ ਸ. ਮੋਹਨ ਸਿੰਘ ਬਧੇਸ਼ਾਂ ਨਾਲ ਫੋਨ (559) 248-6694 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਤਮ ਚਿੰਤਨ ਮੰਚ ਸੈਕਰਾਮੈਂਟੋ (ਕੈਲੇਫੋਰਨੀਆ) ਦੀ ਸਥਾਪਨਾ

**ਸੈਕਰਾਮੈਂਟੋ–** ਸੈਕਰਾਮੈਂਟੋ ਦੇ ਕੁਝ ਚਿੰਤਕਾਂ, ਬੁੱਧੀਜੀਵੀਆਂ ਅਤੇ ਗੁਰੂ ਘਰ ਦੇ ਪਿਆਰਿਆਂ ਨੇ ਪੰਜਾਬੀ ਸਮਾਜ ਵਿਚ ਆਈ ਖੜੋਤ ਅਤੇ ਫਜ਼ੂਲ ਦੇ ਰਸਮ-ਰਿਵਾਜ, ਜਿਸ ਵਿਚ ਮਹਿੰਗੇ ਵਿਆਹ ਅਤੇ ਮਹਿੰਗੇ ਭੋਗ ਸ਼ਾਮਲ ਹਨ, ਦੇ ਕੋਹੜ ਨੂੰ ਦੂਰ ਕਰਨ ਹਿਤ 'ਆਤਮ ਚਿੰਤਨ ਮੰਚ' ਦੀ ਸਥਾਪਨਾ ਕੀਤੀ ਹੈ। ਮੰਚ ਦੇ ਯਤਨਾਂ ਸਦਕਾ ਅਤੇ ਸੰਗਤ ਦੇ ਸਹਿਯੋਗ ਨਾਲ ਮਿ 6 ਮਈ 2018 ਨੂੰ ਗੁਰੂ ਘਰ ਦਸਮੇਸ਼ ਦਰਬਾਰ ਸੈਕਰਾਮੈਂਟੋ ਵਿਖੇ ਸੰਗਤਾਂ ਨੂੰ ਮੁਫਤ ਕਿਤਾਬਾਂ ਵੰਡੀਆਂ ਗਈਆਂ। ਕਿਤਾਬ ਦਾ ਸਿਰਲੇਖ 'ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ' ਹੈ, ਜਿਸ ਵਿਚ ਬੁੱਧੀਜੀਵੀਆਂ, ਸਮਾਜ ਵਿਗਿਆਨੀਆਂ, ਡਾਕਟਰਾਂ, ਪ੍ਰੋਫੈਸਰਾਂ ਅਤੇ ਪ੍ਰਸ਼ਾਸਕੀ ਪ੍ਰਬੰਧਕਾਂ ਦੇ ਵਡਮੁੱਲੇ ਵਿਚਾਰ ਹਨ, ਜਿਹਨਾਂ ਨੇ ਇਹਨਾਂ ਖਰਚੀਲੇ ਸਮਾਗਮਾਂ ਤੋਂ ਬਚਣ ਦੇ ਸਾਰਥਕ ਉਪਾਅ ਤਾਂ ਦੱਸੇ ਹਨ। ਗੁਰੂ ਘਰ ਵਿਖੇ ਸਮੂਹ ਸਾਧ ਸੰਗਤ ਨੇ ਉਤਸ਼ਾਹ ਪੂਰਵਕ ਸਹਿਯੋਗ ਦਿੱਤਾ ਹੈ। ਭਵਿੱਖ ਵਿਚ ਵੀ ਇਸ ਕਾਰਜ ਨੂੰ ਕੈਲੇਫੋਰਨੀਆ ਦੇ ਗੁਰੂ ਘਰਾਂ ਵਿਚ ਅਤੇ ਘਰ-ਘਰ ਜਾ ਕੇ ਵੀ ਲੋਕਾਂ ਨੂੰ ਇਸ ਕਾਰਜ ਸਬੰਧੀ ਜਾਗਰੂਕ ਕਰਨ ਦਾ ਮੰਚ ਵੱਲੋਂ ਉਪਰਾਲਾ ਕੀਤਾ ਜਾਵੇਗਾ। ਇਹਨਾਂ ਯਤਨਾਂ ਵਿਚ ਮਾਈ ਭਾਗੋ ਇਸਤਰੀ ਸੰਘ ਦੀ ਬੀਬੀ ਗੁਰਮੇਲ ਕੌਰ ਗਿੱਲ ਅਤੇ ਬੀਬੀ ਮਹਿੰਦਰ ਕੌਰ ਨੇ ਵੀ ਪੂਰਨ ਸਹਿਯੋਗ ਦਿੱਤਾ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 295ਵਾਂ ਜਨਮ ਦਿਹਾੜਾ ਵਿਸ਼ਵਕਰਮਾ ਮੰਦਰ ਬੰਗਾ ਰੋਡ ਵਿਖੇ ਮਨਾਇਆ

**ਫਗਵਾੜਾ (ਰੱਤੂ)–** ਸ੍ਰੀ ਵਿਸ਼ਵਕਰਮਾ ਧੀਮਾਨ ਸਭਾ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ ਦੀ ਅਗਵਾਈ ਹੇਠ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 295 ਵਾਂ ਜਨਮ ਦਿਹਾੜਾ ਸ੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ ਫਗਵਾੜਾ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਹਵਨ ਯੱਗ ਉਪਰੰਤ ਰਮੇਸ਼ ਧੀਮਾਨ, ਇਕਬਾਲ ਸਿੰਘ ਕੁੰਦੀ ਅਤੇ ਸੁਰਜੀਤ ਸਿੰਘ ਬਿਲਖੂ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਦੌਰਾਨ ਸ੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ ਵਲੋਂ ਹੱਡੀਆਂ, ਦੰਦਾਂ, ਫਿਜੀਓਥਰੈਪੀ ਅਤੇ ਜਨਰਲ ਬਿਮਾਰੀਆਂ ਨਾਲ ਸਬੰਧਤ ਕਰੀਬ 1500 ਮਰੀਜਾਂ ਦਾ ਕੈਂਪ ਲਗਾ ਕੇ ਫਰੀ ਚੈਕਅਪ ਕੀਤਾ ਗਿਆ। ਇਸ ਤੋਂ ਇਲਾਵਾ ਅੱਖਾਂ ਦਾ ਫਰੀ ਚੈਕਅਪ ਅਤੇ ਆਪ੍ਰੇਸ਼ਨ ਕੈਂਪ ਲਗਾ ਕੇ 40 ਮਰੀਜਾਂ ਦੀਆਂ ਅੱਖਾਂ ਦੇ ਫਰੀ ਆਪ੍ਰੇਸ਼ਨ ਕਰਕੇ ਲੈਂਜ ਪਾਏ ਗਏ। ਸਮਾਗਮ ਦੌਰਾਨ ਅਮਰ ਮੈਨੂਫੈਕਚਰਿੰਗ ਕੰਪਨੀ ਵਲੋਂ ਇਕ ਵੱਡਾ ਫਰੀਜਰ ਅਤੇ ਬਰਤਨ ਧੋਣ ਲਈ ਸਟੀਲ ਦੇ ਵਾਸ਼ ਬੇਸਿਨ ਮੰਦਰ ਨੂੰ ਭੇਟ ਕੀਤੇ ਗਏ। ਸਭਾ ਦੇ ਪ੍ਰਧਾਨ ਸ੍ਰੀ ਬਲਵੰਤ ਰਾਏ ਧੀਮਾਨ ਨੇ ਸਮੂਹ ਹਾਜਰੀਨ ਨੂੰ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮਹਾਨ ਜਰਨੈਲ ਸਨ ਜਿਹਨਾਂ ਦਾ



ਨਾਮ ਦੇਸ਼ ਅਤੇ ਖਾਸ ਤੌਰ ਤੇ ਸਿੱਖ ਰਾਜ ਦੇ ਇਤਿਹਾਸ ਵਿਚ ਸੁਨਿਹਰੇ ਅੱਖਰਾਂ ਵਿਚ ਹਮੇਸ਼ਾ ਦਰਜ ਰਹੇਗਾ। ਉਹਨਾਂ ਮੰਦਰ ਅਤੇ ਚੈਰੀਟੇਬਲ ਹਸਪਤਾਲ ਟਰੱਸਟ ਵਿਖੇ ਚਲ ਰਹੇ ਲੋਕ ਭਲਾਈ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੌਰਾਨ ਸ੍ਰੀ ਵਿਸ਼ਵਕਰਮਾ ਕੰਪਿਊਟਰ ਇੰਸਟੀਚਿਊਟ ਦੇ ਬੱਚਿਆਂ ਨੂੰ ਕੰਪਿਊਟਰ ਕੋਰਸ ਪੂਰਾ ਹੋਣ ਤੇ ਸਰਟੀਫਿਕੇਟ ਵੰਡੇ ਗਏ। ਪਹਿਲਾ ਸਥਾਨ ਹਾਸਲ ਕਰਨ ਲਈ ਜਸਪ੍ਰੀਤ ਕੌਰ, ਦੂਸਰੇ ਸਥਾਨ ਤੇ ਰਹੀ ਚੇਤਨਾ ਅਤੇ ਤੀਸਰਾ ਸਥਾਨ ਹਾਸਲ ਕਰਨ ਤੇ ਹਿਮਾਂਸ਼ੂ ਸਹੋਤਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਚਾਹ ਪਕੌੜਿਆਂ ਦੀ ਸੇਵਾ ਅਤੇ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਪਾਲ ਧੀਮਾਨ, ਜਨਰਲ ਸਕੱਤਰ ਰਜਿੰਦਰ ਸਿੰਘ ਰੂਪਰਾਏ, ਕੈਸ਼ੀਅਰ ਵਿਕਰਮਜੀਤ ਚੱਗਰ, ਬਖਸ਼ੀਸ਼ ਰਾਮ ਧੀਮਾਨ, ਅਮਰੀਕ ਸਿੰਘ ਲਾਲ, ਜਸਪਾਲ ਸਿੰਘ ਲਾਲ, ਬਲਵੀਰ ਰਾਏ ਧੀਮਾਨ, ਰਵਿੰਦਰ ਸਿੰਘ ਲਾਲ, ਮੁਕੇਸ਼ ਕਲਸੀ, ਤਰਲੋਕ ਸਿੰਘ ਭੋਗਲ, ਅਮਰਜੀਤ ਧੀਮਾਨ, ਅਸ਼ੋਕ ਧੀਮਾਨ, ਸੁਖਜੀਤ ਸਿੰਘ ਲਾਲ ਤੋਂ ਇਲਾਵਾ ਰਾਇਲ ਹੋਮਿਓਪੈਥਿਕ ਕਲੱਬ ਦੇ ਡਾਕਟਰਾਂ ਦੀ ਟੀਮ ਤੇ ਹੋਰ ਪਤਵੰਤੇ ਹਾਜਰ ਸਨ।


ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਵਿਪਸਾਅ ਵਲੋਂ 'ਲਾਜ ਸੈਣੀ' ਸਦਾ ਜੀਵਤ ਸ਼ਖਸੀਅਤ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ

**ਨਿਊਆਰਕ (ਬਿਊਰੋ)–** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆਂ ਵੱਲੋਂ ਬੀਤੇ ਦਿਨੀ ਨਿਊਆਰਕ ਦੇ ਮਹਿਰਾਨ ਰੈਸਟੋਰੈਂਟ ਵਿਚ ਇਕ ਸਾਹਿਤਕ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਦਾ ਪਹਿਲਾ ਸੈਸ਼ਨ ਲਾਜ ਸੈਣੀ ਸਦਾ-ਜੀਵਤ ਸ਼ਖਸੀਅਤ ਨੂੰ ਅਰਪਿਤ ਕੀਤਾ ਗਿਆ। ਇਕ ਮਿੰਟ ਦੀ ਖਾਮੋਸ਼ੀ ਵਿਚ ਉਹਨਾ ਦੀ ਆਤਮਾ ਦੇ ਸਦੀਵੀ ਸਕੂਨ ਲਈ ਹਾਜਰ ਲੇਖਕਾਂ ਵੱਲੋਂ ਅਰਦਾਸ ਕੀਤੀ ਗਈ।

ਵਿਪਸਾ ਦੇ ਪ੍ਰਧਾਨ ਪ੍ਰੋ. ਸੁਖਵਿੰਦਰ ਕੰਬੋਜ ਨੇ ਇਸ ਬੈਠਕ ਦੀ ਪ੍ਰਧਾਨਗੀ ਡਾ. ਰਾਜ ਕੁਮਾਰ ਹੰਸ ਅਤੇ ਅਕੈਡਮੀ ਦੇ ਮੀਤ ਪ੍ਰਧਾਨ ਸੁਰਿੰਦਰ ਸੀਰਤ ਜੀ ਨੂੰ ਸੌਂਪਦਿਆਂ ਸੈਸ਼ਨ ਦਾ ਆਰੰਭ ਕੀਤਾ। ਪ੍ਰੋ.ਸੁਰਿੰਦਰ ਸਿੰਘ ਸੀਰਤ ਨੇ ਲਾਜ ਸੈਣੀ ਅਤੇ ਉਹਨਾ ਦੀ ਪਵਿੱਤਰ ਆਤਮਾ ਸਬੰਧੀ ਇਕ ਨਿਬੰਧ ਪੜ੍ਹਿਆ। ਜਗਤਾਰ ਗਿੱਲ ਨੇ ਨੀਲਮ ਸੈਣੀ ਨੂੰ ਸੰਬੋਧਨ ਕਰਦਿਆਂ, ਲਾਜ ਸੈਣੀ ਦੇ ਵਿਛੋੜੇ ਨੂੰ ਸਹਾਰਨ ਉਤੇ ਆਪਣੇ ਨਿੱਜ ਨੂੰ ਸੁਸ਼ਕਤ ਰਹਿਣ ਲਈ ਪ੍ਰੇਰਿਆ। ਇਸ ਸੈਸ਼ਨ ਵਿਚ ਗੁਲਸ਼ਨ ਦਿਆਲ ਨੇ ਆਪਣੀਆਂ ਸਿਮਰਤੀਆਂ ਦੇ ਨਾਲ ਕੈਨੇਡਾ ਤੋਂ ਸੁਰਜੀਤ ਕੌਰ ਵੱਲੋਂ ਭੇਜੀ ਇਕ ਅਨੁਭਵੀ ਸਾਝ ਅਤੇ ਨੀਲਮ ਸੈਣੀ ਨਾਲ ਇਕ ਵੱਡੀ ਭੈਣ ਜਿਹੇ ਸਰੋਕਾਰਾਂ ਨਾਲ ਹੌਸਲਾ ਅਫਜਾਈ ਜਿਹੇ ਸੁਨੇਹੇ ਨੂੰ ਪੜ੍ਹ ਕੇ ਸੁਣ-ਾਇਆ। ਅਮਰਜੀਤ ਪਨੂੰ ਨੇ ਨਿਹਾਇਤ ਸੰਜੀਦਾ ਸਿਮਰਤੀਆਂ ਵਿਚੋਂ ਲੰਘਦਿਆਂ ਹੋਇਆਂ ਲਾਜ -ਨੀਲਮ ਦੇ ਵਿਛੋੜੇ ਪ੍ਰਤੀ ਸਹਿਨਸ਼ੀਲਤਾ ਅਤੇ ਸਦਭਾਵਨਾ ਦਾ ਅਹਿਸਾਸ ਜਾਗਰਿਤ ਕੀਤਾ। ਉਸ ਉਪਰੰਤ ਕਮਲ ਦੇਵ ਪਾਲ, ਸੁਖਵਿੰਦਰ ਕੰਬੋਜ, ਤਾਰਾ ਸਾਗਰ ਅਤੇ ਡਾ. ਰਾਜ ਕੁਮਾਰ ਹੰਸ ਨੇ ਵੀ ਹਾਜਰੀ ਲਗਵਾਈ। ਸੁਖਵਿੰਦਰ ਕੰਬੋਜ ਨੇ ਲਾਜ ਸੈਣੀ ਦੀ ਪ੍ਰਤਿਭਾਸ਼ਾਲੀ ਅਭਿਵਿਅਕਤੀ ਸਬੰਧੀ ਇਨ੍ਹਾਂ ਸ਼ਬਦਾ ਨੂੰ ਇਕ ਕਿਤਾਬੀ ਰੂਪ ਦਿੱਤੇ ਜਾਣ ਦੀ ਸਲਾਹ ਦਿੱਤੀ। ਨੀਲਮ ਸੈਣੀ ਨੇ ਵਿਪਸਾਅ ਦਾ ਧੰਨਵਾਦ ਕਰਦਿਆਂ ਆਪਣੇ ਸਾਥੀ ਸਾਹਿਤਕਾਰਾਂ ਨੂੰ ਇਹ ਵਿਸ਼ਵਾਸ ਦਵਾਇਆ ਕਿ ਉਹ ਲਾਜ ਸੈਣੀ ਦੇ ਪਿਆਰ ਦੀ ਮਹਿਕ ਨੂੰ ਆਪਣੇ ਸ਼ਬਦਾਂ ਰਾਹੀਂ ਘਰ-ਘਰ ਵਿਚ ਪਹੁੰਚਾਵੇਗੀ। ਉਹ ਲਾਜ ਦੇ ਅਧੂਰੇ ਰਹਿ ਗਏ ਹਰ ਸੁਪਨੇ ਨੂੰ ਪੂਰਾ ਕਰਨ ਲਈ ਹਰ ਵਾਹ ਲਾਵੇਗੀ।

ਸਾਹਤਿਕ ਬੈਠਕ ਦੇ ਦੂਜੇ ਸੈਸ਼ਨ ਵਿਚ ਤਾਰਾ ਸਾਗਰ ਦੀ ਕਹਾਣੀ 'ਵਸੀਅਤ' ਉਪਰ ਆਲੋਚਨਾਤਮਕ ਸੰਵਾਦ ਰਚਾਇਆ ਗਿਆ ਜਿਸ ਵਿਚ ਅਮਰਜੀਤ ਪਨੂੰ, ਕਮਲਦੇਵ ਪਾਲ, ਗੁਲਸ਼ਨ ਦਿਆਲ, ਸੁਰਿੰਦਰ ਸੀਰਤ ਆਦਿ ਨੇ ਭਖਵੀਂ ਆਲੋਚਨਾ ਕੀਤੀ। ਕਹਾਣੀ ਦੇ ਸਹੁਜਪੂਰਵਕ ਯਥਾਰਥ ਨੂੰ ਸਾਹਮਣੇ ਲਿਆਉਦਿਆਂ, ਉਸ ਦੀ ਬਣਤਰ ਅਤੇ ਸੋਚ ਲਈ ਤਾਰਾ ਸਾਗਰ ਦੀ ਸਮੂਹਿਕ ਤੌਰ ਤੇ ਸ਼ਲਾਘਾ ਕੀਤੀ।

ਬੜੋਦਾ ਯੂਨੀਵਰਸਿਟੀ ਰਟਾਇਰ ਪ੍ਰੋਫੈਸਰ ਡਾ. ਰਾਜ ਕੁਮਾਰ ਹੰਸ ਨੇ ਪੰਜਾਬੀ ਸਾਹਿਤ ਵਿਚ ਦਲਿਤ ਸਾਹਿਤ ਦੇ ਇਤਿਹਾਸ ਪ੍ਰਤੀ ਚਾਨਣਾ ਪਾਇਆ। ਉਹਨਾ ਨੇ ਜਿਸ ਢੰਗ ਨਾਲ ਇਤਿਹਾਸ ਨੂੰ ਫਰੋਲਿਆ ਉਹ ਬੜਾ ਹੀ ਮਹੱਤਵ ਪੂਰਨ ਸੀ।

ਇਸ ਬੈਠਕ ਦੀ ਇਕ ਹੋਰ ਪ੍ਰਾਪਤੀ ਵਰ੍ਹਿਆਂ ਤੋਂ ਬੀਮਾਰੀ ਅਤੇ ਜ਼ਿੰਦਗੀ ਨਾਲ ਜਦੋ-ਜਹਿਦ ਕਰ ਰਹੇ ਉੱਘੇ ਸਾਹਿਤਕਾਰ ਅਤੇ ਸਾਇੰਸਦਾਨ ਸੁਖਪਾਲ ਸੰਘੇੜਾ ਵੀ ਸ਼ਾਮਿਲ ਹੋਏ। ਉਹ ਆਪਣੇ ਪੰਜ ਵਰ੍ਹਿਆਂ ਦੀ ਚੁੱਪ ਮਗਰੋਂ ਹੁਣ ਸਨਮੁਖ ਹਨ ਅਤੇ ਹਰ ਸਾਹਿਤਕ ਬੈਠਕ ਵਿਚ ਸ਼ਾਮਿਲ ਹੋਣ ਲਈ ਬਚਨ-ਬੱਧ ਹਨ।

ਅੰਤ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਗੁਰਦੀਪ ਸਿੰਘ, ਕੁਲਵਿੰਦਰ, ਤਾਰਾ ਸਾਗਰ, ਕਮਲਦੇਵ ਪਾਲ, ਅਮਰਜੀਤ ਪਨੂੰ, ਅਮਰਜੀਤ ਜੋਹਲ, ਹਜੂਰਾ ਸਿੰਘ, ਸੁਰਿੰਦਰ ਸੀਰਤ, ਗੁਲਸ਼ਨ ਦਿਆਲ, ਨੀਲਮ ਸੈਣੀ, ਅਤੇ ਸੁਖਵਿੰਦਰ ਕੰਬੋਜ ਨੇ ਹਿੱਸਾ ਲਿਆ। ਸਟਾਕਟਨ ਤੋਂ ਆਏ ਪ੍ਰਿੰਸੀਪਲ ਹਰਨੇਕ ਸਿੰਘ ਨੇ ਇਕ ਮਿੰਨੀ ਕਹਾਣੀ ਦਾ ਪਾਠ ਕਰਕੇ ਬੈਠਕ ਨੂੰ ਹੋਰ ਵੀ ਸੁਨਿਹਰਾ ਬਣਾ ਦਿੱਤਾ।



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਵਿਖੇ 15, 16, 17 ਮਈ ਦੇ ਪ੍ਰੋਗਰਾਮ



ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪੰਥ ਦੇ ਮਹਾਨ ਪ੍ਰਚਾਰਕ, ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ ਵਿਖੇ 15, 16, 17 ਮਈ ਸ਼ਾਮ ਦੇ ਦੀਵਾਨਾਂ ਵਿਚ 7 ਵਜੇ ਤੋਂ ਲੈ ਕੇ 8.15 ਵਜੇ ਤੱਕ ਕਥਾ ਸੇਵਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਜੀ। ਸਾਧ ਸੰਗਤ ਜੀ ਪਰਿਵਾਰਾਂ ਸਮੇਤ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਸੀਟੇਕ ਸਿਟੀ ਦੇ ਪਲਾਨਿੰਗ ਕਮਿਸ਼ਨ ਦੇ ਚੇਅਰਮੈਨ ਤੇਜਵੀਰ ਸਿੰਘ ਬਸਰਾ ਨਿਯੁਕਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਹਵਾਈ ਜਹਾਜ਼ ਅੱਡੇ ਦੇ ਆਲੇ-ਦੁਆਲੇ ਸ਼ਹਿਰ ਸੀਟੇਕ ਦੇ ਪਲਾਨਿੰਗ ਕਮਿਸ਼ਨ ਦੇ ਚੇਅਰਮੈਨ ਪੰਜਾਬੀ ਮੂਲ ਦੇ ਨੌਜਵਾਨ ਤੇਜਵੀਰ ਸਿੰਘ ਬਸਰਾ ਨੂੰ ਨਿਯੁਕਤ ਕੀਤਾ ਗਿਆ, ਜਿਸ ਦੀ ਪੰਜਾਬੀ ਭਾਈਚਾਰੇ ਵੱਲੋਂ ਖੁਸ਼ੀ ਮਨਾਈ ਅਤੇ ਤੇਜਵੀਰ ਸਿੰਘ ਤੇ ਉਹਨਾਂ ਦੇ ਪਿਤਾ ਜੈਗ ਬਸਰਾ ਨੂੰ ਵਧਾਈਆਂ ਦਿੱਤੀਆਂ।

26 ਸਾਲਾ ਨੌਜਵਾਨ ਤੇਜਵੀਰ ਸਿੰਘ ਬਸਰਾ ਕੋਰਨਿਲ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਆਪਣੇ ਪਿਤਾ ਨਾਲ ਕਾਰੋਬਾਰ ਵਿਚ ਮਦਦ ਕਰਨ ਲੱਗੇ, ਜੋ ਪਹਿਲਾਂ ਪਲਾਨਿੰਗ ਕਮਿਸ਼ਨ ਦੇ ਮੈਂਬਰ ਰਹੇ, ਜਿਹਨਾਂ ਨੂੰ ਸਰਬ ਸੰਮਤੀ ਨਾਲ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।

ਤੇਜਵੀਰ ਸਿੰਘ ਬਸਰਾ ਨੇ ਦੱਸਿਆ ਕਿ 2017 ਵਿਚ ਪਿਛਲੇ ਸਾਲ 47 ਮਿਲੀਅਨ ਯਾਤਰੀਆਂ ਨੇ ਸੀਟੇਕ ਏਅਰਪੋਰਟ ਰਾਹੀਂ ਯਾਤਰਾ ਕੀਤੀ, ਜਿਸ ਨੂੰ ਨੌਰਥ ਅਮਰੀਕਾ ਦਾ ਸਭ ਤੋਂ ਵੱਧ ਤੇਜ਼ੀ ਨਾਲ ਵੱਧ ਫੁੱਲ ਰਿਹਾ ਹਵਾਈ ਅੱਡਾ ਦੱਸਿਆ। ਬਸਰਾ ਨੇ ਦੱਸਿਆ ਕਿ ਐਮੇਜ਼ੌਨ, ਮਾਈਕ੍ਰੋਸਾਫਟ, ਸਟਾਰਬੱਕ, ਕਾਸਕੋ, ਨੌਦਰਸਰੱਮ ਸਟੋਰ, ਅਲਾਸਕਾ ਏਅਰ ਪੋਰਟ ਆਦਿ ਦੇ ਸਿਆਟਲ ਵਿਚ ਹੈਡਕੁਆਰਟਰ ਹੋਣ ਕਰਕੇ ਨੌਕਰੀਆਂ ਤੇ ਕਾਰੋਬਾਰ ਵੱਧ ਫੁੱਲ ਰਹੇ ਹਨ ਅ ਤੇ ਵਸੋਂ ਵਿਚ ਵਾਧਾ ਹੋ ਰਿਹਾ ਹੈ।

ਤੇਜਵੀਰ ਸਿੰਘ ਬਸਰਾ ਨੂੰ ਪਲਾਨਿੰਗ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਹੋਣ 'ਤੇ ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਸੋਹਲ, ਕੁਲਵੰਤ ਸਿੰਘ ਸ਼ਾਹ, ਪਰਮਿੰਦਰ ਸਿੰਘ ਭੱਟੀ, ਉਂਕਾਰ ਸਿੰਘ ਭੰਡਾਲ ਤੇ ਅਮਨ ਭੱਟੀ ਤੋਂ ਇਲਾਵਾ ਪੰਜਾਬੀ ਭਾਈਚਾਰੇ ਵੱਲੋਂ ਖੁਸ਼ੀ ਮਨਾਈ ਤੇ ਵਧਾਈਆਂ ਦਿੱਤੀਆਂ।

# ਸਿਆਟਲ ਦੇ ਪ੍ਰਸਿੱਧ ਭੰਗੜਾ ਕੋਚ ਹਰਮੀਤ ਸਿੰਘ ਧਾਲੀਵਾਲ ਨੂੰ ਸਦਮਾ, ਪਿਤਾ ਦਾ ਸਵਰਗਵਾਸ

**ਸਿਆਟਲ (ਹਰਮਨਪ੍ਰੀਤ ਸਿੰਘ)–**ਸਿਆਟਲ ਦੇ ਪੰਜਾਬੀ ਭਾਈਚਾਰੇ ਵਿਚ ਪ੍ਰਸਿੱਧ ਤੇ ਏ.ਬੀ.ਸੀ. ਭੰਗੜਾ ਟੀਮ ਦੇ ਭੰਗੜਾ ਕੋਚ ਹਰਮੀਤ ਸਿੰਘ ਧਾਲੀਵਾਲ ਦੇ ਸਤਿਕਾਰਯੋਗ ਪਿਤਾ ਰਵੀਇੰਦਰ ਸਿੰਘ ਧਾਲੀਵਾਲ (58) ਦਾ ਸੰਖੇਪ ਬਿਮਾਰੀ ਤੋਂ ਬਾਅਦ ਅੱਜ ਦਿਹਾਂਤ ਹੋ ਗਿਆ । ਉਹ ਆਪਣੇ ਪਿੱਛੇ ਇਕ ਪੁੱਤਰ ਤੇ ਪੁੱਤਰੀ ਹਰਜੋਤ ਕੌਰ ਧਾਲੀਵਾਲ ਤੇ ਪਤਨੀ ਛੱਡ ਗਏ। ਉਕਤ ਪਰਿਵਾਰ ਪੰਜਾਬੀ ਭਾਈਚਾਰੇ ਵਿਚ ਬਹੁਤ ਸਤਿਕਾਰਤ ਪਰਿਵਾਰ ਹੈ । ਰਵੀਇੰਦਰ ਸਿੰਘ ਧਾਲੀਵਾਲ ਦਾ ਅੰਤਿਮ ਸੰਸਕਾਰ 6 ਮਈ ਐਤਵਾਰ ਨੂੰ ਕੈਂਟ ਸਿਟੀ ਦੇ ਸੈਂਟਰਲ ਐਵਨਿਊ ਦੇ ਫਿਊਨਲ ਹੋਮ ਵਿਖੇ 11.30 ਤੋਂ 2 ਵਜੇ ਤੱਕ ਹੋਵੇਗਾ । ਅੰਤਿਮ ਅਰਦਾਸ ਦੁਪਹਿਰ 2 ਵਜੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਹੋਵੇਗੀ ।



ਰਵੀਇੰਦਰ ਸਿੰਘ ਦੀ ਬੇਵਕਤੀ ਮੌਤ 'ਤੇ ਸਿਆਟਲ ਦੀਆਂ ਪ੍ਰਮੁੱਖ ਸ਼ਖਸੀਅਤਾਂ ਜਿਨ੍ਹਾਂ ਵਿਚ ਅਕਾਲੀ ਦਲ ਦੇ ਪ੍ਰਧਾਨ ਚੇਤ ਸਿੰਘ ਸਿੱਧੂ, ਸੁੱਖੀ ਰੱਖੜਾ, ਯੂਥ ਅਕਾਲੀ ਦਲ ਦੇ ਪ੍ਰਧਾਨ ਗੁਰਵਿੰਦਰ ਸਿੰਘ ਮੁੱਲਾਪੁਰੀ, ਗੁਰਦੁਆਰਾ ਸਿੰਘ ਸਭਾ ਰੈਂਟਨ ਦੇ ਪ੍ਰਧਾਨ ਜਗਮੋਹਰ ਸਿੰਘ ਵਿਰਕ, ਗੁਰਦੁਆਰਾ ਬੋਥਲ ਦੇ ਪ੍ਰਧਾਨ ਗੁਰਮੇਲ ਸਿੰਘ ਗਿੱਲ, ਅਵਤਾਰ ਸਿੰਘ ਆਦਮਪੁਰੀ, ਗੁਰਲਾਲ ਸਿੰਘ ਬਰਾੜ ਅਤੇ ਕਮਲ ਧਾਲੀਵਾਲ ਆਦਿ ਨੇ ਧਾਲੀਵਾਲ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ ਹੋਏ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉਭੀ ਧਾਲੀਆਂ):** 'ਗੁਰਦੁਆਰਾ ਸਿੰਘ ਸਭਾ' ਫਰਿਜ਼ਨੋ ਵਿਖੇ ਇਲਾਕੇ ਦੀ ਸਮੂੰਹ ਸੰਗਤ ਨੇ ਹਰ ਸਾਲ ਦੀ ਤਰ੍ਹਾਂ ਅਠਾਰਵੀ ਸਦੀ ਦੇ ਮਹਾਨ ਜਰਨੈਲ ਸਿੱਖ ਆਗੂ ਅਤੇ ਰਾਮਗੜ੍ਹੀਆ ਮਿਸ਼ਲ ਦੇ ਸੰਸਥਾਪਕ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਨ ਮਨਾਇਆ। ਇਸ ਸਮਾਗਮ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ੇਸ਼ ਸਮਾਗਮ ਹੋਏ। ਜਿੰਨਾਂ ਵਿੱਚ ਗੁਰੂਘਰ ਦੇ ਮੁੱਖ ਭਾਈ ਸਰਬਜੀਤ ਸਿੰਘ ਦੇ ਕੀਰਤਨੀ ਜੱਥੇ ਨੇ ਹਾਜ਼ਰੀ ਭਰੀ। ਉਪਰੰਤ ਪ੍ਰਸਿੱਧ ਕਥਾ-ਵਾਚਕ ਭਾਈ ਮਲਕੀਤ ਸਿੰਘ ਕਰਨਾਲ ਵਾਲਿਆ ਨੇ ਜੱਸਾ ਸਿੰਘ ਰਾਮਗੜ੍ਹੀਆ ਦੀ ਜ਼ਿੰਦਗੀ ਅਤੇ ਸਿੱਖ ਧਰਮ ਨੂੰ ਦੇਣ ਪ੍ਰਤੀ ਵਿਚਾਰਾ ਸਾਂਝੀਆਂ ਕੀਤੀਆਂ। ਜਦਕਿ ਬੋਲਦੇ ਹੋਏ ਸ. ਗੁਰਪ੍ਰੀਤ ਸਿੰਘ ਮਾਨ ਨੇ ਮਹਾਰਾਜਾ ਜੱਸਾ ਸਿੰਘ ਨੂੰ ਸਾਂਝੀਵਾਰਤਾ ਦਾ ਸੰਦੇਸ਼ ਦੇਣ ਵਾਲਾ ਮਹਾਨ ਜਰਨੈਲ ਐਲਾਨਿਆ। ਇਸੇ ਸਮੇਂ ਬੀਬੀ ਕੁਲਵੰਤ ਕੌਰ ਨੇ ਧਾਰਮਿਕ ਗੀਤ ਗਾਏ, ਮਿੰਨੀ ਕੌਰ ਹੰਸਪਾਲ ਨੇ ਰਾਮਗੜ੍ਹੀਆ ਮਿਸ਼ਲ ਬਾਰੇ ਇਤਿਹਾ-ਸਕਤਾ ਦੀ ਗੱਲ ਕੀਤੀ ਅਤੇ ਇਸ ਤੋਂ ਇਲਾਵਾ ਹੋਰ ਬੁਲਾਰਿਆਂ ਨੇ ਵੀ ਵਿਚਾਰਾ ਦੀ ਸਾਂਝ ਪਾਈ। ਸਮਾਗਮ ਦੇ ਅੰਤ ਵਿੱਚ ਸ. ਰੇਸ਼ਮ ਸਿੰਘ ਧੰਜ਼ਨ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ।



# ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜ਼ਨੋ ਵੱਲੋਂ ਸੱਭਿਆਚਾਰਕ ਮੇਲਾ 26 ਮਈ ਨੂੰ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜ਼ਨੋ ਵੱਲੋ ਪੰਜਾਬੀ ਸੱਭਿਚਾਰਕ ਮੇਲਾ ਰੀਜਨਲ ਸਪੋਰਟਸ ਕੰਪਲਿਕਸ ਫਰਿਜ਼ਨੋ ਵਿਖੇ 26 ਮਈ ਦੁਪਹਿਰ 1 ਤੋਂ ਸ਼ਾਮ 5 ਵਜੇ ਦਰਮਿਆਨ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ "ਕੁਲਵਿੰਦਰ ਬਿੱਲਾ", "ਨਿਮਰਤ ਖਹਿਰਾ", "ਰਾਜਵੀਰ ਜਵੰਦਾ" ਆਦਿ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਕਲਾਕਾਰ ਪਹੁੰਚ ਰਹੇ ਹਨ। ਇਸ ਮੇਲੇ ਦੌਰਾਨ ਪੰਜਾਬੀ ਗੱਭਰੂ ਤੇ ਮੁਟਿਆਰਾਂ ਗਿੱਧੇ ਅਤੇ ਭੰਗੜੇ ਦੇ ਜੌਹਰ ਵੀ ਵਿਖਾਉਣਗੇ। ਟਿਕਟ ਸਿਰਫ ਦਸ ਡਾਲਰ। ਵਧੇਰੇ ਜਾਣਕਾਰੀ ਲਈ ਸੰਪਰਕ ਸੁਖਬੀਰ ਭੰਡਾਲ 559-241-9553 ਸਟੇਜ ਸੰਚਾਲਨ ਆਸ਼ਾ ਸ਼ਰਮਾ ਜੀ ਕਰਨਗੇ।

# ਅਜ਼ਾਦ ਕਲੱਬ ਫਰਿਜ਼ਨੋ ਵੱਲੋਂ ਪੰਜਾਬੀ ਵਿਰਸਾ 20 ਮਈ ਨੂੰ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਸਥਾਨਿਕ ਅਜ਼ਾਦ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਵਾਰਸ ਭਰਾਵਾਂ ਦਾ "ਪੰਜਾਬੀ ਵਿਰਸਾ 2018" ਮੇਲਾ ਮਈ 20 ਦਿਨ ਐਂਤਵਾਰ ਦੁਪਹਿਰ 1 ਸ਼ਾਮੀਂ 6 ਵਜੇ ਦਰਮਿਆਨ ਰੋਡਿੰਗ ਪਾਰਕ ਫਰਿਜ਼ਨੋ ਵਿਖੇ ਕਰਵਾਇਆ ਜਾ ਰਿਹਾ ਹੈ।ਪਾਰਕ ਦਾ ਪਤਾ 890 W Belmont Ave Fresno ca. ਸਟੇਜ਼ ਸੰਚਾਲਨ ਉੱਘੇ ਸ਼ਾਇਰ ਮੰਗਲ ਹਠੂਰ ਕਰਨਗੇ ਅਤੇ ਉਹਨਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ।

# ਸਿਆਟਲ ਵਿਖੇ ਵਿਸਾਖੀ ਮੇਲਾ 20 ਮਈ ਨੂੰ

**ਸਿਆਟਲ (ਹਰਮਨਪ੍ਰੀਤ ਸਿੰਘ)–**ਸਿਆਟਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 'ਸ਼ਾਨ-ਏ-ਪੰਜਾਬ ਪੰਜਾਬੀ ਵਿਰਸਾ' ਕਲੱਬ ਵਲੋਂ 6ਵਾਂ ਵਿਸਾਖੀ ਮੇਲਾ 20 ਮਈ ਐਤਵਾਰ ਨੂੰ ਅਰਬਨ ਪ੍ਰਫੋਰਮਿੰਗ ਆਰਟ ਸੈਂਟਰ ਅਰਬਨ ਵਿਖੇ ਕਰਵਾਇਆ ਜਾ ਰਿਹਾ ਹੈ । ਉਕਤ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਕਰਤਾ-ਧਰਤਾ ਸਕੱਤਰ ਸਿੰਘ ਸੰਧੂ, ਕੇਵਲ ਸਿੰਘ ਸਿੱਧੂ ਤੇ ਜਸਵੀਰ ਸਹੋਤਾ ਨੇ ਦੱਸਿਆ ਕਿ ਇਸ ਵਿਸਾਖੀ ਮੇਲੇ ਵਿਚ ਪੁੱਜ ਰਹੇ ਕਲਾਕਾਰਾਂ ਵਿਚ ਗੁਰਲੇਜ ਅਖ਼ਤਰ, ਕੁਲਵਿੰਦਰ ਕੈਲੀ, ਸਿਆਟਲ ਦਾ ਚਰਚਿਤ ਗਾਇਕ ਅਵਤਾਰ ਬਿੱਲਾ, ਗੁਰੀ ਈ ਸਿੰਘ, ਮਲਵੱਈ ਗਿੱਧਾ ਤੇ ਏ.ਬੀ.ਸੀ. ਭੰਗੜਾ ਟੀਮ ਸ਼ਾਮਿਲ ਹੋਵੇਗੀ । ਪ੍ਰਬੰਧਕਾਂ ਵਲੋਂ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ ।

# ਸੰਪਾਦਕ ਦੀ ਡਾਕ

ਅਲਬਰਟਾ (ਕੈਨੇਡਾ) ਦੀ ਸਰਕਾਰ ਨੇ ਵੈਸਾਖੀ ਦੇ ਮੌਕੇ ਤੇ 14 ਅਪ੍ਰੈਲ 2018 ਨੂੰ ਐਲਾਨ ਕੀਤਾ ਸੀ ਕਿ ਸਿੱਖ ਮੋਟਰਸਾਈਕਲ ਪਗੜੀ ਪਹਨ ਕੇ ਚਲਾਉਣ ਦੀ ਆਜ਼ਾਦੀ ਹੈ ਅਤੇ ਅੱਜ (1 ਮਈ, 2018) ਸਾਰਕਾਰ ਵਲੋਂ ਪਹਿਲਾ ਦਿਨ ਸੀ ਜਦੋਂ ਸਰਕਾਰ ਨੇ ਰੋਡ ਟੈਸਟ ਦੇਣ ਅਤੇ ਅਲਬਰਟਾ ਕੈਨੇਡਾ ਵਿੱਚ ਮੋਟਰਸਾਈਕਲ ਲਾਇਸੈਂਸ ਪਗੜੀ ਪਹਣ ਕੇ ਲੈਣ ਦੀ ਸ਼ੁਰਵਾਤ ਕੀਤੀ । ਇਹ ਕੈਨੇਡਾ ਵਿੱਚ ਰਹਿਣ ਵਾਲੇ ਲੋਕਾਂ ਨੂੰ ਦਿੱਤੇ ਜਾਣ ਵਾਲੇ ਧਰਮ ਦੀ ਆਜ਼ਾਦੀ ਸਾਬਤ ਕਰਦਾ ਹੈ.ਇਹ ਬਹੁਤ ਪ੍ਰਸੰਸਾਯੋਗ ਹੈ ਅਤੇ, ਮੈਨੂੰ ਭੁਪਿੰਦਰ ਸਿੰਘ ਇੱਕ ਸਿੱਖ ਹੋਣ ਦੇ ਨਾਤੇ ਸੜਕ ਟੈਸਟ ਦੇਣ ਅਤੇ ਪਾਸ ਕਰਨ ਵਾਲੇ ਪਹਿਲੇ ਵਿਅਕਤੀ ਹੋਣ ਦਾ ਮਾਨ ਪਰਾਪਤ ਹੋਣਾ ਦਿਲ ਨੂੰ ਆਨੰਦ ਦਿੰਦਾ ਹੈ ਅਤੇ ਏਹ ਇਤਿਹਾਸ ਬਣ ਗਿਆ ਹੈ। ਇਹ ਸਭ ਸਾਡੇ ਪ੍ਰੀਮੀਅਰ ਰਹੇਚਲ ਨੈਟਲੀ, ਮ ਲਏ ਰੋਡ ਲੋਓਲਾ, ਮ ਲਏ ਕ੍ਰਿਸਟੀਨਾ ਗ੍ਰੇ, ਮ ਲਏ ਡੈਨੀਜ ਵੁੱਡਲੋਡਰ ਅਤੇ ਦੁਜੇ ਮ ਲਏ ਦੇ ਸਹਿਯੋਗ ਨਾਲ ਸਭ ਸੰਭਵ ਹੋਇਆ ਅਤੇ ਅਜ ਦੇ ਮੇਰੇ ਪ੍ਰੀਖਣ ਕਰਤਾ ਜਸਪਾਲ ਸਿੰਘ ਮੱਲ੍ਹੀ ਜੀ ਦਾ ਦਿਲ ਦੀ ਗਹਿਰਾਈ ਤੋਂ ਧੰਨਵਾਦ ।

ਇਹ ਸੰਦੇਸ਼ ਸੰਸਾਰ ਭਰ ਵਿੱਚ ਫੈਲਿਆ ਜਾਣਾ ਚਾਹੀਦਾ ਹੈ ਜਿਵੇਂ ਕੈਨੇਡਾ ਵਿੱਚ ਧਰਮ ਦੀ ਆਜ਼ਾਦੀ ਸਬ ਲਈ ਹੈ ਏਸ ਤਰਾਂ ਸਾਰੇ ਮੁਲਕਾਂ ਵਿੱਚ ਧਰਮ ਦੀ ਆਜ਼ਾਦੀ ਹੋਣੀ ਚਾਹੀਦਾ ਹੈ ਬਿਨਾਂ ਕਿਸੇ ਭੇਦ ਭਾਵ ਦੇ । ਕੋਟ ਕੋਟ ਧਨਵਾਦ ਕਨੇਡਾ ਸਰਕਾਰ ਅਤੇ ਏਥੋਂ ਦੇ ਲੋਕਾਂ ਦਾ ਜਿਨ੍ਹਾਂ ਕਰਾ ਥੋੜ੍ਹਾ ਹੈ।




**ਦਾਸ : ਭੂਪਿੰਦਰ ਸਿੰਘ**
**ਸਾਬਕਾ ਪ੍ਰਧਾਨ,**
**ਧਰਮ ਪ੍ਰਚਾਰ ਕਮੇਟੀ**
**ਸ਼੍ਰੋਮਣੀ ਅਕਾਲੀ ਦਲ,**
**ਦਿੱਲੀ**



# ਨਹੀਂ ਰੁਕ ਰਿਹਾ ਗੁਰਬਤ ਦਾ ਪਸਾਰਾ

ਭਾਰਤ ਦੀ ਆਰਥਿਕ ਅਤੇ ਸਮਾਜਿਕ ਵਿਵਸਥਾ ਵਿਚਕਾਰ ਲਗਾਤਾਰ ਹਾਲਾਤ ਬਦਲਦੇ ਰਹੇ ਹਨ। ਆਜ਼ਾਦੀ ਤੋਂ ਪਹਿਲਾਂ ਜੋ ਹਾਲਾਤ ਸਨ, ਅੱਜ ਉਹਨਾਂ ਹਾਲਾਤਾਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਨਿਰੰਤਰ ਜਾਰੀ ਹਨ ਪਰ ਇਸ ਦੇ ਬਾਵਜੂਦ ਵੀ ਇਕ ਵੱਡੀ ਆਬਾਦੀ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਅਨਪੜ੍ਹਤਾ ਅਤੇ ਜਾਤ-ਪਾਤ ਨਾਲ ਜੂਝ ਰਹੀ ਹੈ। ਇਹ ਸਾਰੇ ਕਾਰਨ ਆਪਸ ਵਿਚ ਕਿਤੇ ਨਾ ਕਿਤੇ ਜੁੜੇ ਹੋਏ ਵੀ ਹਨ। ਜਿੱਥੇ ਗਰੀਬੀ ਹੋਵੇਗੀ, ਉਥੇ ਜਾਤ-ਪਾਤ ਵੀ ਹੋਵੇਗੀ, ਜਿੱਥੇ ਅਨਪੜ੍ਹਤਾ ਹੋਵੇਗੀ, ਉਥੇ ਵੀ ਸਮਾਜਿਕ ਅਸਮਾਨਤਾ ਹੋਵੇਗੀ ਅਤੇ ਜਿੱਥੇ ਬੇਰੁਜ਼ਗਾਰੀ ਹੋਵੇਗੀ, ਉਥੇ ਬੇਚੈਨੀ ਵਾਲਾ ਵਰਤਾਰਾ ਹੋਵੇਗਾ। ਆਜ਼ਾਦੀ ਤੋਂ ਬਾਅਦ ਤਹਿ ਹੋਇਆ ਕਿ ਹਰੇਕ ਨੂੰ ਰੁਜ਼ਗਾਰ ਮਿਲੇਗਾ। ਕੋਈ ਅਨਪੜ੍ਹ ਨਹੀਂ ਰਹੇਗਾ। ਸਾਰੇ ਲੋਕ ਤੰਦਰੁਸਤ ਹੋਣਗੇ। ਭਾਰਤ ਉਹਨਾਂ ਮੁਲਕਾਂ ਵਾਂਗ ਵਿਕਸਤ ਮੁਲਕ ਹੋਵੇਗਾ, ਜਿਹਨਾਂ ਨੂੰ ਸਾਡੇ ਨਾਲ ਜਾਂ ਸਾਡੇ ਤੋਂ ਅੱਗੇ ਪਿੱਛੇ ਆਜ਼ਾਦੀ ਮਿਲੀ ਸੀ ਪਰ ਸਚਾਈ ਇਹ ਹੈ ਕਿ ਜਿਹੜੇ ਮੁਲਕ ਦੂਜੇ ਵਿਸ਼ਵ ਯੁੱਧ ਵਿਚ ਪੂਰੀ ਤਰ੍ਹਾਂ ਤਬਾਹ ਹੋ ਗਏ ਸਨ, ਉਹ ਅੱਜ ਫਿਰ ਤਰੱਕੀ ਕਰਕੇ ਕਿਤੇ ਤੋਂ ਕਿਤੇ ਪਹੁੰਚ ਗਏ ਹਨ ਪਰ ਭਾਰਤ ਦੀ ਤਰੱਕੀ ਦੀ ਗਤੀ ਅੱਜ ਵੀ ਬਹੁਤ ਧੀਮੀ ਹੈ। ਉਹਨਾਂ ਮੁਲਕਾਂ ਵਿਚ ਗਰੀਬੀ ਅਤੇ ਬੇਰੁਜ਼ਗਾਰੀ ਦਾ ਪੈਮਾਨਾ ਬਦਲ ਚੁੱਕਾ ਹੈ ਪਰ ਭਾਰਤ ਦੀ ਬਦਕਿਸਮਤੀ ਹੈ ਕਿ ਆਜ਼ਾਦੀ ਤੋਂ ਬਾਅਦ ਇਸ ਦੀ ਆਬਾਦੀ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ, ਬਲਕਿ ਬੁਨਿਆਦੀ ਢਾਂਚਾ ਅਤੇ ਸਾਧਨ ਇੰਨੀ ਤੇਜ਼ੀ ਨਾਲ ਵਧੇ ਨਹੀਂ। ਸਿੱਖਿਆ ਦੇ ਖੇਤਰ ਵਿਚ ਵੀ ਬਹੁਤੀ ਤਰੱਕੀ ਨਹੀਂ ਹੋਈ ਬਲਕਿ ਵੋਟ ਬੈਂਕ ਦੀ ਰਾਜਨੀਤੀ ਪਨਪਣ ਦੇ ਕਾਰਨ ਇੱਥੇ ਜਾਤਾਂ, ਵਰਗਾਂ, ਧਰਮਾਂ ਆਧਾਰਿਤ ਰਾਜਨੀਤੀ ਨੇ ਜ਼ਿਆਦਾ ਜ਼ੋਰ ਪਕੜਿਆ।

ਵਿਸ਼ਵ ਬੈਂਕ ਦੀ 2010 ਦੀ ਇਕ ਰਿਪੋਰਟ ਮੁਤਾਬਕ ਭਾਰਤ ਦੇ 32.7 ਫੀਸਦੀ ਲੋਕ ਅੰਤਰ ਰਾਸ਼ਟਰੀ ਗਰੀਬੀ ਰੇਖਾ ਤੋਂ ਹੇਠਾਂ ਹਨ। ਉਹਨਾਂ ਦਾ ਰੋਜ਼ਾਨਾ ਦਾ ਖਰਚਾ ਸਵਾ ਡਾਲਰ ਤੋਂ ਹੇਠਾਂ ਹੈ ਅਤੇ 88.7 ਫੀਸਦੀ ਲੋਕਾਂ ਦਾ ਰੋਜ਼ਾਨਾ ਖਰਚ ਸਿਰਫ ਦੋ ਡਾਲਰ ਹੈ। ਦੁਨੀਆਂ ਦੇ 21 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਭਾਰਤ ਵਿਚ ਵਿਸ਼ਵ ਦੀ ਸਭ ਤੋਂ ਵੱਧ ਭੁੱਖਮਰੀ ਹੈ। ਵਿਸ਼ਵ ਬੈਂਕ ਮੁਤਾਬਕ ਦੁਨੀਆਂ ਦੇ 49 ਫੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਇਹਨਾਂ ਵਿਚੋਂ 34 ਫੀਸਦੀ ਭਾਰਤ ਵਿਚ ਹਨ। ਯੂਨੀਸੈਫ ਮੁਤਾਬਕ ਭਾਰਤ ਵਿਚ ਛੇ ਕਰੋੜ ਤੋਂ ਵਧੇਰੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਚੁੱਕੇ ਹਨ। ਕਿਸੇ ਵੀ ਮੁਲਕ ਵਿਚ ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਦਾ ਜ਼ਿਆਦਾ ਹੋਣਾ ਆਰਥਿਕ ਤਰੱਕੀ ਲਈ ਖਤਰਨਾਕ ਹੈ। ਜੁਲਾਈ 2014 ਦੀ ਰੰਗਾਰਾਜਨ ਕਮੇਟੀ ਮੁਤਾਬਕ ਭਾਰਤ ਵਿਚ ਦਸ ਲੋਕਾਂ ਪਿੱਛੇ ਤਿੰਨ ਗਰੀਬ ਹਨ। ਰਿਪੋਰਟ ਮੁਤਾਬਕ ਸ਼ਹਿਰੀ ਖੇਤਰ ਵਿਚ 47 ਰੁਪਏ ਅਤੇ ਦਿਹਾਤੀ ਖੇਤਰ ਵਿਚ 32 ਰੁਪਏ ਤੋਂ ਘੱਟ ਕਮਾਉਣ ਵਾਲੇ ਨੂੰ ਗਰੀਬੀ ਰੇਖਾ ਤੋਂ ਹੇਠਾਂ ਰੱਖਿਆ ਗਿਆ ਹੈ। ਗਲੋਬਲ ਸਲੇਵਰੀ ਇੰਡੈਕਸ 2016 ਮੁਤਾਬਕ ਵਿਸ਼ਵ ਵਿਚ ਚਾਰ ਕਰੋੜ ਪੰਜਾਹ ਲੱਖ ਲੋਕ ਗੁਲਾਮ ਹਨ। ਦੁਨੀਆਂ ਦੇ 167 ਦੇਸ਼ਾਂ ਵਿਚ ਭਾਰਤ ਨੂੰ ਸਭ ਤੋਂ ਵੱਧ ਗੁਲਾਮਾਂ ਵਾਲਾ ਮੁਲਕ ਐਲਾਨਿਆ ਗਿਆ ਹੈ। ਮੁਲਕ ਦੇ 20 ਫੀਸਦੀ ਲੋਕ ਆਜ਼ਾਦੀ ਦਾ ਆਨੰਦ ਮਾਣ ਰਹੇ ਹਨ, 80 ਫੀਸਦੀ ਲੋਕ ਸਹੂਲਤਾਂ ਤੋਂ ਵਾਂਝੇ ਹਨ, ਜਿਹਨਾਂ ਵਿਚੋਂ ਮੁਲਕ ਦੀ ਤਿੰਨ ਫੀਸਦੀ ਆਬਾਦੀ ਰੋਟੀ, ਕੱਪੜਾ ਅਤੇ ਮਕਾਨ ਵਰਗੀਆਂ ਸਹੂਲਤਾਂ ਲਈ ਲੜ ਰਹੀ ਹੈ। ਇਸ ਸਮੱਸਿਆ ਤੋਂ ਨਿਜ਼ਾਤ ਪਾਉਣੀ ਅਤੀ ਜ਼ਰੂਰੀ ਹੈ। ਭਾਰਤ ਦੇ ਲਈ ਕਈ ਮੁਲਕ ਅਜਿਹਾ ਮਾਡਲ ਹਨ, ਜਿਹਨਾਂ ਨੇ ਗਰੀਬੀ ਦੀ ਦਲਦਲ 'ਚੋਂ ਨਿਕਲ ਕੇ ਅੱਗੇ ਵਧਣ ਦਾ ਕੀਰਤੀਮਾਨ ਸਥਾਪਤ ਕੀਤਾ ਹੈ। ਅਜਿਹੀਆਂ ਹੀ ਨੀਤੀਆਂ ਦੀ ਭਾਰਤ ਵਿਚ ਵੀ ਲੋੜ ਹੈ, ਤਾਂ ਹੀ ਇਹਨਾਂ ਸਮੱਸਿਆਵਾਂ ਤੋਂ ਨਿਜਾਤ ਮਿਲ ਸਕੇਗੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-67

## ਗੁਰਬਾਣੀ ਚਾਨਣ ਚ ਹਿੰਦੂ ਲਫਜ਼ ਬਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨਕੋਸ਼ ਅਨੁਸਾਰ ਸਿੰਧ ਫਾਰਸੀ ਦਾ ਲਫਜ਼ ਜਿਸ ਦਾ "ਸ" "ਹ" ਚ ਬਦਲ ਕੇ ਹਿੰਦ ਹੋ ਗਿਆ। ਹਿੰਦੂ ਸਿੰਧ ਨਦੀ ਦੇ ਆਸ ਪਾਸ ਰਹਿਣ ਵਾਲੇ ਸਿੰਧੀ ਤੋਂ ਹਿੰਦੀ, ਸਿੰਧ ਤੋਂ ਹਿੰਦ ਤੇ ਸਿੰਧੂ ਤੋਂ ਹਿੰਦੂ ਕਹੇ ਜਾਣ ਲੱਗੇ। ਸਿੰਧ ਨਦੀ ਦੇ ਪਾਸ ਰਹਿਣ ਵਾਲੇ ਉਹ ਪ੍ਰਾਚੀਨ ਲੋਕ ਜੋ ਆਰੀਆ ਕਹਾਉਂਦੇ ਸੇ, ਵਿਦੇਸ਼ੀਆਂ ਨੇ ਇਨਾਂ ਨੂੰ ਹਿੰਦੂ ਲਿਖਿਆ ਤੇ ਹੁਣ ਸਾਰੇ ਭਾਰਤ ਵਾਸੀਆਂ ਲਈ ਇਹ ਸ਼ਬਦ ਵਰਤਿਆ ਜਾ ਸਕਦਾ ਹੈ। ਹਿੰਦੂ ਦਾ ਦੂਜਾ ਅਰਥ ਹੈ ਵੈਦਿਕ ਧਰਮ ਧਾਰਨ ਵਾਲਾ। ਹਿੰਦੂ ਪਦ ਦੀ ਨਿਰਦੋਸ਼ ਵਿਆਖਿਆ ਹੁਣ ਤਾਈਂ ਕੋਈ ਨਹੀ ਕਰ ਸੱਕਿਆ, ਇਸ ਲਈ ਸਾਡੀ ਸਮਰੱਥਾ ਤੋਂ ਵੀ ਬਾਹਰ ਹੈ। ਵਿਸ਼ੇਸ਼ ਕਰਕੇ ਹਿੰਦੂ ਦਾ ਲੱਛਣ ਇਹ ਮੰਨਿਆਂ ਗਿਆ ਹੈ ਕਿ ਜੋ ਚਾਰ ਵਰਣ ਦੀ ਮ੍ਰਯਾਦਾ ਰੱਖਦਾ, ਵੇਦਾਂ ਨੂੰ ਧਰਮ ਪੁਸਤਕ ਮੰਨਦਾ ਅਤੇ ਗਊ ਦਾ ਮਾਸ ਨਹੀਂ ਖਾਂਦਾ ਉਹ ਹਿੰਦੂ ਹੈ। ਕਈਆਂ ਨੇ ਜੈਨੀਆਂ ਨੂੰ ਆਪਣੇ ਅੰਦਰ ਰੱਖਣ ਲਈ, ਕਰਮਾਂ ਦੇ ਮੰਨਣ ਵਾਲਾ, ਮੁਰਦੇ ਜਲਾਉਣ ਵਾਲਾ ਆਦਿਕ ਵੀ ਹਿੰਦੂ ਕਿਹਾ ਹੈ। ਤੀਜਾ ਅਰਥ ਅਰਬੀ ਫਾਰਸੀ ਦੇ ਕਵੀਆਂ ਨੇ ਚੋਰ, ਗੁਲਾਮ ਅਤੇ ਕਾਲੇ ਲਈ ਵੀ ਹਿੰਦੂ ਸ਼ਬਦ ਵਰਤਿਆ ਹੈ। ਇਸੇ ਲਈ ਬਹੁਤਿਆਂ ਨੇ ਕਾਲੇ ਦਾਗ (ਤਿਲ) ਨੂੰ ਹਿੰਦੂ ਰੂਪ ਲਿਖਿਆ ਹੈ। ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ ਹਿੰਦੂ ਸ਼ਬਦ ਦੇ ਮੂਲ ਨੂੰ ਖੋਜਣ ਲਈ ਕੇਵਲ ਫਾਰਸੀ ਭਾਸ਼ਾ ਹੀ ਸਹਾਇਕ ਹੋ ਸਕਦੀ ਹੈ। ਹਿੰਦੂ ਧਰਮ ਕੋਸ਼ ਦੇ ਲਿਖਾਰੀ ਡਾ. ਰਾਜਬਲੀ ਪਾਂਡੇਯ ਅਨੁਸਾਰ ਪੁਰਾਤਨ ਕਾਲ ਚ ਸਿੰਧ ਨਦੀ ਤੇ ਉਸ ਚ ਸਿੱਧੀਆਂ ਸ਼ਾਮਲ ਹੋਣ ਵਾਲੀਆਂ ਛੇ ਨਦੀਆਂ(ਪੂਰਵ ਤੋਂ ਜੇਹਲਮ, ਰਾਵੀ ਤੇ ਸਤਲੁਜ ਅਤੇ ਪੱਛਮ ਤੋਂ ਸਵਾਤ, ਕਾਬਲ ਅਤੇ ਗੋਮਲ) ਦੁਆਰਾ ਸਿੰਚਿਤ ਖੇਤਰ, ਫਾਰਸੀ ਭਾਸ਼ੀ ਦੇਸ਼, ਫਾਰਸ ਅਥਵਾ ਇਰਾਨ ਦੀ ਸਰਹੱਦ ਨਾਲ ਜਾ ਲਗਦਾ ਸੀ। ਇਸ ਖੇਤਰ ਨੂੰ ਸਪਤਸਿੰਧ ਕਿਹਾ ਜਾਂਦਾ ਸੀ ਕਿਉਂਕਿ ਫਾਰਸੀ ਦੇ ਵਿਆਕਰਣ ਅਨੁਸਾਰ ਸੰਸਕ੍ਰਿਤ ਦਾ "ਸ" "ਹ" ਵਿੱਚ ਬਦਲ ਜਾਂਦੈ ਇਸ ਲਈ ਇਸ ਖੇਤਰ ਨੂੰ ਹਫਤਹਿੰਦੂ ਤੇ ਇੱਥੇ ਦੇ ਵਸਨੀਕਾਂ ਨੂੰ ਹਿੰਦੂ ਕਿਹਾ ਜਾਣ ਲੱਗਿਆ। ਇਵੇਂ ਹਿੰਦੂ ਸ਼ਬਦ ਭਾਰਤੀ ਨਾਂ ਹੋ ਕੇ, ਭਾਰਤੀ ਸ਼ਬਦ ਸਿੰਧ ਦਾ ਫਾਰਸੀ ਵਿਆਕਰਣ ਅਨੁਸਾਰ ਬਦਲਿਆ ਹੋਇਆ ਗੈਰ ਭਾਰਤੀ ਸ਼ਬਦ ਹੈ। ਡਾ. ਰਾਜਬਲੀ ਅਨੁਸਾਰ ਹਿੰਦ ਦਾ ਰਹਿਣ ਵਾਲਾ ਹਿੰਦੂ ਤੇ ਉਸ ਦਾ ਧਰਮ ਹਿੰਦੂਤਵ ਹੈ। ਮੁਸਲਮਾਨ ਹਮਲਾਵਰਾਂ ਤੋਂ ਪਹਿਲਾਂ ਭਾਰਤ ਚ ਇਸੇ ਅਰਥ ਦੀ ਪਰੰਪਰਾ ਤੇ ਜਿਤਨੀਆਂ ਜਾਤੀਆਂ ਬਾਹਰੋਂ ਆਈਆਂ ਉਹ ਹਿੰਦੂਤਵ ਚ ਹੀ ਜ਼ਜਬ ਹੋ ਗਈਆਂ। ਓਨੇਕ ਪਰੰਪਰਾਵਾਦੀ ਤੇ ਪਰੰਪਰਾ ਵਿਰੋਧੀ ਅੰਦੋਲਨ ਚੱਲੇ ਪਰ ਸੰ ਦੀ ਸਮਾਈ ਹਿੰਦੂਤਵ ਵਿੱਚ ਹੀ ਹੋ ਗਈ। ਵੈਦਿਕ ਹੀ ਇੱਥੋਂ ਦਾ ਪ੍ਰਾਚੀਨ ਧਰਮ ਜਿਸ ਨੇ ਹੋਰਨਾ ਧਰਮਾਂ ਨੂੰ ਪ੍ਰਭਾਵਿਤ ਕੀਤਾ ਤੇ ਆਪ ਵੀ ਹੋਰਾਂ ਤੋਂ ਪ੍ਰਭਾਵਿਤ ਹੋਇਆ। ਕੁਝ ਸਦੀਆਂ ਬਾਅਦ ਜੈਨ ਤੇ ਬੁੱਧ ਧਰਮ ਵੀ ਹਿੰਦੂਤਵ ਚ ਰੰਗੇ ਗਏ। ਇਸ ਲਈ ਹਿੰਦੂਤਵ ਨਾਂ ਤਾਂ ਮੂਲ ਵੈਦਿਕ ਧਰਮ ਤੇ ਨਾਂ ਹੀ ਵੈਦਿਕ ਧਰਮ ਤੋਂ ਭਿੰਨ ਸਗੋਂ ਮਿਲਗੋਭਾ ਧਰਮ ਹੈ। ਸਮੇਂ ਨਾਲ ਇਸ ਚ ਪੌਰਾਣਿਕ ਤੇ ਤਾਂਤ੍ਰਿਕ ਭਾਵਨਾਵਾਂ ਵੀ ਸ਼ਾਮਲ ਹੁੰਦੀਆਂ ਗਈਆਂ। ਦੱਖਣ ਦੇ ਸੰਤਾਂ ਅਤੇ ਆਚਾਰੀਯ ਦੇ ਪ੍ਰਭਾਵ ਤੋਂ ਇਲਾਵਾ ਮੱਧ ਯੁੱਗ ਸਮੇ ਉਤਰੀ ਭਾਰਤ ਚ ਚੱਲੇ ਭਗਤੀ ਅੰਦੋਲਨ ਨੇ ਇਸ ਧਰਮ ਦਾ ਅਨੇਕ ਪੱਖਾਂ ਤੋਂ ਸੁਧਾਰ ਤੇ ਵਿਸਤਾਰ ਕੀਤਾ।ਇਵੇਂ ਹਿੰਦੂਤਵ ਭਾਰਤ ਵਾਸੀਆਂ ਦੀ ਸਰਬਸਾਂਝੀ ਧਾਰਮ ਭਾਵਨਾ ਦਾ ਸ਼ਬਦ ਪ੍ਰਤੀਕ ਹੈ। ਮੁਸਲਮਾਨਾਂ ਦੀ ਵੱਖਰੀ ਜ਼ਬਾਨ, ਧਰਮ ਗ੍ਰੰਥ ਕੁਰਾਨ, ਸ਼ਰਾ ਤੇ ਇੱਕ ਅੱਲਾਹ ਹੋਣ ਕਰਕੇ ਹਿੰਦੂਤਵ ਚ ਜਜਬ ਨਾ ਹੋ ਸਕਿਆ ਸਗੋਂ ਕੁਝ ਡਰ ਤੇ ਰਾਜਨੀਤਕ ਹਿਤਾਂ ਕਰਕੇ, ਬਹੁਤੇ ਹਿੰਦੂ ਮੁਸਲਮਾਨ ਹੋ ਗਏ। ਪਰਸਪਰ ਵੈਰ ਵਿਰੋਧ ਕਾਰਨ ਇਹ ਦੋਵੇਂ ਧਰਮ ਆਪਣੇ ਮੂਲ ਮੁੱਦਿਆਂ ਨੂੰ ਭੁੱਲ ਕੇ ਧਾਰਮਿਕ ਕੱਟੜਤਾ ਦਾ ਪ੍ਰਦਰਸ਼ਨ ਕਰਨ ਲੱਗੇ।

ਦੂਜੇ ਪਾਸੇ ਸਰਬਸਾਂਝੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਨ੍ਹਾਂ ਦੋਨਾਂ ਦਰਮਾਂ ਦੇ ਅੰਧਵਿਸ਼ਵਾਸ਼ੀਆਂ ਨੂੰ ਗਿਆਨ ਅੱਖ ਤੋਂ ਵਾਂਝੀਆਂ ਮੰਨਿਆਂ ਜਿਵੇਂ-ਹਿੰਦੂ ਅੰਨ੍ਹਾਂ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥(੮੭੫) ਅਸੀਂ ਕੌਣ ਹਾਂ? ਨਾ ਹਮ ਹਿੰਦੂ ਨ ਮੁਸਲਮਾਨ॥ ਅਲਾਹ ਰਾਮ ਕੇ ਪਿੰਡ ਪਰਾਨ॥(੧੩੩੬) ਸਾਡਾ ਸਭ ਦਾ ਪਿਤਾ ਪ੍ਰਮਾਤਮਾਂ ਇੱਕ ਤੇ ਅਸੀ ਸਭ ਉਸ ਦੇ ਬੱਚੇ ਹਾਂ-ਏਕੁ ਪਿਤਾ ਏਕਸ ਕੇ ਹਮ ਬਾਰਿਕ..॥(੬੧੨) ਸਾਡੀ ਸਭ ਦੀ ਪਦਾਇਸ਼ ਵਾਹਿਦ ਇੱਕ ਅੱਲਾਹ ਦੇ ਨੂਰ ਤੋਂ ਤੇ ਅਸੀਂ ਕੁਰਦਤੀ ਬੰਦੇ ਹਾਂ-ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥(੧੩੫੦) ਗੁਰੂ ਗ੍ਰੰਥ ਚ ਸਭ ਨੂੰ ਧਾਰਮਿਕ ਤੰਗਦਿਲੀ ਤੋਂ ਉੱਚਾ ਉੱਠ ਕੇ ਸੱਚਾ ਮਨੁੱਖ ਬਣਨ ਦੀ ਤਾਗੀਦ ਹੈ।

ਸੋ ਹਿੰਦੂ ਕੋਈ ਧਰਮ ਨਹੀਂ ਸਗੋਂ ਸਿੰਧ ਨਦੀ ਦੇ ਇਲਾਕਾ ਨਿਵਾਸੀਆਂ ਨੂੰ ਸਿੰਧ ਤੋਂ ਬਣੇ ਲਫਜ਼ ਹਿੰਦ ਮੁਤਾਬਿਕ ਹਿੰਦੂ ਕਿਹਾ ਜਾਂਦਾ ਹੈ ਪਰ ਸਨਾਤਨ ਧਰਮ ਸੰਤਾਂ, ਗ੍ਰੰਥਾਂ, ਕਰਮਾ, ਅੰਧਵਿਸ਼ਵਾਸ਼ਾਂ ਤੇ ਰੀਤੋ ਰਸਮਾਂ ਨੂੰ ਮਿਲਗੋਭਾ ਕਰਕੇ ਅੱਜ ਹਿੰਦੂ ਧਰਮ ਕਿਹਾ ਜਾਣ ਲੱਗ ਪਿਆ ਹੈ। ਹਿੰਦੂ ਸ਼ਬਦ ਸਨਾਤਨ ਧਰਮ ਦੇ ਕਿਸੇ ਵੀ ਧਰਮ ਗ੍ਰੰਥ ਚ ਨਹੀਂ ਤੇ ਨਾਂ ਹੀ ਹਿੰਦੂਆਂ ਦੇ ਮਿਥਿਹਾਸ ਚ ਮਿਲਦਾ ਹੈ।

ਹਾਂ ਸਰਬਸਾਂਝੇ ਸਿੱਖ ਧਰਮ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਵਿਖੇ ਹਿੰਦੂ ਤੇ ਹਿੰਦੁਸਤਾਨ ਸ਼ਬਦਾਂ ਦਾ ਜਿਕਰ ਹੈ-ਹਿੰਦੂ ਮੂਲੇ ਭੂਲੇ ਅਖੁਟੀ ਜਾਹੀ॥ ਨਾਰਦਿ ਕਹਿਆ ਸਿ ਪੂਜ ਕਰਾਹੀ॥ ਅੰਧੇ ਗੂੰਗੇ ਅੰਧ ਅੰਧਾਰੁ॥ ਪਾਥਰ ਲੇ ਪੂਜਹਿ ਮੁਗਧ ਗਵਾਰ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰ॥ (੫੫੬) ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪ ਅਪਾਰੁ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ॥ (੪੬੪) ਬੁੱਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥ ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥ (੬੫੪) ਅਲਾਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸ ਕੇਰਾ॥ ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥ (੧੩੪੯) ਹਿੰਦੂ ਅੰਨਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥ ਨਾਮੇ ਸੋਈ ਸੇਵਿਆ ਜਿਹ ਦੇਹੁਰਾ ਨ ਮਸੀਤਿ॥ (੮੭੫)

# ਸ਼ਾਕਾਹਾਰ ਜਾਂ ਮਾਸਾਹਾਰ



ਮੇਘ ਰਾਜ ਮਿੱਤਰ

ਮਾਸਾਹਾਰੀ ਹੋਣਾ ਜਾ ਸ਼ਾਕਾਹਾਰੀ ਹੋਣਾ ਕਿਸੇ ਵਿਅਕਤੀ ਦਾ ਜਨਮ ਸਿੱਧ ਅਧਿਕਾਰ ਹੈ। ਜੇ ਕੋਈ ਵਿਅਕਤੀ ਤੁਹਾਡੇ ਇਸ ਅਧਿਕਾਰ ਵਿਚ ਦਖ਼ਲ ਅੰਦਾਜ਼ੀ ਕਰਦਾ ਹੈ ਤਾਂ ਤੁਹਾਨੂੰ ਬਰਦਾਸਤ ਨਹੀਂ ਕਰਨਾ ਚਾਹੀਦਾ। ਵਿਆਹ ਇੱਕ ਅਜਿਹਾ ਬੰਧਨ ਹੈ, ਜਿਸ ਵਿੱਚ ਜ਼ਿੰਦਗੀ ਭਰ ਨਾਲ ਨਿਭਣ ਦੇ ਵਾਅਦੇ ਹੁੰਦੇ ਹਨ। ਪਰ ਮੈਂ ਅਜਿਹੇ ਬਹੁਤ ਸਾਰੇ ਜੋੜੇ ਵੇਖੇ ਹਨ ਜਿਹੜੇ ਸ਼ਾਕਾਹਾਰੀ ਜਾਂ ਮਾਸਾਹਾਰੀ ਦੇ ਚੱਕਰ ਵਿੱਚ ਆਪਣੀ ਵਿਆਹੁਤਾ ਜ਼ਿੰਦਗੀ ਵੀ ਬਰਬਾਦ ਕਰ ਲੈਂਦੇ ਹਨ। ਮੈਂ ਇੱਕ ਅਜਿਹੇ ਜੋੜੇ ਨੂੰ ਜਾਣਦਾ ਹਾਂ ਜੋ ਵਿਆਹ ਤੋਂ ਪਹਿਲਾਂ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਲੜਕਾ ਨਾਸਤਿਕ ਵਿਚਾਰਾਂ ਦਾ ਤੇ ਲੜਕੀ ਰਾਧਾ ਸੁਆਮੀ ਪ੍ਰੀਵਾਰ ਨਾਲ ਸਬੰਧਤ ਸੀ। ਵਿਆਹ ਤੋਂ ਬਾਅਦ ਕੁਝ ਮਹੀਨੇ ਤਾਂ ਉਹਨਾਂ ਦੀ ਠੀਕ ਠਾਕ ਨਿਭਦੀ ਰਹੀ। ਇੱਕ ਦਿਨ ਲੜਕਾ ਘਰੇ ਬਣਾਉਣ ਲਈ ਮੀਟ ਲੈ ਆਇਆ ²ਤੇ ਘਰ ਵਾਲੀ ਨੇ ਉਸੇ ਦਿਨ ਆਪਣਾ ਬੋਰੀ ਬਿਸਤਰਾ ਚੁਬਾਰੇ ਵਿੱਚ ਲਾ ਲਿਆ। ਕੁਝ ਮਹੀਨੇ ਉਹ ਆਪਣਾ ਖਾਣਾ ਉੱਪਰ ਤਿਆਰ ਕਰਦੀ ਰਹੀ ਤੇ ਘਰ ਵਾਲਾ ਹੇਠਾਂ ਰਸੋਈ ਵਿਚ ਤਿਆਰ ਕਰ ਲੈਂਦਾ। ਪਰ ਇਹ ਸ਼ਾਕਾਹਾਰੀ ਤੇ ਮਾਸਾਹਾਰੀ ਦੀ ਲਕੀਰ ਹਰ ਰੋਜ਼ ਮੋਟੀ ਹੁੰਦੀ ਗਈ ਤੇ ਫਿਰ ਇੱਕ ਦਿਨ ਅਜਿਹਾ ਵੀ ਆ ਗਿਆ ਕਿ ਦੋਵੇਂ ਸਦਾ ਲਈ ਇੱਕ ਦੂਜੇ ਨੂੰ ਛੱਡ ਗਏ।

ਸੰਤਾਲੀ ਤੋਂ ਪਹਿਲਾਂ ਦੀ ਗੱਲ ਹੈ ਕਿ ਸਾਡੇ ਪਿੰਡ ਦੇ ਵਸਨੀਕ ਮੁਸਲਮਾਨਾਂ ਵਿੱਚੋਂ ਇੱਕ ਮੁਨਸ਼ੀ ਖਾਂ ਨੇ ਝਟਕਾ ਖਾ ਲਿਆ। ਮੁਸਲਮਾਨਾਂ ਦੀਆਂ ਰੁਹ ਰੀਤਾਂ ਹਿੰਦੂਆਂ ਨਾਲੋਂ ਬਿਲਕੁੱਲ ਵੱਖਰੀਆਂ ਹੁੰਦੀਆਂ ਹਨ। ਉਹ ਮੀਟ ਨੂੰ ਹਲਾਲ ਕਰਕੇ ਖਾਂਦੇ ਹਨ, ਭਾਵ ਬੱਕਰੇ ਨੂੰ ਮਾਰਨ ਸਮੇਂ ਉਸਦੀ ਗਰਦਨ ਨੂੰ ਹੌਲੀ-ਹੌਲੀ ਵੱਢਦੇ ਹਨ ਪਰ ਹਿੰਦੂ ਤਾਂ ਇਕੋ ਲਖ਼ਤ ਹੀ ਗਰਦਨ ਲਾਹ ਦਿੰਦੇ ਹਨ। ਮੁਸਲਮ ਬਰਾਦਰੀ ਅਨੁਸਾਰ ਮੁਨਸ਼ੀ ਖਾਂ ਨੇ ਝਟਕਾ ਖਾ ਕੇ ਉਹਨਾਂ ਦੀ ਬਿਰਾਦਰੀ ਵਿਰੁੱਧ ਅਪਰਾਧ ਕਰ ਦਿੱਤਾ ਸੀ। ਸੋ ਮੁਸਲਮਾਨ ਬਰਾਦਰੀ ਨੇ ਮੁਨਸੀ ਖਾਂ ਨੂੰ ਆਪਣੀ ਬਰਾਦਰੀ ਵਿੱਚੋਂ ਛੇਕ ਦਿੱਤਾ ਅਤੇ ਉਸਦਾ ਨਿਕਾਹ ਵੀ ਉਸਦੀ ਘਰਵਾਲੀ ਨਾਲੋਂ ਖ਼ਤਮ ਕਰ ਦਿੱਤਾ।

ਸੋ ਭਾਰਤ ਵਿੱਚ ਸ਼ਾਕਾਹਾਰੀ ਤੇ ਮਾਸਾਹਾਰੀ ਦੇ ਸਬੰਧ, ਸਾਡੇ ਸਮਾਜਕ ਤਾਣੇ ਬਾਣੇ ਵਿੱਚ ਬਹੁਤ ਵੱਡਾ ਰੋਲ ਅਦਾ ਕਰ ਰਹੇ ਹਨ। ਜਿਹੜਾ ਵੀ ਵਿਅਕਤੀ ਇਸ ਸ਼ਾਕਾਹਾਰੀ ਤੇ ਮਾਸਾਹਾਰੀ ਦੇ ਮੱਤਭੇਦ ਨੂੰ ਵਧਾਉਣ ਲਈ ਕਿਸੇ ਇੱਕ ਪਾਸੇ ਭੁਗਤ ਰਿਹਾ ਹੈ, ਮੇਰੀ ਸਮਝ ਅਨੁਸਾਰ ਉਹ ਭਾਰਤੀ ਸੰਵਿਧਾਨ ਵਿਚ ਦਰਜ ਅਖੰਡਤਾ ਵਾਲੀ ਮਦ ਦਾ ਮਜ਼ਾਕ ਉਡਾ ਰਿਹਾ ਹੈ। ਇਸ ਤਰ੍ਹਾਂ ਉਸਦੀ ਦੇਸ਼ ਭਗਤੀ ਦੀ ਭਾਵਨਾ ਤੇ ਪ੍ਰਸ਼ਨ ਚਿੰਨ੍ਹ ਲੱਗਦਾ ਹੈ?

ਕੌਣ ਸ਼ਾਕਾਹਾਰੀ ਹੈ ਤੇ ਕੌਣ ਮਾਸਾਹਾਰੀ? ਇਸ ਕਥਨ ਦੀ ਕੋਈ ਵੀ ਸਪੱਸ਼ਟ ਲਕੀਰ ਨਹੀਂ। ਕੁੱਝ ਵਿਅਕਤੀ ਦੁੱਧ ਨੂੰ ਜਾਨਵਰਾਂ ਦੀ ਪੈਦਾਇਸ਼ ਸਮਝਦੇ ਹੋਏ ਇਸ ਨੂੰ ਵੀ ਮਾਸਾਹਾਰੀ ਸ਼੍ਰੇਣੀ ਵਿੱਚ ਗਿਣਦੇ ਹਨ। ਕਈ ਮੱਛੀ ਤੇ ਆਂਡੇ ਨੂੰ ਸ਼ਾਕਾਹਾਰੀਆਂ ਦੀ ਸ਼੍ਰੇਣੀ ਵਿੱਚ ਰੱਖਦੇ ਹਨ। ਕਈ ਲਸਣ ਤੇ ਪਿਆਜ਼ ਦਾ ਇਸਤੇਮਾਲ ਵੀ ਆਪਣੇ ਖਾਣਿਆਂ ਵਿੱਚ ਨਹੀਂ ਕਰਦੇ। ਕਈ ਇਹ ਕਹਿੰਦੇ ਵੀ ਸੁਣੇ ਗਏ ਹਨ ਕਿ ਅਸੀਂ ਸਿਰਫ਼ ਉਹਨਾਂ ਆਂਡਿਆਂ ਦੀ ਵਰਤੋਂ ਕਰਦੇ ਹਾਂ ਜਿਹੜੇ ਅੱਜ ਦੇ ਯੁੱਗ ਦੇ ਪੋਲਟਰੀਫਾਰਮਾਂ ਵਿਚ ਪੈਦਾ ਹੁੰਦੇ ਹਨ। ਭਾਵ ਉਹ ਅਜਿਹੇ ਆਂਡਿਆਂ ਨੂੰ ਹੀ ਮਾਸਾਹਾਰੀ ਸ਼੍ਰੇਣੀ ਵਿਚ ਰੱਖਦੇ ਹਨ ਜਿਹੜੇ ਮੁਰਗੇ ਤੇ ਮੁਰਗੀਆਂ ਦੇ ਮੇਲ ਤੋਂ ਬਣਦੇ ਹਨ। ਬਹੁਤ ਸਾਰੇ ਵਿਅਕਤੀਆਂ ਤੋਂ ਜਦੋਂ ਮੈਂ ਇਹ ਜਾਣਕਾਰੀ ਮੰਗੀ ਕਿ ਉਹ ਸ਼ਾਕਾਹਾਰੀ ਜਾਂ ਮਾਸਾਹਾਰੀ ਕਿਉਂ ਹਨ? ਤਾਂ ਉਹਨਾਂ ਨੇ ਆਪਣੇ ਧਾਰਮਿਕ ਵਿਸ਼ਵਾਸ ਨੂੰ ਹੀ ਇਸ ਗੱਲ ਦਾ ਆਧਾਰ ਬਣਾਇਆ। ਸੋ ਇਸ ਬਹਿਸ ਨੂੰ ਧਰਮ ਦੀ ਕਸੌਟੀ ਤੋਂ ਵੀ ਪਰਖਣਾ ਜ਼ਰੂਰੀ ਹੈ। ਬਾਬਾ ਰਾਮ ਦੇਵ ਜੀ ਜੇ ਸ਼ਾਕਾਹਾਰੀ ਹੋਣ ਦਾ ਪ੍ਰਚਾਰ ਕਰ ਰਿਹਾ ਹੈ ਉਹ ਸਿਰਫ਼ ਇਸ ਕਰਕੇ ਕਰ ਰਿਹਾ ਹੈ ਕਿਉਂਕਿ ਉਸਦੀ ਪਾਲਣਾ ਪੋਸ਼ਣਾ ਇੱਕ ਹਿੰਦੂ ਪ੍ਰੀਵਾਰ ਵਿੱਚ ਹੋਈ ਹੈ। ਜੇ ਉਹ ਮੁਸਲਮ ਪ੍ਰੀਵਾਰ ਵਿੱਚ ਪੈਦਾ ਹੋਇਆ ਹੁੰਦਾ ਤਾਂ ਉਹ ਜ਼ਰੂਰ ਬਕਰੀਦ ਵਾਲੇ ਦਿਨ ਬੱਕਰੇ ਦਾ ਪ੍ਰਸ਼ਾਦ ਆਪਣੇ ਨਜ਼ਦੀਕੀਆਂ ਦੇ ਘਰਾਂ ਵਿਚ ਵੰਡ ਰਿਹਾ ਹੁੰਦਾ।

ਮਨੁੱਖੀ ਵਿਕਾਸ ਦੀਆਂ ਪਰਤਾਂ ਨੂੰ ਜੇ ਫਰੋਲਿਆ ਜਾਵੇ ਤਾਂ ਮਨੁੱਖ ਇੱਕ ਕਰੋੜ ਸੱਠ ਲੱਖ ਵਰ੍ਹੇ ਤੋਂ ਇਸ ਧਰਤੀ ਤੇ ਮੌਜੂਦ ਹੈ। ਆਪਣੀ ਹੋਂਦ ਦੇ ਸਮੇਂ ਤੋਂ ਲੈ ਕੇ ਇੱਕ ਕ੍ਰੋੜ ਉਨਾਹਟ ਲੱਖ ਸਾਲ ਤਾਂ ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਹੀ ਆਪਣਾ ਢਿੱਡ ਭਰਦਾ ਰਿਹਾ ਹੈ। ਮੂੰਹ ਵਿਚ ਜਾੜ੍ਹਾਂ ਤੇ ਸੂਏ ਦੰਦ ਇਸ ਗੱਲ ਦਾ ਸਬੂਤ ਹਨ ਕਿ ਮਾਸ ਨੂੰ ਚਿੱਥਣ ਤੇ ਪਾੜਨ ਲਈ ਉਸ ਨੂੰ ਕਿਵੇਂ ਆਪਣੇ ਦੰਦਾਂ ਦਾ ਇਸਤੇਮਾਲ ਕਰਨਾ ਪੈਂਦਾ ਸੀ। ਲੱਗਭੱਗ ਸਤਾਰਾਂ ਹਜ਼ਾਰ ਕੁ ਸਾਲ ਪਹਿਲਾਂ ਕਿਸੇ ਪ੍ਰਾਚੀਨ ਮਾਨਵ ਨੇ ਆਪਣੀ ਗੁਫ਼ਾ ਦੇ ਨੇੜੇ ਬੂਟੇ ਵਿੱਚੋਂ ਝੜੇ ਦਾਣਿਆਂ ਨੂੰ ਪੁੰਗਰਦਾ ਹੋਇਆ ਵੇਖ ਕੇ ਫ਼ਸਲਾਂ ਬੀਜਣ ਦਾ ਢੰਗ ਲੱਭ ਲਿਆ। ਇਹਨਾਂ ਢੰਗਾਂ ਵਿੱਚ ਵਿਕਾਸ ਕਰਕੇ ਹੀ ਉਹ ਫ਼ਸਲਾਂ ਪੈਦਾ ਕਰਨ ਲੱਗ ਪਿਆ। 19ਵੀਂ ਸਦੀ ਦੇ ਅਖ਼ੀਰ ਤੱਕ ਕਿਸੇ ਵੇਲੇ ਵੀ ਉਹ ਅਨਾਜ਼ ਦੀ ਐਨੀ ਬਹੁਤਾਤ ਨਹੀਂ ਸੀ ਪੈਦਾ ਕਰ ਸਕਿਆ ਕਿ ਉਸਦੀ ਨਿਰਭਰਤਾ ਜੰਗਲੀ ਜੀਵਾਂ ਦੇ ਸ਼ਿਕਾਰ ਤੋਂ ਖ਼ਤਮ ਹੋ ਜਾਂਦੀ। ਵੱਖ-ਵੱਖ ਇਲਾਕਿਆਂ ਵਿੱਚ ਪੈਂਦੇ ਅਕਾਲਾਂ ਸਮੇਂ ਆਪਣੇ ਘਰੇਲੂ ਜਾਨਵਰਾਂ ਨੂੰ ਮਾਰ ਕੇ ਆਪਣੇ ਪ੍ਰੀਵਾਰ ਦਾ ਢਿੱਡ ਭਰਨਾ ਉਹਨਾਂ ਦੀ ਮਜ਼ਬੂਰੀ ਹੁੰਦਾ ਸੀ। 20ਵੀਂ ਸਦੀ ਦੇ ਪੰਜਵੇਂ ਦਹਾਕੇ ਵਿੱਚ ਚੀਨ ਵੀ ਭਿਅੰਕਰ ਆਕਾਲ ਦੀ ਗ੍ਰਿਫ਼ਤ ਵਿੱਚ ਆ ਗਿਆ ਸੀ। ਉਸ ਸਮੇਂ ਦੇ ਚੇਅਰਮੈਨ ਕਾਮਰੇਡ 'ਮਾਓ ਜੇ ਤੁੰਗ' ਨੇ ਚੀਨੀ ਲੋਕਾਂ ਨੂੰ ਖੁਦ ਕਿਹਾ ਸੀ ਕਿ "ਮਰਨ ਨਾਲੋਂ ਤਾਂ ਚੰਗਾ ਹੈ ਕਿ ਚਿੜੀਆਂ ਕਬੂਤਰ ਜੋ ਕੁਝ ਵੀ ਮਿਲਦਾ ਹੈ ਉਹ ਖਾ ਲਏ ਜਾਣ।'' ਦੂਜੀ ਜੰਗ ਸਮੇਂ 'ਆਈ. ਐਨ. ਏ.' ਦੇ ਫ਼ੌਜੀਆਂ ਦੇ ਮੂੰਹੋਂ ਮੈਂ ਇਹ ਗੱਲਾਂ ਸੁਣੀਆਂ ਹਨ ਕਿ ਬਰਮਾ ਦੀ ਲੜਾਈ ਸਮੇਂ ਉਹ ਪਿਆਸੇ ਮਰਨ ਨਾਲੋਂ ਇੱਕ ਦੂਜੇ ਨੂੰ ਆਪਣੇ ਮੂੰਹਾਂ ਵਿੱਚ ਪੇਸ਼ਾਬ ਕਰਨ ਨੂੰ ਕਹਿੰਦੇ ਸਨ। ਸੋ

(ਬਾਕੀ ਸਫਾ 22 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸਾਹਿਤ ਸਭਾ ਵਲੋਂ ਡਾ.ਕਰਮਜੀਤ ਸਿੰਘ ਦੀਆਂ ਦੋ ਪੁਸਤਕਾਂ ਲੋਕ ਅਰਪਣ ਤੇ ਗੋਸ਼ਟੀ













**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਖੇਤੀਬਾੜੀ ਭਵਨ ਹੁਸ਼ਿਆਰਪੁਰ ਵਿਚ ਡਾ. ਕਰਮਜੀਤ ਸਿੰਘ ਦੀਆਂ ਦੋ ਪੁਸਤਕਾਂ 'ਹਰਿਆਣੇ ਦੇ ਪੰਜਾਬੀ ਲੋਕ ਗੀਤ' ਅਤੇ 'ਕਾਲ਼ੇ ਵਰਕੇ:ਵਸਤੂ, ਬਿਰਤਾਂਤ ਤੇ ਸੰਰਚਨਾ' ਲੋਕ ਅਰਪਣ ਤੇ ਗੋਸ਼ਟੀ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਿੰਸੀਪਲ ਡਾ. ਪਰਮਜੀਤ ਸਿੰਘ ਸਰਕਾਰੀ ਕਾਲਜ ਪੋਜੇਵਾਲ ਨੇ ਕੀਤੀ।ਜੀ ਆਇਆਂ ਸ਼ਬਦ ਸੁਰਿੰਦਰ ਸਿੰਘ ਕੰਗਵੀ ਨੇ ਆਖੇ।ਪਹਿਲੀ ਪੁਸਤਕ ਤੇ ਗੱਲ ਕਰਦਿਆਂ ਬੁਲਾਰੇ ਪ੍ਰੋ. ਹਰਜਿੰਦਰ ਸਿੰਘ ਅਟਵਾਲ, ਪ੍ਰਿੰਸੀਪਲ ਜਨਮੀਤ ਸਿੰਘ, ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਅਤੇ ਮਦਨਵੀਰਾ ਨੇ ਆਖਿਆ ਕਿ ਇਸ ਪੁਸਤਕ ਰਾਹੀਂ ਹਰਿਆਣਾ ਪ੍ਰਾਂਤ ਵਿਚ ਪੰਜਾਬੀ ਲੋਕਗੀਤਾਂ ਦਾ ਬਹੁਤ ਕੀਮਤੀ ਖਜ਼ਾਨਾ ਸਾਂਭਿਆ ਗਿਆ ਹੈ।ਲੋਕਗੀਤਾਂ ਵਿਚ ਮਾਨਵੀ ਮੁਲਾਂ ਦੇ ਸਾਰੇ ਸਾਰੋਕਾਰ ਸਮੋਏ ਹੋਏ ਹੁੰਦੇ ਹਨ। ਇਨ੍ਹਾਂ ਲੋਕਗੀਤਾਂ ਵਿਚ 85ਗ਼ ਔਰਤਾਂ ਦੇ ਹੀ ਗੀਤ ਹਨ।ਇਨ੍ਹਾਂ ਗੀਤਾਂ ਰਾਹੀਂ ਹੀ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਆਪਣੀ ਹੋਂਦ ਲਈ ਬਾਗੀ ਰੂਪ ਅਖਤਿਆਰ ਕਰਦਿਆਂ ਜੂਝਦੀਆਂ ਜਾਪਦੀਆਂ ਹਨ।

ਦੂਸਰੀ ਪੁਸਤਕ ਜੋ ਜਰਨੈਲ ਸਿੰਘ ਕੈਨੇਡਾ ਦੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਤੇ ਆਲੋਚਨਾਤਮਕ ਲੇਖਾਂ ਦੀ ਹੈ ਤੇ ਗੱਲ ਕਰਦਿਆਂ ਬੁਲਾਰੇ ਪ੍ਰੋ. ਬਲਦੇਵ ਸਿੰਘ ਬੱਲੀ, ਪ੍ਰਿੰਸੀਪਲ ਧਰਮਪਾਲ ਸਾਹਿਲ ਅਤੇ ਡਾ. ਜਸਵੰਤ ਰਾਏ ਨੇ ਆਖਿਆ ਜਰਨੈਲ ਸਿੰਘ ਦਾ ਨਾਂ ਹੁਣ ਪੰਜਾਬੀ ਕਹਾਣੀਕਾਰਾਂ ਦੇ ਸਿਖਰਲੇ ਨਾਵਾਂ ਵਿਚ ਸ਼ੁਮਾਰ ਹੈ।

ਉਸਦੀ ਕਹਾਣੀ ਸਮਾਜਿਕ ਅਤੇ ਆਰਥਿਕ ਸਰੋਕਾਰਾਂ ਨਾਲ ਜੁੜੀ ਹੋਈ ਸੰਸਾਰ ਪੱਧਰ ਦੇ ਮਾਨਵੀ ਸੰਕਟਾਂ ਨੂੰ ਆਪਣਾ ਅੰਗ ਬਣਾਉਂਦੀ ਹੈ।ਪੁਸਤਕ ਵਿਚ 18 ਵਿਦਵਾਨਾਂ ਨੇ ਆਪਣੇ ਆਲੋਚਨਾਤਮਕ ਲੇਖਾਂ ਰਾਹੀਂ ਜਰਨੈਲ ਸਿੰਘ ਦੀਆਂ ਕਹਾਣੀਆਂ ਨੂੰ ਵੱਖ ਵੱਖ ਪੱਖਾਂ ਤੋਂ ਆਪਣੇ ਅਧਿਐਨ ਵਿਸ਼ਲੇਸ਼ਣ ਦਾ ਅੰਗ ਬਣਾਇਆ ਹੈ। ਉਹ ਇੱਕ ਪ੍ਰੌੜ, ਪ੍ਰਪੱਕ, ਅਤੇ ਸਮਰੱਥ ਕਹਾਣੀਕਾਰ ਹੈ।

ਇਸੇ ਕਰਕੇ ਉਸਦੀਆਂ ਕਹਾਣੀਆਂ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਅਤੇ ਹੋਰ ਪ੍ਰਾਂਤਾਂ ਦੇ ਸਿਲੇਬਸ ਦਾ ਵੀ ਹਿੱਸਾ ਬਣ ਚੁਕੀਆਂ ਹਨ। ਇਸ ਮੌਕੇ ਪ੍ਰਵਾਸੀ ਕਵੀ ਰਾਠੇਸ਼ਵਰ ਸਿੰਘ ਰਾਠੀ ਦਾ ਕਾਵਿ ਸੰਗ੍ਰਹਿ 'ਦਿਲੀ ਵਲਵਲਿਆਂ ਦੀ ਦਾਸਤਾਨ' ਵੀ ਲੋਕ ਅਰਪਣ ਕੀਤਾ ਗਿਆ।

ਡਾ. ਕਰਮਜੀਤ ਸਿੰਘ ਨੇ ਦੋਹਾਂ ਪੁਸਤਕਾਂ ਦੀ ਹੋਂਦ ਬਾਰੇ ਗੱਲ ਕਰਦਿਆਂ ਪਰਚਾ ਲੇਖਕਾਂ ਦਾ ਧੰਨਵਾਦ ਕੀਤਾ। ਡਾ.ਪਰਮਜੀਤ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਪੇਸ਼ ਕੀਤੇ ਗਏ ਪਰਚਿਆਂ ਤੇ ਆਪਣੀਆਂ ਭਾਵਪੂਰਤ ਟਿੱਪਣੀਆਂ ਪੇਸ਼ ਕੀਤੀਆਂ। ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।

ਇਸ ਮੌਕੇ ਮੈਡਮ ਗੁਰਬਚਨ ਕੌਰ, ਡਾ. ਪਰਮਜੀਤ ਕੌਰ, ਡਾ. ਸੁਖਦੀਪ ਕੌਰ, ਡਾ. ਅਵਤਾਰ ਸਿੰਘ ਹੇਠੀ, ਡਾ. ਸੁਖਦੇਵ ਸਿੰਘ ਢਿੱਲੋਂ, ਲਾਲ ਸਿੰਘ ਕਹਾਣੀਕਾਰ, ਅਮਰੀਕ ਸਿੰਘ ਡੋਗਰਾ, ਲਖਵਿੰਦਰ ਰਾਮ, ਆਯੂਸ਼ ਸ਼ਰਮਾ, ਗੌਰਵ ਕਾਲੀਆ, ਸਤੀਸ਼ ਕੁਮਾਰ, ਹਰਵਿੰਦਰ ਸਾਹਬੀ, ਕੁਲਵੰਤ ਕੌਰ ਪ੍ਰੀਤ, ਪ੍ਰੋ. ਜਸਪਾਲ ਸਿੰਘ, ਡਾ. ਅਜੀਤ ਸਿੰਘ ਜੱਬਲ, ਸ਼ਮਸ਼ੇਰ ਮੋਹੀ, ਜੀਵਨ ਜੋਤੀ, ਲੈਕ. ਲਵਜਿੰਦਰ ਸਿੰਘ, ਸਤਨਾਮ ਸਿੰਘ, ਪ੍ਰੋ. ਜਸਪਾਲ ਸਿੰਘ, ਡਾ. ਸਤਿੰਦਰ ਕੌਰ, ਸੁਰਿੰਦਰ ਸਿੰਘ ਢੱਡਾ, ਬਲਦੇਵ ਸਿੰਘ, ਦਰਸ਼ਨ ਸਿੰਘ ਦਰਸ਼ਨ, ਡਾ. ਭੁਪਿੰਦਰ ਕੌਰ, ਮਹਿੰਦਰ ਸਿੰਘ ਵਿਰਕ, ਬਲਵੀਰ ਕੌਰ ਰੀਹਲ, ਗੁਰਦੀਪ ਸ਼ੇਰਗੜ੍ਹੀਆ, ਰਜਵਿੰਦਰ ਕੌਰ, ਪਰਵੀਨ, ਕਮਲੇਸ਼ ਕੁਮਾਰੀ, ਇਕਬਾਲ ਸਿੰਘ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ। ਧੰਨਵਾਦੀ ਸ਼ਬਦ ਡਾ. ਮਨਮੋਹਨ ਸਿੰਘ ਤੀਰ ਨੇ ਆਖੇ।

**ਰਿਪੋਰਟ : ਡਾ. ਜਸਵੰਤ ਰਾਏ**
**(9815825999)**

# ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਵਲੋਂ 12 ਸਖਸ਼ੀਅਤਾਂ ਦਾ ਸਨਮਾਨ ਅਤੇ ਡਾਇਰੈਕਟਰੀ ਸਮੇਤ 5 ਪੁਸਤਕਾਂ ਲੋਕ-ਅਰਪਣ

**ਬਠਿੰਡਾ (ਗੁਰਬਾਜ ਗਿੱਲ)–** ਇਕ ਵਿਸ਼ਾਲ ਸਮਾਗਮ ਦੌਰਾਨ ਗੁਰੂਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੁਹਾਲੀ, ਫੇਸ-1 ਵਿਖੇ ਸਾਹਿਤਕ ਖੇਤਰ ਵਿਚ ਵਿਸ਼ੇਸ਼ ਯੌਗਦਾਨ ਪਾਉਣ ਵਾਲੀਆਂ ਸ਼ਖਸ਼ੀਅਤਾਂ ਨੂੰ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਵਲੋਂ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਗੀਤਕਾਰ ਸ੍ਰ. ਸ਼ਮਸ਼ੇਰ ਸੰਧੂ ਅਤੇ ਗੀਤਕਾਰ ਰਾਜੂ ਨਾਹਰ ਨੂੰ 'ਨੰਦ ਲਾਲ ਨੂਰਪੁਰੀ ਅਵਾਰਡ-2018', ਕਵਿੱਤਰੀ ਤੇ ਕਹਾਣੀਕਾਰਾ ਕੁਲਵਿੰਦਰ ਕੌਰ ਮਹਿਕ ਅਤੇ ਕਵਿੱਤਰੀ ਤੇ ਕਹਾਣੀਕਾਰਾ ਵਰਿੰਦਰ ਕਰ ਰੰਧਾਵਾ ਨੂੰ, 'ਦਲੀਪ ਕੌਰ ਟਿਵਾਣਾ ਅਵਾਰਡ-2018', ਗ਼ਜ਼ਲਗੋ ਬਲਵੰਤ ਚਿਰਾਗ ਨੂੰ 'ਦੀਪਕ ਜੈਤੋਈ ਅਵਾਰਡ-2018', ਸ਼ਾਇਰ ਰਾਜ ਕੁਮਾਰ ਸਾਹਵਾਲੀਆ ਨੂੰ 'ਹਰਭਜਨ ਹਲਵਾਰਵੀ ਅਵਾਰਡ-2018', ਕਵਿੱਤਰੀ ਰਣਜੀਤ ਕੌਰ ਸਵੀ ਨੂੰ 'ਹੋਣਹਾਰ ਧੀ ਪੰਜਾਬ ਦੀ ਅਵਾਰਡ-2018', ਘੋੜ-ਸਵਾਰ ਅਫਸਰ ਅਤੇ ਸ਼ਾਇਰ ਪ੍ਰੀਤਮ ਸਿੰਘ ਰਾਠੀ ਨੂੰ 'ਮਾਣ ਪੰਜਾਬ ਦਾ ਅਵਾਰਡ-2018', ਲੋਕ-ਗਾਇਕ ਪੂਰਨ ਪਰਦੇਸੀ ਨੂੰ, 'ਲਾਲ ਚੰਦ ਯਮਲਾ ਜੱਟ ਅਵਾਰਡ-2018', ਗੀਤਕਾਰ ਲਾਲੀ ਕਰਤਾਰਪੁਰੀ ਨੂੰ 'ਇੰਦਰਜੀਤ ਹਸਨਪੁਰੀ ਅਵਾਰਡ-2018', ਸ਼ਾਇਰ ਇੰਜੀ. ਜੀ. ਐਸ. ਪਾਹੜਾ ਨੂੰ 'ਦੀਵਾਨ ਸਿੰਘ ਮਹਿਰਮ ਅਵਾਰਡ-2018' ਅਤੇ ਧਾਰਮਿਕ ਸ਼ਾਇਰ ਫਤਹਿ ਸਿੰਘ ਕਮਲ (ਬਾਗੜੀ) ਨੂੰ 'ਸਾਂਈ ਬੁੱਲੇ ਸ਼ਾਹ ਅਵਾਰਡ-2018' ਨਾਲ ਸਨਮਾਨਿਆ ਗਿਆ। ਇਸ ਅਵਸਰ ਤੇ ਕੁਲਵਿੰਦਰ ਕੌਰ ਮਹਿਕ ਦਾ ਕਹਾਣੀ-ਸੰਗ੍ਰਹਿ, 'ਰੌਣਕੀ ਪਿੱਪਲ', ਵਰਿੰਦਰ ਕੌਰ ਰੰਧਾਵਾ ਦਾ ਕਹਾਣੀ-ਸੰਗ੍ਰਹਿ, 'ਬੁਝਦੇ ਦੀਵੇ ਦੀ ਲੋਅ', ਬਲਵੰਤ ਚਿਰਾਗ ਦਾ ਕਾਵਿ-ਸੰਗ੍ਰਹਿ, 'ਉਦਾਸ ਅੱਖਰ', ਅਤੇ ਫਤਹਿ ਸਿੰਘ ਕਮਲ (ਬਾਗੜੀ) ਦਾ ਕਾਵਿ-ਸੰਗ੍ਰਹਿ, 'ਕਲਮ ਕੇ ਵਲਵਲੇ' ਵੀ ਰੀਲੀਜ ਕੀਤਾ ਗਿਆ । ਇਸ ਦੇ ਨਾਲ ਹੀ ਸੰਸਥਾ ਵਲੋ ਤਿਆਰ ਕੀਤੀ ਗਈ 906 ਕਲਾ-ਪ੍ਰੇਮੀਆਂ ਦੀ ਟੈਲੀਫੋਨ ਡਾਇਰੈਕਟਰੀ 'ਵਿਰਸੇ ਦੇ ਪੁਜਾਰੀ' ਵੀ ਰੀਲੀਜ ਕੀਤੀ ਗਈ। ਡਾਇਰੈਕਟਰੀ ਵਿਚ ਛਪੇ ਅਤੇ ਮੌਕੇ ਤੇ ਹਾਜਰ ਕਲਾ-ਪ੍ਰੇਮੀਆਂ ਨੂੰ ਡਾਇਰੈਕਟਰੀ ਦੇ ਨਾਲ ਨਾਲ ਇਕ ਮੈਡਲ ਨਾਲ ਸਨਮਾਨਿਤ ਵੀ ਕੀਤਾ ਗਿਆ।






ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਲਾਲ ਸਿੰਘ ਲਾਲੀ ਅਤੇ ਅਤੇ ਜਨਰਲ ਸਕੱਤਰ ਪ੍ਰੀਤਮ ਲੁਧਿਆਣਵੀ ਨੇ ਦੱਸਿਆ ਕਿ ਇਸ ਅਵਸਰ ਤੇ ਮੁੱਖ ਮਹਿਮਾਨ ਵਜੋਂ" ਜਨਾਬ ਆਰ ਐਲ. ਕਲਸੀਆ, ਆਈ. ਏ. ਐਸ. (ਰਿਟਾ.) ਅਤੇ ਸਮਾਗਮ ਦੇ ਪ੍ਰਧਾਨਗੀ-ਕਰਤਾ ਵਜੋ ਸ੍ਰ. ਸ਼ੰਗਾਰਾ ਸਿੰਘ ਭੁੱਲਰ, ਸੰਪਾਦਕ, ਰੋਜਾਨਾ ਸਪੋਕਸਮੈਨ ਨੇ ਸ਼ਿਰਕਤ ਕੀਤੀ। ਜਦ ਕਿ ਵਿਸ਼ੇਸ਼ ਮਹਿਮਾਨ ਵਜੋਂ ਸ੍ਰ. ਦਲਜੀਤ ਸਿੰਘ, ਡੀ. ਐਸ. ਪੀ., ਡਾ. ਕ੍ਰਿਸਨਾ ਕਲਸੀਆ, ਬਲਵੰਤ ਸੱਲ੍ਹਣ ਅਤੇ ਲਛਮਣ ਸਿੰਘ ਮੇਹੋ ਹਾਜਰ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਸਨਮਾਨਿਤ ਕਰਨ ਦੀਆਂ ਰਸਮਾਂ ਜਨਾਬ ਆਰ ਐਲ. ਕਲਸੀਆ, ਆਈ. ਏ. ਐਸ. (ਰਿਟਾ.) , ਸਮਾਗਮ ਦੇ ਪ੍ਰਧਾਨਗੀ-ਕਰਤਾ ਸ੍ਰ. ਸ਼ੰਗਾਰਾ ਸਿੰਘ ਭੁੱਲਰ ਅਤੇ ਪ੍ਰਧਾਨਗੀ ਮੰਡਲ ਨੇ ਇਕੱਠਿਆਂ ਨਿਭਾਈਆਂ । ਸਟੇਜ-ਸਕੱਤਰ ਦੀ ਭੂਮਿਕਾ ਸਟੇਜਾਂ ਦੀ ਧਨੀ, ਦੂਰ-ਦਰਸਨ ਦੀ ਐਕਰ ਸੰਦੀਪ ਕੌਰ ਅਰਸ਼ ਜੀ ਨੇ ਬਾ-ਖੂਬੀ ਨਿਭਾਈ ।

ਇਸ ਸਮਾਗਮ ਵਿਚ ਪੰਜਾਬ ਦੇ ਨਾਲ-ਨਾਲ ਭਾਰਤ ਦੇ ਦੂਜੇ ਸੂਬਿਆਂ ਤੋਂ ਵੀ ਕਲਾ-ਪ੍ਰੇਮੀ ਹੁੰਮ-ਹੁੰਮਾ ਕੇ ਪੁੱਜੇ।

ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਵਿਚ ਸੰਸਥਾ ਦੇ ਪ੍ਰਧਾਨ ਲਾਲ ਸਿੰਘ ਲਾਲੀ ਅਤੇ ਪ੍ਰਿੰਸੀਪਲ ਬਲਬੀਰ ਸਿੰਘ ਛਿੱਬਰ ਦੇ ਨਾਲ-ਨਾਲ, ਐਮ. ਐਸ. ਕਲਸੀ, ਸ਼ਮਸ਼ੇਰ ਸਿੰਘ ਪਾਲ, ਕ੍ਰਿਸ਼ਨ ਰਾਹੀ, ਸੁਦਾਗਰ ਮੁੰਡੀ ਖੈੜ, ਅਵਤਾਰ ਸਿੰਘ ਪਾਲ, ਜਰਨੈਲ ਹਸਨਪੁਰੀ, ਵਿਨੋਦ ਪਾਠਕ ਹਠੂਰੀਆ, ਬਾਵਾ ਬੱਲੀ, ਗੁਰਵਿੰਦਰ ਗੁਰੀ, ਸ਼ਿਵ ਬੱਲੀ, ਲਛਮਣ ਦਾਸ ਜੱਖੇਪਲੀਆ, ਤ੍ਰਿਪਤਾ ਵਰਮੌਤਾ, ਛੀਨਾ ਬੇਗਮ ਸੋਹਣੀ, ਬਲਵਿੰਦਰ ਕੌਰ ਲਗਾਣਾ, ਮਨਦੀਪ ਕੌਰ ਢੀਂਡਸਾ, ਸੁੱਖੀ ਫਾਂਟਵਾਂ, ਸਿਕੰਦਰ ਰਾਮਪੁਰੀ ਅਤੇ ਆਰ. ਡੀ. ਮੁਸਾਫਿਰ ਦਾ ਵਿਸੇਸ ਯੋਗਦਾਨ ਰਿਹਾ। ਕੁੱਲ ਮਿਲਾ ਕੇ ਸੰਸਥਾ ਦਾ ਇਹ ਸਮਾਗਮ ਯਾਦਗਾਰੀ ਪੈੜਾਂ ਛੱਡ ਗਿਆ, ਜਿਸਦੇ ਲਈ ਸੰਸਥਾ ਵਧਾਈ ਦੀ ਪਾਤਰ ਬਣਦੀ ਹੈ।

# ਸੰਵੇਦਨਸ਼ੀਲ ਸਾਹਿਤਕਾਰ ਹੀ ਸਮਾਜ ਨੂੰ ਸਹੀ ਸੇਧ ਦੇ ਸਕਦਾ ਹੈ- .ਡਾ ਅਮਰਜੀਤ ਕੌਂਕੇ

**ਰਾਜਪੁਰਾ (ਡਾ ਗੁਰਵਿੰਦਰ ਅਮਨ )–** ਲੋਕ ਸਾਹਿਤ ਸੰਗਮ ਰਾਜਪੁਰਾ ਦੀ ਸਾਹਿਤਿਕ ਸ਼ਾਮ ਰੋਟਰੀ ਭਵਨ ਵਿਖੇ ਹੋਈ ਜਿਸ ਵਿਚ ਅਵਤਾਰ ਪੁਆਰ ਦਾ ਪਲੇਠਾ ਗ਼ਜ਼ਲ ਸੰਗ੍ਰਹਿ 'ਸਹਿਕਦੀਆਂ ਪੌਣਾ' ਦਾ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਉੱਘੇ ਸਾਹਿਤਕਾਰ ਡਾ ਅਮਰਜੀਤ ਕੌਂਕੇ ਨੇ ਕਿਹਾ ਕਿ ਸੰਵੇਦਨਸ਼ੀਲ ਸਾਹਿਤਕਾਰ ਹੀ ਸਮਾਜ ਨੂੰ ਸਹੀ ਸੇਧ ਦੇ ਸਕਦਾ ਹੈ ਕਿਉਂ ਕਿ ਲੇਖਕ ਆਪਣੀ ਲੇਖਣੀ ਦੇ ਬੱਲ ਨਾਲ ਸਮਾਜਿਕ ਪਰਿਵਰਤਨ ਲਿਆ ਸਕਦਾ ਹੈ। ਅਜੋਕੇ ਸਮੇਂ ਲੋੜ ਹੈ ਪਾਣੀ, ਹਵਾ ਤੇ ਗੰਧਲੇ ਸਾਹਿਤ ਪ੍ਰਦੂਸ਼ਣ ਨੂੰ ਰੋਕਣ ਦੀ।ਇਸ ਮੌਕੇ ਸਭਾ ਦਾ ਆਗਾਜ਼ ਕਰਮ ਸਿੰਘ ਹਕੀਰ ਨੇ ਵਿਰਸਾ ਪੰਜਾਬ ਦਾ ਗੀਤ ਸੁਣਾਕੇ ਕੀਤਾ। ਸੁਰਿੰਦਰ ਸਿੰਘ ਸੋਹਣਾ ਨੇ 'ਲਾਕੇ ਡਿਗਰੀ ਨੂੰ ਅੱਗ ਲੱਗਾ ਵੇਚਣ ਪਕੌੜੇ।' ਸੁਣਾਕੇ ਸਾਡੀ ਰਾਜਨੀਤੀ ਤੇ ਚੰਗੀ ਚੋਟ ਮਾਰੀ। ਬਚਨ ਸਿੰਘ ਸੋਢੀ ਦੀ ਕਵਾਲੀ, ਜਾਨੀ ਜੀਰਕਪੁਰੀਆ ਦੀ ਕਵਿਤਾ ਅਤੇ ਦਰਸ਼ਨ ਬਨੂੜ ਦਾ ਗੀਤ ਮਾਂ ਬੋਲੀ ਤੇਰਾ ਸੇਵਕ ਮੈ ਹਰ ਵਾਰ ਬਣ ਸਕਦਾ ਹਾਂ' ਸੁਣਾਕੇ ਚੰਗਾ ਰੰਗ ਬੰਨਿਆ। ਬਲਦੇਵ ਸਿੰਘ ਖੁਰਾਣਾ ਦਾ ਗੀਤ ,ਗੁਰਵਿੰਦਰ ਆਜ਼ਾਦ ਦੀ ਕਵਿਤਾ 'ਕਦੇ ਤਾਰਿਆ ਨੂੰ ਦੇਖਾਂ, ਕਦੇ ਚੰਨ ਵੱਲ ਵੇਖਾਂ' ਸੁਣਾਇਆ। ਪ੍ਰੋ ਸ਼ਤਰੂਘਨ ਗੁਪਤਾ ਨੇ ਹਿੰਦੀ ਕਵਿਤਾ ਦਾ ਰੰਗ ਵਿਖਾਇਆ। ਭੀਮ ਸੈਨ ਝੂਲੇ ਲਾਲ ਦੀ ਸਰਾਇਕੀ ਕਵਿਤਾ ਵਧੀਆ ਸੀ। ਗੀਤਕਾਰ ਕੁਲਵੰਤ ਜੱਸਲ ਦਾ ਗੀਤ 'ਹੁੰਦੇ ਨੇ ਰੱਬ ਸਬੱਬੀ ਮੇਲ; ਸੁਣਾਕੇ ਕੇ ਮਾਹੌਲ ਰੰਗੀਨ ਕੀਤਾ। ਅਲੀ ਰਾਜਪੁਰਾ ਦਾ ਗੀਤ ਅਤੇ ਤਾਰਾ ਦਾ ਧਾਰਮਿਕ ਗੀਤ ਵਧੀਆ ਸੀ। ਸੁੱਚਾ ਸਿੰਘ ਗੰਡਾ, ਦੇਸ ਰਾਜ ਨਿਰੰਕਾਰੀ, ਅਮਰਜੀਤ ਸਿੰਘ ਲੁਬਾਣਾ, ਡਾ ਨਿਰਮਲ ਸਿੰਘ, ਡਾ ਹਰਜੀਤ ਸਿੰਘ ਸੱਧਰ ਅਤੇ ਹਰਬੰਸ ਸਿੰਘ ਸ਼ੁਹਾ ਨੇ ਆਪਣੀ ਰਚਨਾ ਸੁਣਾਈ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਦੀ 'ਕਾਰੀ' ਅਜੋਕੇ ਸਮਾਜ ਤੇ ਕਟਾਕਸ਼ ਸੀ। ਥਾਣੇਦਾਰ ਰਵਿੰਦਰ ਕ੍ਰਿਸ਼ਨ ਦੀ ਕਵਿਤਾ 'ਰੋਟੀ ' ਅਤੇ ਪੱਤਰਕਾਰ ਜੀ ਪੀ ਸਿੰਘ ਦੇ ਸ਼ੇਅਰ ਕਾਬਲੇ ਤਾਰੀਫ ਸਨ। ਅੰਗਰੇਜ ਕਲੇਰ ਨੇ ਜਿਥੇ ਆਪਣੀ ਕਵਿਤਾ ਸੁਣਾਈ ਉੱਥੇ ਸਭਾ ਦੀ ਕਾਰਵਾਈ ਬਖੂਬੀ ਚਲਾਈ। ਡਾ ਗੁਰਵਿੰਦਰ ਅਮਨ ਨੇ ਅਵਤਾਰ ਪੁਆਰ ਦੀ ਕਿਤਾਬ ਸਹਿਕਦੀਆਂ ਪੌਣਾਂ ਬਾਰੇ ਵਧਾਈ ਦਿੰਦਿਆਂ ਕਿਹਾ ਕਿ ਲੇਖਕ ਦੀ ਹਰ ਰਚਨਾਂ ਦਿਲ ਟੁੰਬਦੀ ਹੈ ਇਸ ਨਾਲ ਉਸ ਦੀ ਸਖਸ਼ੀਅਤ ਉਜਾਗਰ ਹੁੰਦੀ ਹੈ।



# ਸਿੱਖ ਰਾਈਡਰਜ ਵੱਲੋਂ ਟੈਕਸਾਸ ਵਿਖੇ ਕਰਵਾਈ ਚੌਥੀ ਸਲਾਨਾ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ



**ਬੈਡਫੋਰਡ (ਟੈਕਸਾਸ) ਨੀਟਾ ਮਾਛੀਕੇ /ਕੁਲਵੰਤ ਧਾਲੀਵਾਲ–** ਸਿੱਖ ਰਾਈਡਰਜ ਆਫ਼ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਸਨੀਵਾਰ ਬੈਡਫੋਰਡ ਟੈਕਸਾਸ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਚੌਥੀ ਸਲਾਨਾਂ ਮੋਟਰ-ਸਾਇਕਲ ਰੈਲੀ ਦਾ ਅਯੋਜਨ ਸਾਇਕਲ ਗੇਅਰ ਬੈਡਫੋਰਡ ਡੀਲਰਸ਼ਿੱਪ ਤੇ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਮੋਟਰ ਸਾਈਕਲ ਸਵਾਰਾ ਨੇ ਭਾਗ ਲਿਆ ਅਤੇ ਕੁਲ 500 ਦੇ ਕਰੀਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਰੈਲੀ ਦੌਰਾਂਨ 5 ਲੋਕਲ ਚੈਰਟੀਆਂ ਲਈ 80000 ਡਾਲਰ ਫੰਡ ਵੀ ਇਕੱਤਰ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਬੁਲਾਰਿਆ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ। ਪਾਣੀ ਦੀਆਂ ਬੋਤਲਾਂ ਅਤੇ ਹੋਰ ਸਨੈਕ ਵਗੈਰਾ ਦਾ ਵੀ ਸਿੱਖ ਰਾਈਡਰਜ ਵੱਲੋਂ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਪਿੱਛੋਂ ਇਹ ਰੈਲੀ ਮੈਰੀ ਹਿੱਡਜ਼ ਸੈਂਟਰ ਪਾਰਕ ਕੈਰਲਟਿੰਨ ਵਿੱਖੇ ਪਹੁੰਚੀ ਜਿਥੇ ਪੰਜਾਬੀ ਗੀਤਾਂ ਤੇ ਭੰਗੜਾ ਪਾਉਦੇ ਗੋਰੇ ਸਿੱਖ ਲਟਰੇਚਰ ਲੈਕੇ ਖ਼ੁਸ਼ੀ ਖ਼ੁਸ਼ੀ ਘਰੋ ਘਰੀ ਪਰਤੇ। ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਹਨਾਂ ਭਰਪੂਰ ਸਲਾਘਾ ਕੀਤੀ। ਇਸ ਮੌਕੇ ਗੋਰਿਆਂ ਦੇ ਬੈਂਡ ਨੇ ਵੀ ਆਪਣੀ ਗਾਇਕੀ ਦੀ ਜਾਦੂ ਬਖੇਰਿਆ ਅਤੇ ਸਿੱਖ ਰਾਇਡਰਜ਼ ਵੱਲੋਂ ਲੰਚ ਵੀ ਸਰਵ ਕੀਤਾ ਗਿਆ। ਇਸ ਮੌਕੇ ਸਿੱਖ ਰਾਈਡਰਜ ਨੇ ਅਰਵਿੰਨ ਪੁਲਿਸ ਦਾ ਰੈਲੀ ਨੂੰ ਇਸਕੌਰਟ ਕਰਨ ਲਈ ਸ਼ੁਕਰੀਆ ਅਦਾ ਕੀਤਾ ਅਤੇ ਇਸ ਤੋਂ ਬਿਨਾਂ ਸਾਰੇ ਹੀ ਵਲੰਟੀਅਰ ਅਤੇ ਸਹਿਯੋਗੀ ਸੰਸਥਾਵਾਂ ਦਾ ਸਾਥ ਦੇਣ ਲਈ ਧੰਨਵਾਦ ਵੀ ਕੀਤਾ। ਅਖੀਰ ਅਮਿੱਟ ਪੈੜ੍ਹਾਂ ਛੱਡਦੀ ਇਹ ਰੈਲੀ ਯਾਦਗਾਰੀ ਹੋ ਨਿਬੜੀ।



# ਸਿਆਟਲ ਦੇ ਗੁਰਦੁਆਰਾ ਰੈਂਟਨ ਵਿਖੇ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ




**ਸਿਆਟਲ (ਹਰਮਨਪ੍ਰੀਤ ਸਿੰਘ)–** ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਅੱਜ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਦਿ-ਹਾੜਾ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਪ੍ਰਸਿੱਧ ਕੀਰਤਨੀ ਜਥੇ ਭਾਈ ਜਰਨੈਲ ਸਿੰਘ ਲੁਧਿਆਣੇ ਵਾਲੇ, ਭਾਈ ਵਰਿਆਮ ਸਿੰਘ ਤੇ ਭਾਈ ਪਰਮਜੀਤ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਨੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਸ਼ੇਰ ਸਿੰਘ ਨੇ ਕਥਾ ਦੁਆਰਾ ਸੰਗਤਾਂ ਨੂੰ ਗੁਰਬਾਨੀ ਨਾਲ ਜੋੜਿਆ।

ਅੱਜ ਦੇ ਦੀਵਾਨ ਵਿਚ ਵਾਸ਼ਿੰਗਟਨ ਸੂਬੇ ਦੇ ਗਵਰਨਰ ਦੀ ਚੋਣ ਲੜ ਚੁੱਕੇ ਤੇ ਮੌਜੂਦਾ ਸਟੇਟ ਸੈਨੇਟਰ ਸ੍ਰੀ ਡਿਨੋਰੋਸੀ ਉਚੇਚੇ ਤੌਰ ’ਤੇ ਪਹੁੰਚੇ ਤੇ ਸੰਗਤਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਸਿੱਖ ਧਰਮ ਦੀ ਜੰਮ ਕੇ ਪ੍ਰਸੰਸਾ ਕੀਤੀ ਤੇ ਕਿਹਾ ਕਿ ਉਹ ਹਮੇਸ਼ਾ ਸਿੱਖ ਭਾਈਚਾਰੇ ਦੇ ਕਿਸੇ ਵੀ ਮਸਲੇ ਨੂੰ ਹੱਲ ਕਰਵਾਉਣ ਲਈ ਤਿਆਰ ਰਹਿੰਦੇ ਹਨ ਤੇ ਕਦੇ ਵੀ ਉਨ੍ਹਾਂ ਦੀ ਲੋੜ ਪਵੇ ਤਾਂ ਉਹ ਹਮੇਸ਼ਾ ਹਾਜ਼ਰ ਹੋਣਗੇ।

ਇਸ ਮੌਕੇ ਗੁਰਦੁਆਰਾ ਕਮੇਟੀ ਵਲੋਂ ਪ੍ਰਧਾਨ ਜਗਮੋਹਰ ਸਿੰਘ ਵਿਰਕ, ਜਨਰਲ ਸਕੱਤਰ ਅਵਤਾਰ ਸਿੰਘ ਆਦਮਪੁਰੀ, ਸਕੱਤਰ ਸਨਮੋਹਨ ਸਿੰਘ ਸੋਢੀ ਅਤੇ ਬਾਕੀ ਮੈਂਬਰਾਂ ਨੇ ਸ੍ਰੀ ਡਿਨੋਰੋਸੀ ਦਾ ਧਾਰਮਿਕ ਕਿਤਾਬਾਂ ਦਾ ਸੈੱਟ ਭੇਟ ਕਰਕੇ ਸਨਮਾਨ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਜੀ.ਐਚ.ਜੀ.ਅਕੈਡਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿਚ ਸਲਾਨਾ ਸਭਿਆਚਾਰਕ ਕੈਂਪ ਅਤੇ ਅੰਤਰ ਰਾਸ਼ਟਰੀ ਯੁਵਕ ਮੇਲੇ ਸਬੰਧੀ ਅਹਿਮ ਵਿਚਾਰਾਂ



**ਫਰਿਜ਼ਨੋ (ਕੈਲੇਫੋਰਨੀਆ)–** ਜੀ. ਐਚ. ਜੀ. ਸੰਗੀਤ ਐਂਡ ਡਾਂਸ ਅਕੈਡਮੀ ਫਰਿਜ਼ਨੋ ਜੋ ਪਿਛਲੇ ਸਮੇਂ ਤੋਂ ਪ੍ਰਦੇਬਾਂ ਵਿਚ ਜੰਮੀ-ਪਲੀ ਨਵੀਂ ਪਨੀਰੀ ਨੂੰ ਆਪਣੇ ਗੌਰਵਮਈ ਸਭਿਆਚਾਰਕ ਵਿਰਸੇ ਨਾਲ ਜੋੜਨ ਲਈ ਸਿਰਤੋੜ ਯਤਨ ਕਰ ਰਹੀ ਹੈ, ਦੇ ਪ੍ਰਬੰਧਕੀ ਬੋਰਡ ਦੀ ਵਿਸ਼ੇਸ਼ ਮੀਟਿੰਗ 6 ਮਈ ਨੂੰ ਇੰਡੀਆ ਓਵਨ ਵਿਖੇ ਹੋਈ, ਜਿਸ ਦੌਰਾਨ ਆਉਣ ਵਾਲੇ ਸਾਲਾਨਾ ਕੈਂਪ ਜੋ 6 ਜੁਲਾਈ ਤੋਂ 20 ਜੁਲਾਈ ਤੱਕ ਪੰਜਬੀ ਸਕੂਲ ਫਰਿਜ਼ਨੋ ਵਿਖੇ ਲੱਗੇਗਾ ਅਤੇ ਅੰਤਰ ਰਾਸ਼ਟਰੀ ਯੁਵਕ ਮੇਲਾ ਜੋ 21 ਜੁਲਾਈ ਨੂੰ ਸੈਂਟਰਲ ਹਾਈ ਸਕੂਲ ਦੇ ਜਿਮਨੇਜ਼ੀਅਮ ਵਿਖੇ ਹੋਵੇਗਾ, ਸਬੰਧੀ ਮਹੱਤਵਪੂਰਨ ਫੈਸਲੇ ਕੀਤੇ ਗਏ।

ਬਸੰਤ ਸਿੰਘ ਧਾਲੀਵਾਲ ਨੇ ਸਭ ਨੂੰ ਨਿੱਘੀ ਜੀ ਆਇਆਂ ਕਹਿੰਦੇ ਹੋਏ ਅਕੈਡਮੀ ਦੇ ਮੁੱਖ ਮਨੋਰਥ ਬਾਰੇ ’ਨਸ਼ੇ ਛੱਡੋ ਕੋਹੜ ਵੱਢੋ’ ਤੇ ਚਲਦਿਆਂ ਅਕੈਡਮੀ ਦੀਆਂ ਗਤੀਵਿਧੀਆਂ ’ਤੇ ਚਾਨਣਾ ਪਾਇਆ। ਪ੍ਰਮਜੀਤ ਸਿੰਘ ਧਾਲੀਵਾਲ ਨੇ 6 ਜੁਲਾਈ ਤੋਂ ਆਰੰਭ ਹੋਣ ਵਾਲੇ ਸਾਲਾਨਾ ਕੈਂਪ ਜਿਸ ਵਿਚ ਹਰ ਵਰ੍ਹੇ 500 ਤੋਂ ਵਧੀਕ ਬੱਚੇ ਸਿੱਖਿਆ ਪ੍ਰਾਪਤ ਕਰਦੇ ਹਨ ਤੇ ਪ੍ਰੋਗਰਾਮਾਂ ਬਾਰੇ ਵਿਸਥਾਰ ਪੂਰਵਕ ਦੱਸਿਆ। ਪ੍ਰੀਤਮ ਸਿੰਘ ਪਾਸਲਾ ਦੀ ਅਗਵਾਈ ਹੇਠ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜੋ ਕੈਂਪ ਦੀਆਂ ਗਤੀਵਿਧੀਆਂ ਜਿਵੇਂ ਗਿੱਧਾ, ਭੰਗੜਾ, ਗੱਤਕਾ, ਪੱਗ ਬੰਨਣ ਦੀ ਸਿਖਲਾਈ ਦੇਣ ਅਤੇ ਹੋਰ ਸਭਿਆਚਾਰਕ ਗਤੀਵਿਧੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਬੱਚਿਆਂ ਨੂੰ ਸਿਖਾਉਣ ਲਈ ਕੋਚਾਂ ਦਾ ਹਰ ਕਦਮ ਤੇ ਸਹਿਯੋਗ ਦੇਵੇਗੀ।

ਅਕੈਡਮੀ ਦੀ ਸੀਨੀਅਰ ਹੈਡ ਕੋਚ ਬੀਬੀ ਤਰਨਜੀਤ ਕੌਰ ਕਲੇਰ ਅਤੇ ਯੂਥ ਵਿੰਗ ਦੀ ਉਭਰਦੀ ਕੋਚ ਬੱਚੀ ਮਨਵੀਰ ਕੌਰ ਧਾਲੀਵਾਲ ਨੇ ਕੈਂਪ ਦੌਰਾਨ ਬੱਚਿਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਿਖਲਾਈ ਅਤੇ ਡਿਸਿਪਲਿਨ ਪੈਦਾ ਕਰਨ ਲਈ ਆਪਦੇ ਵਿਚਾਰ ਪੇਸ਼ ਕੀਤੇ। ਜਿਹਨਾਂ ਨੂੰ ਬੋਰਡ ਨੇ ਪ੍ਰਵਾਨ ਕਰਦਿਆਂ ਲਾਗੂ ਕਰਨ ਦਾ ਫੈਸਲਾ ਕੀਤਾ। ਵਿਰਾਸਤੀ ਸਮਾਗਮ ਅਤੇ ਕਲਚਰਲ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਸਬੰਧੀ ਧੰਨਵਾਦ ਕੀਤਾ। ਉਦੈਦੀਪ ਸਿਧੂ ਨੇ ਬੱਚਿਆਂ ਅਤੇ ਮਾਪਿਆਂ ਦੀਆਂ ਸੇਵਾਵਾਂ ਦਾ ਧੰਨਵਾਦ ਕੀਤਾ।

# ਸਿਆਟਲ ਨੇੜੇ ਬੈਲਹਿਗਮ ਸ਼ਹਿਰ ਵਿਖੇ ਖ਼ਾਲਸੇ ਦਾ ਸਾਜਨਾ ਦਿਵਸ ਮਨਾਇਆ, ਨਗਰ ਕੀਰਤਨ ਵੀ ਸਜਾਇਆ

**ਸਿਆਟਲ (ਹਰਮਨਪ੍ਰੀਤ ਸਿੰਘ)–** ਸਿਆਟਲ ਦੇ ਨੇੜੇ ਕੈਨੇਡਾ ਦੀ ਸਰਹੱਦ ਕੋਲ ਸ਼ਹਿਰ ਬੈਲਹਿਗਮ ਦੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਅੱਜ ਖ਼ਾਲਸੇ ਦਾ ਸਾਜਨਾ ਦਿਵਸ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਦੀਵਾਨ ਸਜਾਏ ਗਏ, ਜਿਸ ਵਿਚ ਪ੍ਰਸਿੱਧ ਕੀਰਤਨੀ ਜਥੇ ਭਾਈ ਜੁਝਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਤੇ ਭਾਈ ਸੁਖਵਿੰਦਰ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਨੀ ਦਾ ਰਸਭਿੰਨਾ ਕੀਰਤਨ ਕੀਤਾ ਤੇ ਗਿਆਨੀ ਸ਼ੇਰਾ ਸਿੰਘ ਤੇ ਸਮਰਾਮਾ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। 12 ਵਜੇ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਹੋਈਆਂ। ਇਸ ਮੌਕੇ ਤਰ੍ਹਾਂ-ਤਰ੍ਹਾਂ ਦੇ ਖਾਣ-ਪੀਣ ਦੇ ਲੰਗਰਾਂ ਦੇ ਸਟਾਲ ਲਗਾਏ ਗਏ ਸਨ। ਗੁਰਦੁਆਰਾ ਕਮੇਟੀ ਵਲੋਂ ਤੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਸਿਆਟਲ ਵਿਖੇ ਰਵੀਇੰਦਰ ਸਿੰਘ ਧਾਲੀਵਾਲ ਦਾ ਅੰਤਿਮ ਸੰਸਕਾਰ ਹੋਇਆ, ਵੱਡੀ ਗਿਣਤੀ ਵਿਚ ਲੋਕ ਦੁੱਖ ਸਾਂਝਾ ਕਰਨ ਪੁੱਜੇ

**ਸਿਆਟਲ (ਹਰਮਨਪ੍ਰੀਤ ਸਿੰਘ)–** ਸਿਆਟਲ ਦੇ ਏ.ਬੀ.ਸੀ. ਭੰਗੜਾ ਟੀਮ ਦੇ ਕੋਚ ਹਰਮੀਤ ਸਿੰਘ ਧਾਲੀਵਾਲ ਦੇ ਪਿਤਾ ਰਵੀਇੰਦਰ ਸਿੰਘ ਧਾਲੀਵਾਲ (58 ਸਾਲ), ਜੋ ਬੀਤੇ ਦਿਨੀਂ ਸਵਰਗਵਾਸ ਹੋ ਗਏ ਸਨ, ਉਨ੍ਹਾਂ ਦਾ ਅੰਤਿਮ ਸੰਸਕਾਰ ਕੈਂਟ ਦੇ ਫਿਊਨਲ ਹੋਮ ਵਿਖੇ ਅੱਜ ਕੀਤਾ ਗਿਆ। ਇਸ ਮੌਕੇ ਸਿਆਟਲ ਦੇ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਹਸਤੀਆਂ ਸਮੇਤ ਭਾਰੀ ਗਿਣਤੀ ਵਿਚ ਲੋਕ ਮੌਜੂਦ ਸਨ। ਬੜਾ ਹੀ ਗ਼ਮਗੀਨ ਮਾਹੌਲ ਸੀ। ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਹੋਈ। ਉਥੇ ਵੀ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰੇ ਦੇ ਲੋਕ ਹਾਜ਼ਰ ਸਨ।

# ਮੁਸਲਿਮ ਭਾਈਚਾਰੇ ਖਿਲਾਫ਼ ਹਿੰਸਕ ਮਾਹੌਲ ਵਿਰੁੱਧ ਦੇਸ਼ ਭਗਤ ਯਾਦਗਾਰ ਕਮੇਟੀ ਦਾ ਲੋਕਾਂ ਨੂੰ ਸੱਦਾ

**ਜਲੰਧਰ–** ਆਜ਼ਾਦੀ ਜੱਦੋ ਜਹਿਦ ਵਿੱਚ ਮੋਢੇ ਸੰਗ ਮੋਢਾ ਜੋੜਕੇ ਜੂਝੇ ਮੁਸਲਮਾਨ ਭਾਈਚਾਰੇ ਦੇ ਧਾਰਮਕ ਅਤੇ ਮੌਲਿਕ ਜਮਹੂਰੀ ਹੱਕਾਂ ਉਪਰ ਛਾਪੇ ਮਾਰਨ, ਧਾਰਮਕ ਮਨੌਤਾਂ ਨੂੰ ਧੱਕੇ ਨਾਲ ਰੋਕਣ, ਹਮਲੇ ਕਰਨ, ਸਾੜ-ਫੂਕ, ਮਾਰ-ਧਾੜ ਦਾ ਬਾਜ਼ਾਰ ਗਰਮ ਕਰਨ ਲਈ ਬੇਖੌਫ ਹੱਲੇ ਬੋਲ ਰਹੇ ਕੁੱਝ ਸੰਗਠਨਾਂ ਅਤੇ ਵਿਅਕਤੀਆਂ ਨੂੰ ਉਚੇਚੇ ਤੌਰ ’ਤੇ ਭਾਜਪਾ ਸਰਕਾਰ ਅਤੇ ਪਾਰਟੀ ਵੱਲੋਂ ਥਾਪੜਾ ਦੇਣ ਦੀ ਜ਼ੋਰਦਾਰ ਨਿੰਦਾ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੋਸ਼ ਲਾਇਆ ਹੈ ਕਿ 2019 ਦੀਆਂ ਚੋਣਾਂ ’ਚ ਆਪਣੀਆਂ ਵੋਟਾਂ ਦਾ ਝਾੜ ਵਧਾਉਣ ਲਈ ਸਮਾਜ ਅੰਦਰ ਧਾਰਮਕ, ਫ਼ਿਰਕੇਦਾਰਾਨਾ ਵੰਡੀਆਂ ਪਾ ਕੇ ਬਹੁਤ ਹੀ ਖ਼ਤਰਨਾਕ ਹਾਲਾਤ ਪੈਦਾ ਕਰਨ ਦੀ ਘਿਨੌਣੀ ਖੇਡ ਖੇਡੀ ਜਾ ਰਹੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਇਤਿਹਾਸ ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ’ਚ ਕਿਹਾ ਹੈ ਕਿ ’ਗਊ ਰੱਖਿਆ’, ’ਲਵ-ਜਹਾਦ’, ’ਘਰ-ਵਾਪਸੀ’, ਸਿੱਖਿਆ ਦਾ ਭਗਵਾਕਾਰਨ ਅਤੇ ਸਿਲੇਬਸ ਬਦਲੀ, ਅੰਧ ਵਿਸ਼ਵਾਸ ਨੂੰ ਬੜਾਵਾ ਦੇਣ ਅਤੇ ਵਿਗਿਆਨ ਦੀ ਫੱਟੀ ਪੋਚਣ ਦੇ ਚੱਲ ਰਹੇ ਸਿਲਸਲਿਆਂ ਨੇ ਹੁਣ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਜਦੋਂ ਮੁਸਲਿਮ ਭਾਈਚਾਰੇ ਨੂੰ ਚੋਣਵਾਂ ਨਿਸ਼ਾਨਾ ਬਣਾਉਂਦੇ ਹੋਏ ਜਨਤਕ ਥਾਵਾਂ ’ਤੇ ਨਮਾਜ਼ ਪੜਨ ’ਤੇ ਰੋਕ ਲਗਾ ਦਿੱਤੀ ਅਤੇ ਨਮਾਜ਼ੀਆਂ ਨੂੰ ਦੇਸ਼ ਭਰ ’ਚ ਧਮਕੀਆਂ ਦੇਣ, ਖਦੇੜਨ ਅਤੇ ਨਮਾਜ਼ ਨਾ ਪੜਨ ਦੇਣ ਲਈ ’ਭੀੜਾਂ’ ਨੂੰ ਉਕਸਾਇਆ ਜਾ ਰਿਹਾ ਹੈ। ਖਾਸ ਕਰਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਮੰਤਰੀ ਅਨਿਲ ਬਿਜ ਦੇ ਮੁਸਲਮ ਭਾਈਚਾਰੇ ਵਿਰੋਧੀ ਤਾਜ਼ਾ ਬਿਆਨਾਂ ’ਤੇ ਕਮੇਟੀ ਨੇ ਸਖ਼ਤ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ, ਧਰਮ-ਨਿਰਪੱਖ ਸ਼ਕਤੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਸਮਾਜਕ ਭਾਈਚਾਰੇ ਨੂੰ ਚੀਰਾ ਦੇਣ ਵਾਲੀਆਂ ਤਾਕਤਾਂ ਖਿਲਾਫ਼ ਸਾਂਝੀ ਲੋਕ ਲਹਿਰ ਉਸਾਰਨ ਲਈ ਅੱਗੇ ਆਉਣ।

# ਫਗਵਾੜਾ ਗੋਲੀਕਾਂਡ ਦੇ ਸ਼ਿਕਾਰ ਕੁਲਵਿੰਦਰ ਕੁਮਾਰ ਦੇ ਪਰਿਵਾਰ ਨਾਲ ਬਸਪਾ ਪੰਜਾਬ ਦੇ ਪ੍ਰਧਾਨ ਰਸ਼ਪਾਲ ਰਾਜੂ ਨੇ ਕੀਤੀ ਮੁਲਾਕਾਤ

**ਫਗਵਾੜਾ (ਰੱਤੂ)–** ਫਗਵਾੜਾ ਦੇ ਜੀ.ਟੀ. ਰੋਡ ਤੇ ਪੇਪਰ ਚੌਕ ਦਾ ਨਾਮ ਬਦਲਣ ਨੂੰ ਲੈ ਕੇ ਬੀਤੀ 13 ਅਪ੍ਰੈਲ ਨੂੰ ਦੋ ਧਿਰਾਂ ਵਿਚ ਹੋਏ ਆਪਸੀ ਟਕਰਾਅ ਦੌਰਾਨ ਗੋਲੀ ਲੱਗਣ ਨਾਲ ਜਖਮੀ ਹੋਏ ਪਿੰਡ ਭੁੱਲਾਰਾਈ ਦੇ ਵਸਨੀਕ ਕੁਲਵਿੰਦਰ ਕੁਮਾਰ ਨਾਲ ਅੱਜ ਬਸਪਾ ਪੰਜਾਬ ਦੇ ਪ੍ਰਧਾਨ ਰਸ਼ਪਾਲ ਰਾਜੂ ਨੇ ਉਸਦੇ ਗ੍ਰਹਿ ਵਿਖੇ ਪੁੱਜ ਕੇ ਮੁਲਾਕਾਤ ਕੀਤੀ ਅਤੇ ਹਾਲ-ਚਾਲ ਪੁੱਛਿਆ। ਉਹਨਾਂ ਦੇ ਨਾਲ ਬਸਪਾ ਪੰਜਾਬ ਦੀ ਸਕੱਤਰ ਸ੍ਰੀਮਤੀ ਰਚਨਾ ਦੇਵੀ, ਜੋਨ ਇੰਚਾਰਜ ਪਰਵੀਨ ਬੰਗਾ ਅਤੇ ਜਿਲ੍ਹਾ ਕਪੂਰਥਲਾ ਦੇ ਜਨਰਲ ਸਕੱਤਰ ਐਡਵੋਕੇਟ ਕੁਲਦੀਪ ਭੱਟੀ ਤੋਂ ਇਲਾਵਾ ਸੰਤੋਖ ਲਾਲ ਢੱਡਾ ਇੰਚਾਰਜ ਬਸਪਾ ਫਗਵਾੜਾ ਵੀ ਸਨ। ਰਸ਼ਪਾਲ ਸਿੰਘ ਰਾਜੂ ਨੇ ਫਗਵਾੜਾ ਵਿਚ ਵਾਪਰੀ ਉਕਤ ਘਟਨਾ ਨੂੰ ਮੰਦਭਾਗੀ ਦੱਸਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਘਟਨਾ ਲਈ ਜਿੰਮੇਵਾਰ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗਿਰਫਤਾਰ ਕੀਤਾ ਜਾਵੇ। ਉਹਨਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਇਸ ਗੋਲੀਕਾਂਡ ਵਿਚ ਸ਼ਹੀਦ ਹੋਏ ਯਸ਼ਵੰਤ ਕੁਮਾਰ ਬੋਬੀ ਅਤੇ ਜਖਮੀਆਂ ਦੇ ਪਰਿਵਾਰਾਂ ਨਾਲ ਖੜੀ ਹੈ। ਇਸ ਮੌਕੇ ਉਹਨਾਂ ਵਿਦੇਸ਼ਾਂ ਵਿਚ ਰਹਿੰਦੇ ਬਸਪਾ ਵਰਕਰਾਂ ਵਲੋਂ ਇਕੱਠੇ ਕਰਕੇ ਭੇਜੇ 80 ਹਜਾਰ ਰੁਪਏ ਵੀ ਕੁਲਵਿੰਦਰ ਕੁਮਾਰ ਦੇ ਪਰਿਵਾਰ ਨੂੰ ਭੇਂਟ ਕੀਤੇ। ਇਸ ਮੌਕੇ ਤਹਿਸੀਲ ਵਾਈਸ ਪ੍ਰਧਾਨ ਸੁਰਜੀਤ ਭੁੱਲਾਰਾਈ, ਸੰਜੀਵ ਭੁੱਲਾਰਾਈ, ਧਰਮਪਾਲ ਫਰਾਂਸ, ਸੰਤੋਖ ਲਾਲ ਢੱਡਾ, ਹਰਮੇਸ਼ ਕਾਲਾ ਮੇਹਟਾਂ, ਸਰਵਨ ਸਿੰਘ, ਵਿਜੇ ਮਜਾਰੀ ਆਦਿ ਵੀ ਹਾਜਰ ਸਨ।



# ਚਰਨਜੀਤ ਪੰਨੂ ਦੇ ਸਮੁੱਚੀ ਸਾਹਿਤ-ਸਿਰਜਣਾ ਤੇ ਫਗਵਾੜਾ ਵਿਖੇ ਵਿਸ਼ਾਲ ਗੋਸ਼ਟੀ

## ਪ੍ਰਸਿੱਧ ਵਿਦਵਾਨ, ਸਾਹਿੱਤਕਾਰ, ਅਤੇ ਵੱਡੀ ਗਿਣਤੀ 'ਚ ਸਾਹਿੱਤਪ੍ਰੇਮੀ ਹੋਏ ਸ਼ਾਮਲ

**ਫਗਵਾੜਾ–** ਪੰਜਾਬੀ ਸਾਹਿੱਤ ਅਤੇ ਸਭਿਆਚਾਰ ਸਦਨ, ਫਗਵਾੜਾ, ਪੰਜਾਬੀ ਵਿਰਸਾ ਟਰੱਸਟ, ਫਗਵਾੜਾ ਅਤੇ ਪੰਜਾਬ ਸਕੇਪ ਫਗਵਾੜਾ ਦੇ ਸਾਂਝੇ ਉਪਰਾਲੇ ਨਾਲ ਬਹੁ-ਪੱਖੀ ਸਾਹਿੱਤਕਾਰ ਸ: ਚਰਨਜੀਤ ਸਿੰਘ ਪੰਨੂ ਰਚਿਤ ਪੰਜ ਸਫ਼ਰਨਾਮਿਆਂ, ਚਾਰ ਕਾਵਿ-ਸੰਗ੍ਰਹਿਆਂ, ਤਿੰਨ ਕਹਾਣੀ-ਸੰਗ੍ਰਹਿਆਂ ਅਤੇ ਇੱਕ ਇਕਾਂਗੀ ਸੰਗ੍ਰਹਿ, ਪੁਸਤਕਾਂ ਤੇ ਆਧਾਰਿਤ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੇ ਪਹਿਲੇ ਦੌਰ ਦੀ ਪ੍ਰਧਾਨਗੀ ਮੰਡਲ ਵਿਚ ਡਾ: ਸ਼ਿਆਮ ਸੁੰਦਰ ਦੀਪਤੀ, ਸੰਧੂ ਵਰਿਆਣਵੀ, ਸੁਲੱਖਣ ਸਰਹੱਦੀ, ਚਰਨਜੀਤ ਸਿੰਘ ਪੰਨੂ, ਗਿਆਨ ਸਿੰਘ ਸਾਬਕਾ ਡੀ.ਪੀ.ਆਰ.ਓ, ਡਾ: ਐਸ.ਐਸ.ਛੀਨਾ ਸ਼ਾਮਲ ਸਨ, ਜਦਕਿ ਦੂਜੇ ਦੌਰ ਦੇ ਪ੍ਰਧਾਨਗੀ ਮੰਡਲ ਵਿਚ ਡਾ: ਮੋਹਨ ਤਿਆਗੀ, ਬਲਦੇਵ ਸਿੰਘ ਸੜਕਨਾਮਾ, ਚਰਨਜੀਤ ਸਿੰਘ ਪੰਨੂ, ਡਾ: ਭੀਮ ਇੰਦਰ ਸਿੰਘ, ਸੁਰਜੀਤ ਬਰਾੜ ਅਤੇ ਡਾ: ਜਗੀਰ



ਸਿੰਘ ਨੂਰ ਸ਼ਾਮਲ ਸਨ। ਪ੍ਰੋਗਰਾਮ ਦੇ ਆਰੰਭ ਵਿਚ ਗੁਰਮੀਤ ਸਿੰਘ ਪਲਾਹੀ ਅਤੇ ਡਾ: ਜਗੀਰ ਸਿੰਘ ਨੂਰ ਵੱਲੋਂ ਚਰਨਜੀਤ ਸਿੰਘ ਪੰਨੂ ਦੀਆਂ ਸਾਰੀਆਂ ਪੁਸਤਕਾਂ ਬਾਰੇ ਸੰਖੇਪ ਵੇਰਵਾ ਦਿੰਦਿਆਂ ਅਤੇ ਸਮੂਹ ਹਾਜ਼ਰ ਸਾਹਿਤਕਾਰਾਂ ਅਤੇ ਸਾਹਿੱਤ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ ਗਿਆ। ਉਪਰੰਤ ਡਾ: ਪੁਸ਼ਵਿੰਦਰ ਕੌਰ ਨੇ ਕੀਨੀਆ ਅਤੇ ਤਨਜਾਨੀਆਂ ਦੇ ਸਫ਼ਰਨਾਮੇ ਬਾਰੇ ਖੋਜ ਪਰਚਾ ਪੇਸ਼ ਕੀਤਾ ਜਦਕਿ ਅਮਰਜੀਤ ਕੌਰ ਕਾਲਕੱਟ ਨੇ ਕੀਨੀਆ ਦੀ ਭੂ-ਗੋਲਿਕ ਸਮਾਜਿਕ ਅਤੇ ਸਭਿਆਚਾਰਕ ਸਰੋਕਾਰਾਂ ਨੂੰ ਆਪਣੇ ਪਰਚੇ 'ਚ ਉਭਾਰਿਆ। ਡਾ: ਅਮਰਜੀਤ ਸਿੰਘ ਨੇ ''ਪੰਨੂ'' ਦੇ ਕਾਵਿ ਸ਼ਾਸਤਰ ਸਿਧਾਂਤ ਨੂੰ ਪੇਸ਼ ਕੀਤਾ। ਉਪਰੰਤ ਗੁਰਮੀਤ ਕੜਿਆਲਵੀ ਨੇ ਪੰਨੂ ਦੀ ਕਹਾਣੀ ਸਿਰਜਣ ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ। ਡਾ: ਪ੍ਰਵੀਨ ਕੁਮਾਰ ਨੇ ਆਪਣੇ ਖੋਜ ਪਰਚੇ ਵਿਚ ਇਕਾਂਗੀ ਸੰਗ੍ਰਹਿ ਪਰਮਵੀਰ ਚੱਕਰ ਦਾ ਨਿਕਟ ਵਿਸ਼ਲੇਸ਼ਣ ਕੀਤਾ। ਪਰਚਿਆਂ ਉਪਰੰਤ ਭਖਵੀਂ ਬਹਿਸ ਹੋਈ। ਇਸ ਵਿਚ ਕਈ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟਾਏ। ਡਾ: ਭੀਮਇੰਦਰ ਸਿੰਘ ਅਤੇ ਡਾ: ਮੋਹਨ ਤਿਆਗੀ ਨੇ ਪੰਨੂ ਦੀ ਸਮੁੱਚੀ ਸਾਹਿੱਤਿਕ ਪ੍ਰਤਿਭਾ ਦੀ ਪਹਿਚਾਣ ਕਰਵਾਈ ਅਤੇ ਡਾ: ਸੁਰਜੀਤ ਬਰਾੜ ਨੇ ਚਰਨਜੀਤ ਸਿੰਘ ਪੰਨੂ ਦੀ ਸਮੁੱਚੀ ਸਾਹਿੱਤ ਸਿਰਜਣਾ ਅਤੇ ਇਸ ਵਿਚੋਂ ਉੱਭਰੇ ਵਿਚਾਰਧਾਰਾਈ ਸਰੋਕਾਰਾਂ ਦਾ ਵਰਣਨ ਕੀਤਾ। ਇਸ ਗੋਸ਼ਟੀ ਦਾ ਸੰਚਾਲਨ ਵਿਦਵਤਾ ਭਰਪੂਰ ਢੰਗ ਨਾਲ ਡਾ: ਜਗੀਰ ਸਿੰਘ ਨੂਰ ਨੇ ਕੀਤਾ। ਸਾਹਿਤਕਾਰਾਂ ਦੇ ਭਰਵੇਂ ਇਕੱਠ ਵਿਚ ਉਨ੍ਹਾਂ ਦੀ ਹਿੰਦੀ ਪੁਸਤਕ ਕੀਨੀਆ ਦਰਪਣ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤੀ ਗਈ। ਚਰਨਜੀਤ ਸਿੰਘ ਪੰਨੂ ਦੀਆਂ ਸ਼ਾਨਦਾਰ ਪ੍ਰਾਪਤੀਆਂ ਕਾਰਨ ਉਕਤ ਸੰਸਥਾਵਾਂ ਵੱਲੋਂ ਸਨਮਾਨ ਕੀਤਾ ਗਿਆ।

**-ਗੁਰਮੀਤ ਪਲਾਹੀ**

# ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ, ਮਿਜ਼ਲਸ ਰੁਬੇਲਾ ਵੈਕਸੀਨ ਬਾਰੇ ਫੈਲਾਈ ਅਫਵਾਹ: ਡਾ ਪ੍ਰਭਜੋਤ

## ਵੈਸੇ ਵੀ ਜੋ ਚੀਜ਼ ਬੈਠੇ ਬਿਠਾਏ ਮੁਫਤ ਮਿਲਦੀ ਹੋਵੇ, ਉਸਦੀ ਕਦਰ ਨਹੀਂ ਪੈਂਦੀ

**ਮੋਗਾ–** ਇਹ ਜੋ ਟੀਕੇ ਦਾ ਵਿਰੋਧ ਹੋ ਰਿਹਾ ਹੈ। ਇਸ ਵਿੱਚ ਸਭ ਤੋਂ ਵੱਡਾ ਕਾਰਣ ਹੈ ਭਾਰਤ ਦੀਆਂ ਮੌਜੂਦਾ ਸਿਆਸੀ ਪਾਰਟੀਆਂ ਜਿਨ੍ਹਾਂ ਨੇ ਦੇਸ਼ ਦੇ ਲੋਕਾਂ ਦੇ ਦਿਮਾਗਾਂ ਵਿੱਚ ਅਸੁਰੱਖਿਆ, ਨਫਰਤ ਅਤੇ ਆਪਣੇ ਖਿਲਾਫ ਚੱਲ ਰਹੀ ਸਾਜਿਸ਼ ਵਾਲੀ ਸੋਚ ਬਿਠਾ ਦਿੱਤੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਾਈਮਰੀ ਹੈਲਥ ਸੈਂਟਰ ਘੱਲ ਕਲਾਂ ਦੇ ਇੰਚਾਰਜ ਡਾ ਪ੍ਰਭਜੋਤ ਨੇ ਕੀਤਾ । ਉਹਨਾਂ ਕਿਹਾ ਕਿ ਲੋਕਾਂ ਦਾ ਇਸ ਸਰਕਾਰ ਉੱਪਰੋਂ ਪੂਰੀ ਤਰ੍ਹਾਂ ਭਰੋਸਾ ਉੱਠ ਚੁੱਕਾ ਹੈ । ਸਿਆਸਤ ਦਾ ਮਿਯਾਰ ਇੰਨਾਂ ਡਿੱਗ ਚੁੱਕਾ ਹੈ ਕਿ ਪਾਰਟੀਆਂ ਨੇ ਆਪਣੇ ਨਿੱਜੀ ਲਾਭ ਲਈ ਦੇਸ਼ ਦੇ ਲੋਕਾਂ ਵਿੱਚੋਂ ਭਾਈਚਾਰੇ ਦੀ ਭਾਵਨਾ ਕਾਫੀ ਹੱਦ ਤੱਕ ਖਤਮ ਕਰ ਦਿੱਤੀ ਹੈ । ਲੋਕਾਂ ਨੂੰ ਜ਼ਾਤਾਂ ਧਰਮਾਂ ਦੇ ਚਸ਼ਮੇ ਪਹਿਨਾ ਕੇ ਇੱਕ ਦੂਜੇ ਵਿੱਚੋਂ ਆਪਣੇ ਦੁਸ਼ਮਣ ਅਤੇ ਸ਼ਰੀਕ ਵੇਖਣ ਲਾ ਦਿੱਤਾ। ਹਰ ਵਕਤ ਇਹ ਵਿਚਾਰ ਲੋਕਾਂ (ਖਾਸਕਰ ਕਮਜ਼ੋਰ, ਗਰੀਬ ਜਾਂ ਘੱਟ ਗਿਣਤੀ ਵਾਲਿਆਂ) ਦੇ ਜਿਨ੍ਹਾਂ ਵਿੱਚ ਹਾਵੀ ਹੋਣ ਲੱਗ ਪਿਆ ਹੈ ਕਿ ਉਹਨਾਂ ਨੂੰ ਖਤਮ ਕਰਨ ਦੀ ਸਾਜਿਸ਼ ਰਚੀ ਜਾ ਰਹੀ ਹੈ । ਇਸ ਵਿੱਚ ਗੈਰਜਿੰਮੇਵਾਰ ਅਤੇ ਵਿਕਾਊ ਇਲੈਕਟੌਨਿਕ ਮੀਡੀਆ ਅਤੇ ਸੋਸ਼ਲ ਮੀਡੀਆ ਨੇ ਵੀ ਆਪਣਾ ਪੂਰਾ ਯੋਗਦਾਨ ਦਿੱਤਾ ਹੈ । ਨਫਰਤ ਦੀ ਰਾਜਨੀਤੀ ਕਰਨ ਵਾਲਿਆਂ ਨੇ ਇਸ ਦੇਸ਼ ਦਾ ਸਭ ਤੋਂ ਵੱਧ ਨੁਕਸਾਨ ਕੀਤਾ ਹੈ। ਇੰਨੇ ਸਾਲਾਂ ਤੋਂ ਚੱਲੀ ਆ ਰਹੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖੇਰੂੰ ਖੇਰੂੰ ਕਰਨ ਦੀ ਪੂਰੀ ਵਾਹ ਲਾਈ ਹੋਈ ਹੈ।

ਇਸ ਦੀ ਇੱਕ ਵੱਡੀ ਉਦਾਹਰਣ ਹੈ ਮਿਜ਼ਲਸ ਰੁਬੈਲਾ ਦੇ ਟੀਕੇ (ਵੈਕਸੀਨ) ਦਾ ਵਿਰੋਧ ਕਿਸੇ ਨੇ ਸੋਸ਼ਲ ਮੀਡੀਆ ਤੇ ਅਫਵਾਹ ਫੈਲਾਤੀ ਕਿ ਇਸ ਟੀਕੇ ਨਾਲ ਬੱਚੇ ਵੱਡੇ ਹੋ ਕੇ ਔਲਾਦ ਨਹੀਂ ਪੈਦਾ ਕਰ ਸਕਣਗੇ। ਔਰ ਸ਼ੱਕੀ ਹੋਏ ਪਏ ਅਤੇ ਡਰੇ ਹੋਏ ਲੋਕਾਂ ਨੇ ਝੱਟ ਯਕੀਨ ਵੀਕ ਰ ਲਿਆ। ਕਿਉਂਕਿ ਨਾਕਾਰਾਤਮਕ ਅਤੇ ਨੈਗੇਟਿਵ ਖਬਰਾਂ, ਬਿਆਨਾਂ ਦਾ ਇੰਨਾਂ ਬਾਜ਼ਾਰ ਗਰਮ ਰਹਿੰਦਾ ਹੈ । ਮੇਰੇ ਦੇਸ਼ ਵਿੱਚ ਕਿ ਹਰ ਕਿਸੇ ਦੀ ਸੋਚ ਅਤੇ ਮਾਈਂਡਸੈਟ ਵੀ ਨਾਕਾਰਾਤਮਕ ਅਤੇ ਨੈਗੇਟਿਵ ਹੋ ਚੁੱਕੇ ਹਨ । ਲੋਕਾਂ ਨੇ ਤਰਕ ਨਾਲ ਸੋਚਣਾ ਹੀ ਛੱਡ ਦਿੱਤਾ। ਭਲਾਂ ਵਿਚਾਰ ਕਰਕੇ ਵੇਖੀਏ ਕਿ ਜੇ ਅਜਿਹੇ ਟੀਕੇ ਉ-ਪਲੱਬਧ ਹਨ ਜਿਨ੍ਹਾਂ ਨਾਲ ਇਨਸਾਨ ਦੇ ਬੱਚੇ ਪੈਦਾ ਹੋਣੋ ਬੰਦ ਹੋ ਜਾਣ ਤਾਂ ਸਿਹਤ ਮਹਿਕਮੇਂ ਨੂੰ ਜਨਸੰਖਿਆ ਕੰਟ੍ਰੋਲ ਕਰਨ ਲਈ ਇੰਨੀ ਮਿਹਨਤ ਕਰਨ ਦੀ, ਅਪ੍ਰੇਸ਼ਨ ਕਰਵਾਉਣ ਲਈ ਪ੍ਰੇਰਿਤ ਕਰਨ ਦੀ, ਅਪ੍ਰੇਸ਼ਨਾਂ ਤੇ ਖਰਚੇ ਕਰਨ ਅਤੇ ਫੈਮਲੀ ਪਲੈਨਿੰਗ (ਅਪ੍ਰੇਸ਼ਨ) ਕਰਵਾਉਣ ਵਾਲਿਆਂ ਨੂੰ ਮੁਫਤ ਦਵਾਈਆਂ ਅਤੇ ਈਨਾਮ ਰਾਸ਼ੀ ਦੇਣ ਦੀ ਕੀ ਲੋੜ ਹੈ? ਟੀਕਾ ਲਾਉਣਾ ਅਤੇ ਲਗਵਾਉਣਾ ਤਾਂ ਬੜਾ ਹੀ ਸੌਖਾ ਕੰਮ ਹੈ । ਹਰ ਕੋਈ ਦੋ ਤਿੰਨ ਬੱਚੇ ਪੈਦਾ ਕਰਨ ਤੋਂ ਬਾਅਦ ਆਪੇ ਹੀ ਆ ਕੇ ਅਜਿਹਾ ਟੀਕਾ ਲਗਵਾ ਲਵੇ। ਪਰ ਅਜਿਹਾ ਕੋਈ ਟੀਕਾ ਹੈ ਨਹੀਂ। ਪਹਿਲਾਂ ਕਈ ਸਾਲ ਪੋਲੀਓ ਦੀਆਂ ਬੂੰਦਾਂ ਬਾਰੇ ਇਸੇ ਹੀ ਕਿਸਮ ਦੀਆਂ ਅਫਵਾਹਾਂ ਫੈਲਾਈਆਂ ਜਾਂਦੀਆਂ ਰਹੀਆਂ ਸਨ ਕਿ ਇਹ ਸਰਕਾਰ ਮੁਸਲਮਾਨਾਂ ਦੇ ਬੱਚੇ ਨਪੁੰਸਕ ਕਰਨ ਲਈ ਕਰ ਰਹੀ ਹੈ। ਪਰ ਸਿਹਤ ਕਰਮਚਾਰੀਆਂ ਨੇ ਅਣਥੱਕ ਯਤਨਾਂ ਨਾਲ ਕਈ ਵਾਰ ਆਪਣੀ ਜ਼ਿੰਦਗੀ ਵੀਖ ਤਰੇ ਵਿੱਚ ਪਾ ਕੇ ਭਾਰਤ ਨੂੰ ਪੋਲਿਓ ਮੁਕਤ ਦੇਸ਼ ਬਣਾ ਦਿੱਤਾ ਅਤੇ ਉਹੀ ਪੋਲੀਓ ਦੀਆਂ ਬੂੰਦਾਂ ਪੀ ਚੁੱਕੇ ਬੱਚੇ ਅੱਜ ਆਪਣੇ ਬੱਚੇ ਪੈਦਾ ਕਰ ਰਹੇ ਹਨ। ਇਹ ਵੇਖ ਕੇ ਵੀ ਅਫਵਾਹਾਂ ਤੇ ਯਕੀਨ ਕਰਨ ਵਾਲਿਆਂ ਨੂੰ ਸਮਝ ਨਹੀਂ ਆ ਰਹੀ ।



ਟੀਕੇ ਲਾਉਣ ਵਾਲੀਆਂ ਟੀਮਾਂ ਸਿਰਫ ਬੱਚੇ ਦੀ ਉਮਰ ਪੁੱਛਦੀਆਂ ਹਨ ਨਾ ਕਿ ਧਰਮ ਜਾਂ ਜ਼ਾਤ। ਕਈ ਖੇਤਰਾਂ ਵਿੱਚ ਤਾਂ ਲੋਕ ਇਨ੍ਹਾਂ ਟੀਮਾਂ ਦੇ ਗਲ ਪੈ ਗਏ, ਬੁਰਾ ਭਲਾ ਵੀ ਬੋਲੇ। ਇਸ ਤੋਂ ਮੈਨੂੰ ਇੱਕ ਬਿੱਛੂ ਨੂੰ ਡੁੱਬਣੋਂ ਬਚਾਉਂਦਾ ਉਹ ਭਲਾ ਮਾਨਸ ਯਾਦ ਆ ਗਿਆ ਜੋ ਪਾਣੀ ਵਿੱਚੋਂ ਹੱਥ ਪਾ ਕੇ ਬਿੱਛੂ ਨੂੰ ਬਾਹਰ ਕੱਢਦਾ ਹੈ ਪਰ ਬਿੱਛੂ ਉਸਨੂੰ ਆਪਣਾ ਦੁਸ਼ਮਣ ਸਮਝ ਕੇ ਡੰਗ ਦਿੰਦਾ ਹੈ । ਵੈਸੇ ਵੀ ਜੋ ਚੀਜ਼ ਬੈਠੇ ਬਿਠਾਏ ਮੁਫਤ ਮਿਲਦੀ ਹੋਵੇ, ਉਸਦੀ ਕਦਰ ਨਹੀਂ ਪੈਂਦੀ ।

ਇਹੀ ਕੰਮ ਜੇ ਸਰਕਾਰ ਸਕੂਲਾਂ ਅਤੇ ਮੀਡੀਆ ਵਿੱਚ ਸੁਨੇਹਾ ਅਤੇ ਜਾਗਰੂਕਤਾ ਦੇ ਕੇ ਕਰਦੀ ਤਾਂ ਲੋਕਾਂ ਨੇ ਲਾਈਨਾਂ ਵਿੱਚ ਲੱਗ ਲੱਗ ਕੇ ਇਹ ਟੀਕੇ ਲਗਵਾਉਣੇ ਸੀ। ਲੋੜ ਸੀ ਸਿਰਫ ਨਵੀਂ ਕਲਾਸ ਵਿੱਚ ਜਾਂ ਪਹਿਲੀ ਵਾਰ ਸਕੂਲਾਂ ਵਿੱਚ ਦਾਖਲੜੇ ਵੇਲੇ ਜਨਮ ਪ੍ਰਮਾਣ ਪੱਤਰ ਅਤੇ ਟੀਕਾਕਰਣ ਪ੍ਰਮਾਣ ਪੱਤਰ ਲਾਜ਼ਮੀ ਕਰਨ ਦੀ ਅਤੇ ਨਾਲ ਹੀ ਸਰਕਾਰ ਨੂੰ ਇਸ ਟੀਕੇ ਦਾ ਬਾਜ਼ਾਰੀ ਮੁੱਲ ਲੋਕਾਂ ਨੂੰ ਦੱਸਣਾ ਚਾਹੀਦਾ ਸੀ । ਇਹ ਵੀ ਦੱਸਣਾ ਚਾਹੀਦਾ ਹੈ ਕਿ ਟੀਕੇ ਪ੍ਰਾਈਵੇਟ ਦੀ ਬਜਾਏ ਸਰਕਾਰੀ ਲਗਵਾਉਣੇ ਚਾਹੀਦੇ ਹਨ ਕਿਉਂਕਿ ਉਹਨਾਂ ਦੀ ਕੋਲਡ ਚੇਨ ਮੈਨਟੇਨ ਕਰਨ ਵਿੱਚ ਕੋਈ ਲਾਪਰਵਾਹੀ ਨਹੀਂ ਕੀਤੀ ਜਾਂਦੀ ਅਤੇ ਇਸ ਕਰਕੇ ਪੂਰੇ ਭਰੋਸੇ ਲਾਇਕ ਹਨ। ਉਹਨਾਂ ਦੱਸਿਆ ਕਿ ਮੇਰਾ ਇਕਲੌਤਾ ਤਿੰਨ ਸਾਲ ਦਾ ਬੇਟਾ ਹੈ ਜੋ ਕਿ ਨੌਂ ਸਾਲ ਬਾਅਦ ਹੋਇਆ ਹੈ । ਮੈਂ ਉਸਦਾ ਸਾਰਾ ਟੀਕਾਕਰਣ ਸਰਕਾਰੀ ਹਸਪਤਾਲ ਵਿੱਚੋਂ ਹੀ ਕਰਵਾਇਆ ਹੈ ਅਤੇ ਅਗਾਂਹ ਤੋਂ ਵੀ ਸਰਕਾਰੀ ਹੀ ਕਰਵਾਵਾਂਗਾ। ਮੈਂ ਕਿਸੇ ਸਿਆਸੀ ਪਾਰਟੀ ਜਾਂ ਸੰਸਥਾ ਦੀ ਨਾਲਾਇਕੀ ਜਾਂ ਸਾਜਿਸ਼ ਕਾਰਣ ਆਪਣੇ ਦੇਸ਼ ਜਾਂ ਇਸ ਦੇ ਵਸਨੀਕਾਂ ਦੀ ਸੁੱਖ, ਸਾਂਤੀ, ਏਕਤਾ ਅਤੇ ਭਾਈਚਾਰੇ ਦਾ ਨੁਕਸਾਨ ਹੁੰਦੇ ਹੋਏ ਨਹੀਂ ਵੇਖ ਸਕਦਾ ਅਤੇ ਇਸ ਨੂੰ ਰੋਕਣ ਦਾ ਹਰ ਸੰਭਵ ਯਤਨ ਕਰਦਾ ਰਹਾਂਗਾ ।

**– ਡਾ ਬਲਰਾਜ ਜੱਖੂ**

# ਜਮਹੂਰੀ ਅਧਿਕਾਰ ਸਭਾ ਨੇ ਵਿਦਿਆਰਥੀ ਦੀ ਮੌਤ ਦੀ ਅਦਾਲਤੀ ਜਾਂਚ ਮੰਗੀ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਸਥਾਨਕ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਕੈਂਪਸ ਵਿਚ 23 ਅਪ੍ਰੈਲ ਨੂੰ ਮਾਇਕਰੋਬਾਇਲੌਜੀ ਦੇ ਵਿਦਿਆਰਥੀ ਸੁਸ਼ਾਂਤ ਸਾਗਰ ਦੀ ਮੌਤ ਦੇ ਮਾਮਲੇ ਦੀ ਅਦਾਲਤੀ ਜਾਂਚ ਮੰਗੀ ਹੈ। ਇਸ ਸਬੰਧ ਵਿਚ ਸਭਾ ਵੱਲੋਂ ਡਿਪਟੀ ਕਮਿਸ਼ਨਰ ਨੂੰ ਵੀ ਇਕ ਮੰਗ ਪੱਤਰ ਦਿੱਤਾ ਗਿਆ। ਜਿਸ ਵਿਚ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ, ਮੀਤ ਪ੍ਰਧਾਨ ਪ੍ਰਿੰਸੀਪਲ ਰਣਜੀਤ ਸਿੰਘ, ਵਿੱਤ ਸਕੱਤਰ ਪ੍ਰਿਤਪਾਲ ਸਿੰਘ, ਮੀਤ ਪ੍ਰਧਾਨ ਪ੍ਰਿੰਸੀਪਲ ਰਣਜੀਤ ਸਿੰਘ, ਵਿੱਤ ਸਕੱਤਰ ਸੰਤੋਖ ਸਿੰਘ ਮੱਲਣ, ਪ੍ਰੈਸ ਸਕੱਤਰ ਅਤੇ ਸੂਬਾ ਕਮੇਟੀ ਮੈਂਬਰ ਡਾ. ਅਜੀਤਪਾਲ ਸਿੰਘ ਐਮ. ਡੀ. ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਕੇਂਦਰੀ ਯੂਨੀਵਰਸਿਟੀ ਵਿਚ ਲੋੜੀਂਦੀਆਂ ਸਿਹਤ ਸਹੂਲਤਾਂ ਦੀ ਭਾਰੀ ਘਾਟ ਪਾਇ. ਜਾ ਰਹੀ ਹੈ, ਉਥੇ ਸਿਰਫ ਇਕ ਹੀ ਲੇਡੀ ਡਾਕਟਰ ਹੈ।

ਪੂਰਾ ਸਾਜੋ ਸਮਾਨ (ਸਮੇਤ ਸੀ. ਪੀ. ਆਰ. ਦੇਣ ਵਾਲਾ ਸਮਾਨ) ਵੀ ਨਹੀਂ ਹੈ ਜਦੋਂ ਕਿ ਯੂਨੀਵਰਸਿਟੀ ਦੇ ਪ੍ਰਾਸਪੈਕਟਸ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਉਹਨਾਂ ਕੋਲ ਚੌਵੀ ਘੰਟੇ ਮੈਡੀਕਲ ਸਹੂਲਤਾਂ ਅਤੇ ਐਮਰਜੈਂਸੀ ਦਾ ਪ੍ਰਬੰਧ ਹੈ। ਵਿਦਿਆਰਥੀ ਆਗੂਆਂ ਦੇ ਦੱਸਣ ਮੁਤਾਬਕ ਐਮਰਜੈਂਸੀ ਮੈਡੀਕਲ ਸਹੂਲਤਾਂ ਦੀ ਘਾਟ ਕਾਰਨ ਪਹਿਲਾਂ ਵੀ ਇੱਕੋ ਇਕ ਲੈਕਚਰਾਰ ਹੀ ਬੋਲਦੇ ਸਮੇਂ ਦੀ ਮੌਤ ਹੋ ਗਈ ਸੀ ਅਤੇ ਦੂਜਾ 2015 ਵਿਚ ਛੱਤ ਤੋਂ ਡਿੱਗ ਕੇ ਇਕ ਮਜ਼ਦੂਰ ਦੀ ਮੌਤ ਹੋਈ ਸੀ। ਉਦੋਂ ਵੀ ਮੈਡੀਕਲ ਸਹਾਇਤਾ ਨਹੀਂ ਸੀ ਮਿਲ ਸਕੀ।

ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਜਮਹੂਰੀ ਅਧਿਕਾਰ ਸਭਾ ਦੀ ਟੀਮ ਨੂੰ ਦੱਸਿਆ ਕਿ ਵਿਦਿਆਰਥੀ ਸੁਸ਼ਾਂਤ ਸਾਗਰ ਨੂੰ ਜਦੋਂ ਗੰਭੀਰ ਹਾਲਾਤ ਵਿਚ ਡਿਸਪੈਂਸਰੀ ਲਿਆਂਦਾ ਗਿਆ ਤਾਂ ਉਥੇ ਸੀ. ਪੀ. ਆਰ. (ਬਹੁਤ ਜ਼ਰੂਰੀ ਫਸਟ ਏਡ) ਜਿਸ ਨਾਲ ਜਾਨ ਬਚਾਈ ਜਾ ਸਕਦੀ ਹੈ) ਨਹੀਂ ਦਿੱਤਾ ਜ ਾਸਕਿਆ। ਐਂਬੂਲੈਂਸ ਦਾ ਡਰਾਈਵਰ ਮੌਜੂਦ ਨਹੀਂ ਸੀ ਤੇ ਨਾ ਹੀ ਡਾਕਟਰ ਉਥੇ ਸੀ। ਇੱਥੋਂ ਤੱਕ ਕਿ ਐਂਬੂਲੈਂਸ ਦੀਆਂ ਚਾਬੀਆਂ ਵੀ ਸਮੇਂ ਸਿਰ ਨਹੀਂ ਮਿਲੀਆਂ। ਉਹਨਾਂ ਕਿਹਾ ਕਿ ਇਸ ਜਾਂਚ ਲਈ ਵਾਈਸ ਚਾਂਸਲਰ ਵੱਲੋਂ ਬਣਾਈ ਜਾਂਚ ਟੀਮ ਸਿਰਫ ਅੱਖਾਂ ਪੂੰਝਣ ਲਈ ਹੈ ਨਾ ਕਿ ਇਸ ਨਾਲ ਨਿਆਂ ਮਿਲਣ ਦੀ ਕੋਈ ਆਸ ਹੈ।

# ਸੁਪਰੀਮ ਕੋਰਟ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਰਹੀਆਂ ਹਨ ਨਿਜੀ ਕੰਪਨੀਆਂ

## ਮਾਮਲਾ:- ਨਿਜੀ ਕੰਪਨੀਆਂ ਵਲੋਂ ਕੌਮੀ ਸ਼ਾਹ ਮਾਰਗਾਂ ਤੇ ਇਸ਼ਤਿਹਾਰਬਾਜ਼ੀ ਕੀਤੇ ਜਾਣ ਦਾ

**ਮੋਗਾ–** ਸੁਪਰੀਮ ਕੋਰਟ ਦੇ ਹੁਕਮਾਂ ਦੇ ਉਲਟ ਕੌਮੀ ਸ਼ਾਹ ਮਾਰਗਾਂ ਤੇ ਨਿਜੀ ਕੰਪਨੀਆਂ ਵਲੋਂ ਇਸ਼ਤਿਹਾਰਬਾਜ਼ੀ ਕੀਤੇ ਜਾਣ ਦਾ ਸਿਲਸਲਾ ਨਿਰੰਤਰ ਜਾਰੀ ਹੈ । ਜਿਸ ਕਾਰਨ ਸੜਕੀ ਹਾਦਸਿਆਂ ਵਿੱਚ ਕੀਮਤੀ ਜਾਨਾਂ ਜਾ ਰਹੀਆਂ ਹਨ । ਇਸ ਦੇ ਬਾਵਜੂਦ ਜਿਥੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆਂ ਨੇ ਇਸ ਮੁਦੇ ਤੇ ਆਪਣੀਆਂ ਅੱਖਾਂ ਬੰਦ ਕੀਤੀਆਂ ਹੋਈਆਂ ਹਨ, ਉਥੇ ਹੇਠਲੇ ਪੱਧਰ ਤੇ ਜਿਲ੍ਹਾ ਪ੍ਰਸਾਸ਼ਨ ਵੀ ਇਸ ਗੈਰ ਕਾਨੂੰਨੀ ਇਸ਼ਤਿਹਾਰਬਾਜ਼ੀ ਨੂੰ ਰੋਕਣ ਵਿੱਚ ਅਸਫਲ ਸਿਧ ਹੋ ਰਿਹਾ ਹੈ । ਆਮ ਤੌਰ ਤੇ ਰੋਜ਼ਾਨਾ ਟੀ.ਵੀ., ਸ਼ੋਸ਼ਲ ਮੀਡੀਆ ਅਤੇ ਅਖਬਾਰਾਂ ਵਿੱਚ ਲਗਭਗ 3500 ਬ੍ਰੇਂਡਾਂ ਦਾ ਇਸ਼ਤਿਹਾਰ ਦੇਖਣ ਨੂੰ ਮਿਲਦੇ ਹਨ । ਸ਼ੋਸ਼ਲ ਮੀਡੀਆ ਅਤੇ ਅਖਬਾਰਾਂ ਵਿੱਚ ਇਸ਼ਤਿਹਾਰਬਾਜ਼ੀ ਕਾਫੀ ਹੱਦ ਤੱਕ ਸਹੀ ਹੈ ਪਰ ਕੌਮੀ ਸ਼ਾਹ ਮਾਰਗ ਤੇ ਲੱਗੇ ਇਸ਼ਤਿਹਾਰ ਵਾਹਨ ਚਾਲਕ ਦਾ ਧਿਆਨ ਆਪਣੇ ਵੱਲ ਖਿੱਚ ਕੇ ਸੜਕ ਹਾਦਸਿਆਂ ਦੀ ਗਿਣਤੀ ਵਧਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੇ । ਇੱਕ ਰਿਪੋਰਟ ਮੁਤਾਬਿਕ ਕੋਮੀ ਸ਼ਾਹ ਮਾਰਗ ਤੇ ਹੋਣ ਵਾਲੇ ਹਾਦਸੇ ਨਜ਼ਰ ਮਾਰੀਏ ਤਾਂ ਲੱਗਭਗ 46 ਪ੍ਰਤੀਸ਼ਤ ਹਾਦਸੇ ਹੋਏ ਜਿਨ੍ਹਾਂ ਵਿੱਚੋਂ 18 ਤੋਂ 35 ਸਾਲ ਦੇ ਨੌਜਵਾਨਾਂ ਦੀ ਹੋਈ । ਇਹਨਾਂ ਹਾਦਸਿਆਂ ਦਾ ਮੁੱਖ




ਕਾਰਨਾਂ 'ਚੋਂ ਇੱਕ ਕੌਮੀ ਸ਼ਾਹ ਮਾਰਗਾਂ ਤੇ ਕੀਤੀ ਗਈ ਨੀਜੀ ਕੰਪਨੀਆਂ ਵਲੋਂ ਇਸ਼ਤਿਹਾਰਬਾਜ਼ੀ ਹੈ ।ਇਸ ਸਬੰਧੀ ਜਦ ਨਗਰ ਨਿਗਮ ਦੇ ਸਬੰਧਿਤ ਅਧੀਕਾਰੀ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਇਹ ਜਾਈਦਾਦ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆਂ ਦੀ ਹੈ ਤੇ ਇਸ ਤੇ ਕਾਰਵਾਈ ਨੈਸ਼ਨਲ ਹਾਈਵੇ ਦੇ ਅਧੀਕਾਰੀ ਹੀ ਕਰ ਸਕਦੇ ਹਨ ।

### ਕੀ ਕਹਿਣਾ ਹੈ ਐਨ.ਐਚ.ਏ.ਆਈ ਦੀ ਅਧਿਕਾਰੀ ਦਾ

ਇਸ ਸਬੰਧੀ ਜਦ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆਂ ਦੇ ਅਧੀਕਾਰੀ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਇਸ ਤਰਾਂ ਦੀ ਪੁਲਾਂ ਤੇ ਹੋ ਰਹੀ ਇਸ਼ਤਿਹਾਰਬਾਜ਼ੀ ਗੈਰ-ਕਾਨੂੰਨੀ ਹੈ । ਉਹਨਾਂ ਕਿਹਾ ਕਿ ਸਾਡੇ ਮੁਲਾਜ਼ਮ ਹਫਤੇ ਵਿੱਚ ਦੋ ਵਾਰ ਜਾ ਕੇ ਪੁਲਾਂ ਤੇ ਲੱਗੇ ਇਸ਼ਤਿਹਾਰ ਉਤਾਰਦੇ ਹਨ । ਉਹਨਾਂ ਦੱਸਿਆ ਕਿ ਜਿਆਦਾਤਰ ਇਸ਼ਤਿਹਾਰ ਧਾਰਮਿਕ ਜਥੇਬੰਦੀਆਂ ਦੇ ਹੁੰਦੇ ਹਨ ਅਤੇ ਜੇਕਰ ਕਿਸੇ ਨੂੰ ਮੌਕੇ ਤੇ ਇਸ਼ਤਿਹਾਰ ਲਾਉਣ ਤੋਂ ਰੋਕਿਆ ਜਾਂਦਾ ਹੈ ਤਾਂ ਧਰਮ ਦੇ ਨਾਮ ਤੇ ਉਹਨਾਂ ਨੂੰ ਡਰਾਇਆ ਜਾਂਦਾ ਹੈ ਤੇ ਲੜਾਈ ਝਗੜੇ ਵਾਲਾ ਮਹੌਲ ਪੈਦਾ ਹੋ ਜਾਂਦਾ ਹੈ ।

**– ਡਾ ਬਲਰਾਜ ਜੱਖੂ**

# ਜਸਵੰਤ ਬੋਬੀ ਨੂੰ ਦਿੱਤਾ ਵੱਖ ਵੱਖ ਦਲਿਤ ਜੱਥੇਬੰਦੀਆਂ ਨੇ ਸ਼ਰਧਾਂਜਲੀ








**ਫਗਵਾੜ (ਬੀ.ਕੇ. ਰੱਤੂ)–** ਪਿਛਲੇ ਦਿਨੀ 13 ਅਪ੍ਰੈਲ ਨੂੰ ਗੋਲ ਚੌਕ ਵਿਖੇ ਸ਼ਿਵ ਸੈਨੀ ਦੀ ਗੋਲੀ ਦੇ ਸ਼ਿਕਾਰ ਹੋਏ ਜਸਵੰਤ ਉਰਫ ਬੋਬੀ ਦੀ ਅੰਤਿਮ ਅਰਦਾਸ ਬੰਗਾ ਰੋਡ ਸਥਿਤ ਅਮਰ ਪੈਲੇਸ ਵਿਖੇ ਸੰਪੰਨ ਹੋਈ। ਇਸ ਮੋਕੇ ਤੇ ਪੰਜਾਬ ਭਰ ਤੋਂ ਦਲਿਤ ਜੱਥੇਬੰਦੀਆਂ ਵੱਲੋਂ ਜਸਵੰਤ ਉਰਫ ਬੋਬੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਅਪਣੇ ਸੰਬੋਧਨ ਵਿੱਚ ਬਸਪਾ ਦੇ ਪੰਜਾਬ ਪ੍ਰਧਾਨ ਰਛਪਾਲ ਰਾਜੂ, ਸਾਬਕਾ ਵਿਧਾਇਕ ਮੋਹਣ ਲਾਲ ਬੰਗਾ, ਵਿਧਾਇਕ ਰਾਜ ਕੁਮਾਰ ਵੇਰਕਾ, ਵਿਧਾਇਕ ਪਵਨ ਟੀਨੂੰ, ਦਲ ਖਾਲਸਾ, ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਆ), ਪਰਮਜੀਤ ਸਿੰਘ ਅਤੇ ਰਣਵੀਰ ਸਿੰਘ ਨੇ ਕਿਹਾ ਕਿ ਜਸਵੰਤ ਬੋਬੀ ਵੱਲੋਂ ਸਮਾਜ ਲਈ ਦਿੱਤੀ ਕੁਰਬਾਨੀ ਹਮੇਸ਼ਾਂ ਯਾਦ ਰਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਹਰ ਘਰ ਵਿੱਚ ਅੰਬੇਡਕਰ ਦੀ ਵਿਚਾਰਧਾਰਾ ਕਾਇਮ ਰੱਖਣੀ ਪਵੇਗੀ ਤੇ ਦੇਸ਼ ਤੇ ਸਮਾਜ ਵਿਰੋਧੀ ਤਾਕਤਾਂ ਦਾ ਢੱਟ ਕੇ ਵਿਰੋਧ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਗੋਲੀ ਚੌਂਕ ਦਾ ਨਾਮ ਸੰਵਿਧਾਨ ਚੌਂਕ ਦੇ ਨਾਮ ਤੇ ਹੀ ਰਖਿਆ ਜਾਵੇ। ਇਸ ਮੋਕੇ ਤੇ ਸੰਤ ਮਹਿੰਦਰਪਾਲ ਪੰਡਵਾ, ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਸੰਤ ਨਿਰਮਲ ਦਾਸ ਅਵਾਦਾਨ, ਸੰਤ ਜਸਵਿੰਦਰ ਡਾਂਡਿਆ, ਸੰਤੋਸ਼ ਚੌਧਰੀ ਸਾਬਕਾ ਐਮ.ਪੀ. ਸ਼ਾਮ ਚੁਰਾਸੀ, ਰਮੇਸ਼ ਕੌਲ, ਮਨੀਸ਼ ਚੌਧਰੀ, ਰਚਨਾ ਦੇਵੀ, ਪ੍ਰਵੀਨ ਬੰਗਾ, ਪ੍ਰਨੀਸ਼ ਬੰਗਾ, ਲੇਖ ਰਾਜ ਜਮਾਲਪੁਰ, ਐਡਵੋਕੇਟ ਐਸ.ਐਲ. ਬਿਰਦੀ, ਕਮਨ ਲੱਖਪੁਰ, ਰਾਜਿੰਦਰ ਘੇੜਾ, ਧਰਮਿੰਦਰ ਭੁਲਾਰਾਈ, ਰਵਿੰਦਰ ਹਾਂਸ ਅੰਮ੍ਰਿਤਸਰ, ਸੰਦੀਪ ਥਾਪਰਕੇ, ਕ੍ਰਿਸ਼ਨ ਕੁਮਾਰ ਹੀਰੋ, ਕੌਂਸਲਰ ਦਵਿੰਦਰ ਸਪਰਾ, ਹਰਭਜਨ ਖਲਵਾੜਾ, ਸਰਿੰਦਰ ਢੰਡਾ, ਧਰਮਵੀਰ ਸੇਠੀ, ਪਵਨ ਸੇਠੀ, ਵਿਨੋਦ ਸੇਠੀ, ਅਸ਼ੋਕ ਸੰਦੀ ਬਸਪਾ ਨੇਤਾ, ਲਵ ਅਨਾਰਿਆ, ਸਤੀਸ਼ ਸਨੋਤਰਾ, ਐਡਵੋਕੇਟ ਸ਼ਰਧਾ ਰਾਮ, ਐਡਵੋਕੇਟ ਨਰਿੰਦਰ ਆਦਿਆ, ਮਦਨ ਬੱਧਣ ਯੂ.ਐਸ.ਏ., ਐਡਵੋਕੇਟ ਰਣਦੀਪ ਕੁਮਾਰ ਕੈਲੇ, ਬੀ.ਕੇ. ਰੱਤੂ, ਸੰਦੀਪ ਦੀਪਾ, ਹਰਭਜਨ ਸੁਮਨ, ਜਰਨੈਲ ਨੰਗਲ, ਦਰਸ਼ਨ ਲਾਲ ਜੇਠੂਮਾਰਜਾ, ਸੁਖਦੇਵ ਸਿੰਘ ਖਾਲਸਾ ਆਦਿ ਨੇ ਬੋਬੀ ਦੇ ਪਰਿਵਾਰ ਨਾਲ ਦੱਖ ਸਾਂਝਾ ਕੀਤਾ।

# ਇਤਿਹਾਸਕ ਪਿੰਡ ਪੂਹਲਾ ਦੇ ਗਰੀਬ ਪਰਿਵਾਰ ਨੇ ਮਦਦ ਦੀ ਲਾਈ ਗੁਹਾਰ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਕਹਿੰਦੇ ਹਨ ਕੁਦਰਤ ਅੱਗੇ ਕਿਸੇ ਦਾ ਜੋਰ ਨਹੀ ਚੱਲਦਾ, ਪਰ ਜੇਕਰ ਮਨੁੱਖੀ ਸਰੀਰ ਦੇ ਕਿਸੇ ਅੰਗ ਦਾ ਕੁਦਰਤੀ ਤਰੀਕੇ ਨਾਲ ਵਿਕਾਸ ਨਾ ਹੋਇਆ ਹੋਵੇ ਤਾਂ ਉਸ ਮਨੁੱਖ ਲਈ ਇਸ ਤੋਂ ਵੱਧ ਬਦਕਿਸਮਤੀ ਕੀ ਹੋਵੇਗੀ। ਅਜਿਹੀ ਹੀ ਇਕ ਮਿਸਾਲ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਜੱਦੀ ਪਿੰਡ ਪੂਹਲਾ ਦੇ ਵਸਨੀਕ ਮਾਸੂਮ ਹਰਪ੍ਰੀਤ ਸਿੰਘ (12) ਤੋਂ ਮਿਲਦੀ ਹੈ, ਜਿਸ ਦਾ ਪੇਸ਼ਾਬ ਵਾਲਾ ਰਾਹ (ਮੂਤਰ ਮਾਰਗ) ਬੰਦ ਹੈ। ਸੱਤਵੀਂ ਕਲਾਸ ਦੇ ਵਿਦਿਆਰਥੀ ਹਰਪ੍ਰੀਤ ਸਿੰਘ ਦੇ ਪਿਤਾ ਲਖਵਿੰਦਰ ਸਿੰਘ ਨੇ ਸਿਸਕੀਆਂ ਭਰਦਿਆਂ ਦੱਸਿਆ ਕਿ ਘਰ ਦੀ ਆਰਥਿਕ ਹਾਲਾਤ ਠੀਕ ਨਾ ਹੋਣ ਕਾਰਨ ਪਿੰਡ ਦੇ ਕੁਝ ਮੋਹਤਬਾਰ ਵਿਅਕਤੀਆਂ ਤੋਂ ਉਧਾਰੇ ਪੈਸੇ ਫੜ੍ਹ ਤੇ ਕੁਝ ਪਿੰਡ ਵਾਸੀਆਂ ਦੀ ਮਦਦ ਨਾਲ ਤਿੰਨ-ਚਾਰ ਸਾਲ ਪਹਿਲਾ ਹਰਪ੍ਰੀਤ ਸਿੰਘ ਦੇ ਦੋ ਵਾਰ ਅਪ੍ਰੇਸ਼ਨ ਕਰਵਾ ਕੇ ਮੂਤਰ ਮਾਰਗ ਲਈ ਆਰਜੀ ਰਾਹ ਬਣਾਇਆ, ਜਿਸ ਉਪਰ ਸਾਡਾ ਇਕ ਲੱਖ ਰੁਪਏ ਦੇ ਕਰੀਬ ਖਰਚ ਆ ਚੁੱਕਾ ਹੈ। ਜਦੋਂ ਕਿ ਪੇਸ਼ਾਬ ਵਾਲੇ ਬੰਦ ਪਏ ਰਾਹ ਨੂੰ ਖੋਲਣ ਲਈ ਤੀਸਰਾ ਅਪ੍ਰੇਸ਼ਨ ਹੋਣਾ ਬਾਕੀ ਹੈ, ਜਿਸ ਉਪਰ ਡਾਕਟਰਾਂ ਨੇ ਤਕਰੀਬਨ ਇਕ ਲੱਖ ਰੁਪਏ ਦਾ ਹੋਰ ਖਰਚ ਦੱਸਿਆ ਹੈ, ਪਰ ਪੈਸੇ ਦਾ ਠੋਸ ਪ੍ਰਬੰਧ ਨਾ ਹੋਣ ਕਾਰਨ ਬੱਚੇ ਹਰਪ੍ਰੀਤ ਸਿੰਘ ਦੇ ਮਾਪੇ ਇਲਾਜ ਕਰਵਾਉਣ ਤੋਂ ਬੇਵੱਸ ਹੋਣ ਕਰਕੇ ਚਿੰਤਾਂ ਦੇ ਆਲਮ ਵਿਚ ਡੁੱਬੇ ਪਏ ਹਨ।



ਦੱਸਣਯੋਗ ਹੈ ਕਿ ਪੀੜ੍ਹਤ ਹਰਪ੍ਰੀਤ ਸਿੰਘ ਦੀ ਮਾਂ ਦਲਜੀਤ ਕੌਰ ਟੀ.ਵੀ ਦੀ ਨਾਮੁਰਾਦ ਬੀਮਾਰੀ ਨਾਲ ਪੀੜਤ ਸੀ, ਜੋ ਇਲਾਜ ਨਾ ਹੋਣ ਕਾਰਨ ਹੀ ਇਕ ਸਾਲ ਪਹਿਲਾਂ ਮੌਤ ਦੇ ਮੂੰਹ ਵਿਚ ਚਲੀ ਗਈ ਅਤੇ ਉਸਦੀ ਮੌਤ ਤੋਂ ਛੇ ਮਹੀਨੇ ਬਾਅਦ ਹੀ ਦਾਦੀ ਮਹਿੰਦਰ ਕੌਰ ਦੀ ਵੀ ਮੌਤ ਹੋ ਗਈ। ਘਰ ਵਿਚ ਪੀੜ੍ਹਤ ਹਰਪ੍ਰੀਤ ਸਿੰਘ ਤੋਂ ਇਲਾਵਾ ਪਿਤਾ ਲਖਵਿੰਦਰ ਸਿੰਘ, ਦਾਦਾ ਲਛਮਣ ਸਿੰਘ (90) ਤੇ ਦੋ ਛੋਟੀਆਂ ਮਾਸੂਮ ਭੈਣਾਂ ਹਨ ਅਤੇ ਪਰਿਵਾਰ ਵਿਚ ਕੋਈ ਔਰਤ ਨਾ ਹੋਣ ਕਾਰਨ ਰੋਟੀ-ਪਾਣੀ ਦਾ ਪ੍ਰਬੰਧ ਵੀ ਔਖਾ ਹੋਇਆ ਪਿਆ ਹੈ। ਪਿੰਡ ਦੇ ਬੋਹੜ ਥੱਲੇ ਸਾਇਕਲਾਂ ਨੂੰ ਪੈਂਚਰ ਲਗਾਉਣ ਦਾ ਕੰਮ ਕਰਨ ਵਾਲੇ ਲਖਵਿੰਦਰ ਸਿੰਘ ਨੇ ਦੱਸਿਆ ਕਿ ਪਰਿਵਾਰ ਦੇ ਪੰਜ ਜੀਆਂ ਦਾ ਢਿੱਡ ਭਰਨ ਲਈ ਮੈਨੂੰ ਕਈ ਵਾਰ ਲੋਕਾਂ ਦੇ ਘਰ ਵਿਚ ਬਹਿਰਾਗਰੀ ਦਾ ਕੰਮ ਵੀ ਕਰਨਾ ਪੈਂਦਾ ਹੈ ਅਤੇ ਪਿਤਾ ਲਛਮਣ ਸਿੰਘ ਬਜੁਰਗ ਹੋਣ ਕਾਰਨ ਕੰਮ ਕਰਨ ਤੋਂ ਅਸਮਰੱਥ ਹਨ। ਹਰਪ੍ਰੀਤ ਸਿੰਘ ਦੇ ਪਿਤਾ ਲਖਵਿੰਦਰ ਸਿੰਘ ਤੇ ਦਾਦਾ ਲਛਮਣ ਸਿੰਘ ਨੇ ਸਮਾਜਸੇਵੀ ਜਥੇਬੰਦੀਆਂ, ਐਨ. ਆਰ. ਆਈ ਵੀਰਾਂ ਤੋਂ ਆਪਣੇ ਮਾਸੂਮ ਬੱਚੇ ਹਰਪ੍ਰੀਤ ਸਿੰਘ ਦੇ ਇਲਾਜ ਲਈ ਮਦਦ ਦੀ ਗੁਹਾਰ ਲਾਉਦਿਆਂ ਕਿਹਾ ਕਿ ਦਾਨੀ ਸੱਜਣਾ ਵੱਲੋਂ ਭੇਜੇ ਗਏ ਪੈਸਿਆਂ ਨਾਲ ਹੀ ਸਾਡੇ ਵਰਗੇ ਗਰੀਬ ਤੇ ਲਾਚਾਰ ਲੋਕਾਂ ਦੀ ਮਦਦ ਹੋ ਸਕਦੀ ਹੈ।

## ਮੈਟਰੀਮੋਨੀਅਲ

ਸੋਹਣਾ-ਸੁਨੱਖਾ, ਆਦਿ ਧਰਮੀ ਪਰਿਵਾਰਕ ਲੜਕਾ, ਉਮਰ 24 ਸਾਲ, ਪੰਜਾਬ ਤੋਂ ਸਿਵਲ ਇੰਜੀਨੀਅਰਿੰਗ ਕੀਤੀ ਹੋਈ ਹੈ, ਯੂ. ਐਸ. ਏ. ਗ੍ਰੀਨ ਕਾਰਡ ਹੋਲਡਰ, ਸੈਕਰਾਮੈਂਟੋ ਰਹਿ ਰਿਹਾ ਹੈ, ਲਈ ਯੋਗ ਲੜਕੀ ਦੀ ਲੋੜ ਹੈ।

ਸਿਰਫ ਉਹ ਹੀ ਪਰਿਵਾਰ ਸੰਪਰਕ ਕਰਨ ਜੋ ਉਪਰੋਕਤ ਲੜਕੇ ਦੇ ਵੱਡੇ ਵੀਰ ਉਮਰ 29 ਸਾਲ, ਇਲੈਕਟ੍ਰਾਨਿਕ ਇੰਜੀਨੀਅਰਿੰਗ 'ਚ ਡਿਪਲੋਮਾ ਕੀਤਾ ਹੋਇਆ ਹੈ ਅਤੇ ਬੀ. ਟੈਕ ਆਖਰੀ ਸਮੈਸਟਰ ਦਾ ਵਿਦਿਆਰਥੀ ਹੈ, ਪਿਛਲਾ ਪਿੰਡ ਸਮਰਾਏ ਜ਼ਿਲ੍ਹਾ ਜਲੰਧਰ ਹੈ, ਦੇ ਲਈ ਅਮਰੀਕਾ ਰਹਿ ਰਹੀ ਸਿਟੀਜ਼ਨ ਲੜਕੀ ਨਾਲ ਵਿਆਹ ਕਰਵਾ ਕੇ ਅਮਰੀਕਾ ਲਿਆ ਸਕਦੇ ਹੋਣ।

ਲੜਕੇ ਦਾ ਇਕੋ ਇਕ ਵੱਡਾ ਭਰਾ ਹੈ। ਮਾਤਾ ਸੈਕਰਾਮੈਂਟੋ ਰਹਿ ਰਹੀ ਹੈ ਤੇ ਪਿਤਾ ਐਲ. ਆਈ. ਸੀ. 'ਚ ਚੰਗੀ ਪੁਜੀਸ਼ਨ ਅਫਸਰ ਪੋਸਟ 'ਤੇ ਹਨ। ਮਾਤਾ-ਪਿਤਾ ਦੋਵੇਂ ਹੀ ਯੂ. ਐਸ. ਏ. ਗ੍ਰੀਨ ਕਾਰਡ ਹੋਲਡਰ ਹਨ ਅਤੇ ਲੜਕੇ ਦੇ ਹੋਰ ਬਾਕੀ ਰਿਸ਼ਤੇਦਾਰ ਵੱਡੀ ਗਿਣਤੀ 'ਚ ਅਮਰੀਕਾ ਰਹਿ ਰਹੇ ਹਨ।

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ:

**ਸੁਖਮਿੰਦਰ ਕੁਮਾਰ ਮਾਹੀ (916) 917-7530**

**ਸੁੱਖ ਰਾਮ ਚੰਦੜ (916) 494-4694**


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu





## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹੋਣ ਵਾਲੇ ਮਈ ਮਹੀਨੇ ਦੇ ਸਮਾਗਮ

**13 ਮਈ 2018**
**ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਵੱਲੋਂ**

**14 ਮਈ ਤੋਂ 20 ਮਈ 2018**
ਬੀਬੀ ਬਲਜੀਤ ਕੌਰ ਜੀ ਖਾਲਸਾ, ਗੁਰੂ ਨਾਨਕ ਮਿਸ਼ਨ ਵੱਲੋਂ ਸਿੱਖ, ਅੰਮ੍ਰਿਤ ਵਾਲੇ, ਪ੍ਰਬੰਧ, ਸਕਾਰਾਤਮਕ ਸੋਚ, ਸਵੈ- ਪੜਚੋਲ, ਸਰੀਰਕ ਅਤੇ ਮਾਨਸਿਕ ਤੰ-ਦਰੁਸਤੀ, ਨਸ਼ੇ ਅਤੇ ਮੈਡੀਸਿਨ ਮੁਫਤ ਜੀਵਨ ਜਿਊਣ ਲਈ ਪ੍ਰੇਰਨ ਵਾਸਤੇ 7 ਦਿਨਾਂ ਦਾ ਫਰੀ ਕੈਂਪ। ਕੋਈ ਰਜਿਸਟ੍ਰੇਸ਼ਨ ਫੀਸ ਨਹੀਂ। ਰਜਿਸਟ੍ਰੇਸ਼ਨ ਲਈ ਆਨਲਾਈਨ ਸੰਪਰਕ ਕਰੋ SriGuruNanakMission.com ਜਾਂ ਕਾਲ ਕਰੋ: 650 804 4859, 650 739 5411, 604 783 5911



**20 ਮਈ, 2018,**
**ਬਰਸੀ ਬੀਬੀ ਵਿਦਿਆ ਸਿੱਧੂ**
ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਭਾਈ ਹਰਦੇਵ ਸਿੰਘ ਸਿੱਧੂ ਅਤੇ ਸਮੂਹ ਪਰਿਵਾਰ ਵੱਲੋਂ ਉਹਨਾਂ ਦੀ ਪਤਨੀ ਬੀਬੀ ਵਿਦਿਆ ਸਿੱਧੂ ਦੀ ਪਹਿਲੀ ਬਰਸੀ ਮਨਾਈ ਜਾਵੇਗੀ। ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**27 ਮਈ, 2018**
ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਵੱਲੋਂ ਭਾਈ ਜੋਗਿੰਦਰ ਸਿੰਘ ਅਤੇ ਬੀਬੀ ਗੁਰ-ਮੀਤ ਕੌਰ ਵੱਲੋਂ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਭਾਈ ਜੋਗਿੰਦਰ ਸਿੰਘ ਜੀ (ਦਿੱਲੀ ਵਾਲੇ), ਬੀਬੀ ਗੁਰਮੀਤ ਕੌਰ ਅਤੇ ਪਰਿਵਾਰ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਦੀ ਯਾਦ ਵਿਚ ਕਰਵਾਏ ਜਾਣਗੇ। ਵਾਹਿਗੁਰੂ ਇਸ ਪਰਿਵਾਰ ਨੂੰ ਚੜ੍ਹਦੀ ਕਲਾ ਵਿਚ ਰੱਖੇ।

**Sangat Sewadars**

| Chairman | President | General Secretary | Treasurer |
|---|---|---|---|
| Ramesh Suman | Kashmiri Bhatia | Dilbag Singh | Vinod Kumar |

**Please visit Gurughar website for information:WWW.SriGuruRavidassTemple.com**

**NOTE: Sewa is available for the dates with ***.Please contact General Secretary at 209.834.4641 for more information.**

**ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ 2150 Crestview Drive, Pittsburg CA 94565 Tel: (925) 439-2355**

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੀ ਨਵੀਂ ਕਮੇਟੀ ਸਰਬ ਸੰਮਤੀ ਨਾਲ ਚੁਣੀ ਗਈ

## ਰਾਜ ਬੱਧਣ ਪ੍ਰਧਾਨ ਅਤੇ ਸੁਰਿੰਦਰ ਮੱਲ ਚੇਅਰਮੈਨ ਚੁਣੇ ਗਏ




**ਸੈਕਰਾਮੈਂਟੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਦੀ ਸਭਾ ਬਣੀ ਨੂੰ ਦੋ ਸਾਲ ਪੂਰੇ ਹੋ ਜਾਣ ਤੇ ਦੁਬਾਰਾ ਨਵੇਂ ਬੋਰਡ ਆਫ ਡਾਇਰੈਕਟਰਜ਼ ਅਤੇ ਪ੍ਰਬੰਧਕ ਕਮੇਟੀ ਦੀ ਸਿਲੈਕਸ਼ਨ ਸਰਬ ਸੰਮਤੀ ਨਾਲ ਬੀਤੇ ਐਤਵਾਰ 6 ਮਈ ਨੂੰ ਕਰ ਲਈ ਗਈ।

ਨਵੀਂ ਕਮੇਟੀ 2018-2020 ਤੱਕ ਆਪਣਾ ਕਾਰਜਕਾਲ ਸੰਭਾਲਦੀ ਰਹੇਗੀ। ਇਸ ਵਾਰ ਇਸ ਸਿਲੈਕਸ਼ਨ ਦੌਰਾਨ 5 ਬੀਬੀਆਂ ਨੂੰ ਵੀ ਕਮੇਟੀ ਵਿਚ ਲਿਆ ਗਿਆ ਹੈ, ਜੋ ਕਿ ਗੁਰੂ ਘਰ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ।

ਲੰਮਾ ਸਮਾਂ ਗੁਰੂ ਘਰ ਦਾ ਆਡਿਟ (ਆਫਿਸ ਸਕੱਤਰ) ਦੀ ਸੇਵਾ ਕਰਦੇ ਆ ਰਹੇ ਸ੍ਰੀ ਰਾਜ ਕੁਮਾਰ ਬੱਧਣ ਨੂੰ ਨਵੀਂ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਹੈ, ਕੈਸ਼ੀਅਰ ਦੀ ਸੇਵਾ ਨਿਭਾਉਂਦੇ ਆ ਰਹੇ ਸ੍ਰੀ ਸੁਰਿੰਦਰ ਮੱਲ ਨੂੰ ਚੇਅਰਮੈਨ ਤੇ ਜਨਰਲ ਸਕੱਤਰ ਦੀ ਸੇਵਾ ਸ੍ਰੀ ਇੰਦਰਜੀਤ ਪਡਵੱਗਾ ਨੂੰ ਜਨਰਲ ਸਕੱਤਰ ਥਾਪਿਆ ਗਿਆ ਹੈ ਅਤੇ ਕੈਸ਼ੀਅਰ ਦੀ ਸੇਵਾ ਰਾਜ ਰੱਲ੍ਹ ਕਰਨਗੇ।

ਇਹਨਾਂ ਤੋਂ ਇਲਾਵਾ ਵਾਈਸ ਚੇਅਰਮੈਨ ਸ੍ਰੀ ਤੇਜਾ ਵਿਰਕ, ਵਾਈਸ ਪ੍ਰਧਾਨ ਸ੍ਰੀ ਰਾਜ ਕਾਜਲਾ, ਸੈਕਿੰਡ ਵਾਈਸ ਪ੍ਰਧਾਨ ਵਰਿੰਦਰ ਵਿਰਕ, ਵਾਈਸ ਕੈਸ਼ੀਅਰ ਬੀ. ਸਿੰਘ, ਸੈਕਿੰਡ ਵਾਈਸ ਕੈਸ਼ੀਅਰ ਸ੍ਰੀ ਸੰਜੀਵ ਸੱਲਣ, ਸਟੇਜ ਸਕੱਤਰ ਸ੍ਰੀ ਬਲਜੀਤ ਸਿੰਘ, ਵਾਈਸ ਸਟੇਜ ਸਕੱਤਰ ਦੀਪਕ ਸਰੋਇਆ, ਕਿਚਨ ਮੈਨੇਜਰ ਸ੍ਰੀ ਮਹਿੰਦਰ ਸਿੰਘ ਧਾਮੀ, ਮੇਨਟੀਨੈਂਸ ਵਾਸਤੇ ਸ੍ਰੀ ਮਨਜੀਤ ਸਿੰਘ ਪਾਲ ਤੇ ਦਰਸ਼ਨ ਵਿਰਕ ਅਤੇ ਪੀ. ਆਰ. ਓ. ਸੋਨੂੰ ਅੰਬੇਡਕਰ ਨੂੰ ਨਾਮਜ਼ਦ ਕੀਤਾ ਗਿਆ। ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**Read more:**
**www.deshdoaba.com**

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸਵਰਗੀ ਸ੍ਰੀਮਤੀ ਰਾਮ ਪਿਆਰੀ ਜੀ ਨੂੰ ਸ਼ਰਧਾਂਜਲੀਆਂ

















**ਫਰਿਜ਼ਨੋ (ਬਿਊਰੋ)–** ਪਿਛਲੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਸਾਬਕਾ ਪ੍ਰਧਾਨ ਸ੍ਰੀ ਨਿਰਮਲ ਸਿੰਘ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਸਟੇਜ ਸਕੱਤਰ ਸ੍ਰੀ ਅਮਰ ਦੜੌਂਚ ਦੇ ਮਾਤਾ ਜੀ ਸ੍ਰੀਮਤੀ ਰਾਮ ਪਿਆਰੀ ਜੀ, ਪੰਜਾਬ ਗਿਆਂ ਤੇ ਅਕਾਲ ਚਲਾਣਾ ਕਰ ਗਏ ਸਨ, ਸਵਰਗੀ ਸ੍ਰੀਮਤੀ ਰਾਮ ਪਿਆਰ ਜੀ ਦਾ ਪੰਜਾਬ ਵਿਚ ਸੰਸਕਾਰ ਕਰ ਦਿੱਤਾ ਗਿਆ ਸੀ ਤੇ ਅੰਤਿਮ ਅਰਦਾਸ ਆਦਿ ਸਮਾਜਿਕ ਰਸਮਾਂ ਵੀ ਪੂਰੀਆਂ ਕੀਤੀਆਂ ਗਈਆਂ। ਇਹਨਾਂ ਦੋਵੇਂ ਦੜੌਂਚ ਬ੍ਰਦਰਜ਼ ਪਰਿਵਾਰਾਂ ਨੇ ਵੀ ਪਹੁੰਚ ਕੇ ਆਪਣੀ ਮਾਤਾ ਜੀ ਦੇ ਸਸਕਾਰ ਤੇ ਅੰਤਿਮ ਅਰਦਾਸ ’ਚ ਬੜੇ ਦੁਖੀ ਹਿਰਦੇ ਨਾਲ ਅੰਤਿਮ ਵਿਦਾਇਗੀ ਦਿੱਤੀ ਤੇ ਅੰਤਿਮ ਅਰਦਾਸ ਉਪਰੰਤ ਵਾਪਸ ਅਮਰੀਕਾ ਆਉਣ ’ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਕ੍ਰਮਵਾਰ 5-6 ਮਈ ਨੂੰ ਅਮਰੀਕਾ ਰਹਿੰਦੇ ਪਰਿਵਾਰਕ/ਰਿਸ਼ਤੇਦਾਰਾਂ ਅਤੇ ਸੱਜਣ ਮਿੱਤਰਾਂ ਸੰਗਤਾਂ ਨਾਲ ਸਵਰਗੀ ਮਾਤਾ ਜੀ ਦੇ ਨਮਿਤ ਅੰਤਿਮ ਅਰਦਾਸ ਲਈ ਸੁਖਮਨੀ ਸਾਹਿਬ ਦੇ ਪਾਠ ਰਖਾਏ ਅਤੇ ਭੋਗ ਪਾਏ ਗਏ।

ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਵਿਖੇ 6 ਮਈ ਦਿਨ ਐਤਵਾਰ ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਭੋਗ ਪਾਏ ਜਾਣ ਤੋਂ ਬਾਅਦ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਵੱਖ ਵੱਖ ਸ਼ਖਸੀਅਤਾਂ ਨੇ ਵਿਛੜੀ ਆਤਮਾ ਨੂੰ ਸ਼ਰਧਾਂਜਲੀਆਂ ਦਿੱਤੀਆਂ, ਜਿਹਨਾਂ ਵਿਚ ਸਰਵ ਸ੍ਰੀ ਰਾਜ ਕੁਮਾਰ ਸੂਦ, ਭਾਈ ਰਾਮ ਸਿੰਘ ਜੀ, ਭਾਈ ਹਰਬਲਾਸ ਸਿੰਘ ਝਿੰਗੜ, ਰਜਿੰਦਰ ਗੰਗੜ, ਰਜਿੰਦਰ ਮੋਮੀ, ਲਹਿੰਬਰ ਸਿੰਘ, ਕਰਮ ਸਿੰਘ ਅਤੇ ਅਮਰ ਦੜੌਂਚ ਆਦਿ ਸ਼ਾਮਲ ਸਨ।

ਇਸ ਤੋਂ ਪਹਿਲਾਂ **ਭਾਈ ਹਰਬਲਾਸ ਸਿੰਘ ਝਿੰਗੜ** ਅਤੇ ਜਥੇ ਨੇ ਸ਼ਬਦ ਗਾਇਨ ਕੀਤਾ ਤੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਅਰਦਾਸ ਕੀਤੀ। ਇਸ ਉਪਰੰਤ ਸਟੇਜ ਦੀ ਸੇਵਾ ਗੁਰੂ ਘਰ ਦੇ ਚੇਅਰਮੈਨ ਸ੍ਰੀ ਰਜਿੰਦਰ ਮੋਮੀ ਜੀ ਨੇ ਸੰਭਾਲਦਿਆਂ ਜਿੱਥੇ ਆਪ ਸ਼ਰਧਾਂਜਲੀ ਦੇ ਦੋ ਸ਼ਬਦ ਕਹੇ, ਉਥੇ ਉਹਨਾਂ ਹੋਰਨਾਂ ਨੂੰ ਵੀ ਵਾਰੋ-ਵਾਰੀ ਸਟੇਜ ’ਤੇ ਬੁਲਾਇਆ, ਜਿਹਨਾਂ ਵਿਚ ਸਭ ਤੋਂ ਪਹਿਲਾਂ ਸ੍ਰੀ ਰਾਜ ਸੂਦ ਨੇ ਆਪਣੀ ਮਾਮੀ ਸਵਰਗੀ ਸ੍ਰੀਮਤੀ ਰਾਮ ਪਿਆਰੀ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹਨਾਂ ਦੇ ਮਾਮਾ ਸ੍ਰੀ ਕੇਵਲ ਰਾਮ ਜੀ ਨੇ ਬੜੀ ਮਿਹਨਤ ਸਦਕਾ ਬੱਚਿਆਂ ਨੂੰ ਪੜ੍ਹਾਇਆ ਤੇ ਉਹਨਾਂ ਵਿਚੋਂ ਇਕ ਪ੍ਰਿੰਸੀਪਲ ਅਤੇ ਬਿਜਨਸਮੈਨ ਬਣਾਇਆ। ਸ੍ਰੀ ਸੂਦ ਨੇ ਬੜੇ ਦੁਖੀ ਹਿਰਦੇ ਨਾਲ ਕਿਹਾ ਕਿ ਉਹਨਾਂ ਦੇ ਮਾਮੀ ਜੀ ਨੂੰ ਨਵਾਂ ਸ਼ਹਿਰ ਦੇ ਜਿਸ ਹਸਪਤਾਲ ’ਚ ਇਲਾਜ ਲਈ ਲਿਜਾਇਆ ਗਿਆ, ਉਸ ਹਸਪਤਾਲ ਦੀਆਂ ਸੇਵਾਵਾਂ ਤੋਂ ਬੇਹੱਦ ਨਿਰਾਸ਼ ਅਤੇ ਨਰਾਜ਼ ਹਨ। ਸ੍ਰੀ ਸੂਦ ਦੇ ਅੰਦਰਲੀ ਨਰਾਜ਼ਗੀ ਤੇ ਨਿਰਾਸ਼ਾ ਇਸ ਗੱਲ ਤੋਂ ਛੁਪੀ ਨਹੀਂ ਰਹੀ, ਜਦੋਂ ਉਹਨਾਂ ਕਿਹਾ ਕਿ ਇਹ ਹਸਪਤਾਲ ਨਹੀਂ ਬੁੱਚੜਖਾਨਾ ਹੈ। ਉਹਨਾਂ ਕਿਹਾ ਕਿ ਇਹ ਸ਼ਬਦ ਸ਼ਾਇਦ ਮੈਂ ਨਾ ਵਰਤਦਾ ਜੇਕਰ ਮੈਂ ਉਥੇ ਜਾ ਕੇ ਅੱਖੀਂ ਹਾਲ ਨਾ ਦੇਖਦਾ।


ਸ੍ਰੀ ਅਮਰ ਦੜੌਂਚ

**ਭਾਈ ਰਾਮ ਸਿੰਘ ਜੀ** ਨੇ ਸਤਿਗੁਰੂ ਰਵਿਦਾਸ ਜੀ ਦੇ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ’ਚ ਬਿਰਾਜਮਾਨ ਸ਼ਬਦ:

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥**
**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥**

ਸ਼ਬਦ ਦੀ ਓਟ ਲੈਂਦਿਆਂ ਦੁਖੀ ਪਰਿਵਾਰ ਤੇ ਸੰਗਤਾਂ ਨੂੰ ਦੱਸਣ ਦਾ ਯਤਨ ਕੀਤਾ ਕਿ ਇਹ ਸਰੀਰ, ਹਰ ਪ੍ਰਾਣੀ ਜੋ ਆਇਆ, ਅੱਜ ਨਹੀਂ, ਇਕ ਨਾ ਇਕ ਦਿਨ ਜਾਣਾ ਹੀ ਹੈ। ਇਸ ਦੁਖ ਦੀ ਘੜੀ ਨੂੰ ਸਹਿਣ ਕਰਨ ਤੇ ਨਿਕਲਣ ਲਈ ਗੁਰਬਾਣੀ ਦੀ ਸ਼ਰਨ ਹੀ ਸਹਾਰਾ ਬਣ ਸਕਦੀ ਹੈ। ਉਹਨਾਂ ਵਿਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਵੀ ਕੀਤੀ ਤੇ ਮਗਰ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਪਰਵਰਦਗਾਰ ਅੱਗੇ ਦੋਵੇਂ ਹੱਥ ਅਰਜ਼ੋਈ ਕੀਤੀ। ਇਸ ਤਰ੍ਹਾਂ ਭਾਈ ਹਰਬਲਾਸ ਸਿੰਘ ਜੀ ਨੇ ਸ਼ਰਧਾਂਜਲੀ ਦਿੰਦਿਆਂ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

**ਬੀਬੀ ਪਲਵਿੰਦਰ ਕੌਰ** ਜੀ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਮਾਂ ਦਾ ਆਸ਼ੀਰਵਾਦ ਹਮੇਸ਼ਾ ਨਾਲ ਹੁੰਦਾ ਹੈ। ਇਸ ਸੰਸਾਰ ਤੋਂ ਚਲੇ ਜਾਣ ਵਾਲੇ ਪਤਾ ਨਹੀਂ ਕਿੱਥੇ ਚਲੇ ਜਾਂਦੇ ਹਨ ਪਰ ਉਹਨਾਂ ਦੇ ਚੰਗੇ ਵਿਚਾਰ ਬੱਚਿਆਂ ਲਈ ਇਕ ਮਾਰਗ ਦਾ ਕੰਮ ਕਰਦੇ ਹਨ।

ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਤੋਂ ਚੇਅਰਮੈਨ **ਸ੍ਰੀ ਰਜਿੰਦਰ ਗੰਗੜ** ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਚੰਗੇ ਇਨਸਾਨਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਹੈ, ਮਾਤਾ ਰਾਮ ਪਿਆਰੀ ਜੀ ਨੂੰ ਯਾਦ ਕੀਤਾ ਜਾ ਰਿਹਾ ਏ, ਮੈਂ ਸਲਾਮ ਕਰਦਾ ਹਾਂ। ਸ੍ਰੀ ਗੰਗੜ ਨੇ ਇਸ ਦੁੱਖ ਦੀ ਘੜੀ ਵਿਚ ਕਠੂਆ ਕਾਂਡ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਨੂੰ ਅੰਧ ਵਿਸ਼ਵਾਸ ਤੋਂ ਵੀ ਉਪਰ ਉਠਣਾ ਹੋਵੇਗਾ। ਉਹਨਾਂ ਕਿਹਾ ਕਿ ਇਕ ਮੰਦਰ ਦੇ ਅੰਦਰ, ਭਗਵਾਨ (ਪੱਥਰ ਦੀ ਮੂਰਤੀ) ਸਾਹਮਣੇ ਜੋ 8 ਸਾਲ ਦੀ ਬੱਚੀ ਨਾਲ ਜੋ ਅਕਹਿ ਤੇ ਅਸਹਿ ਵਿਵਹਾਰ/ ਬਲਾਤਕਾਰ ਹੋਇਆ, ਉਹਨਾਂ ਦਰਿੰਦਿਆਂ ਤੋਂ ਅਖੌਤੀ ਭਗਵਾਨ ਵੀ ਬੱਚੀ ਨੂੰ ਛੁਡਾ ਨਾ ਸਕਿਆ। ਸੋ ਪ੍ਰਮਾਤਮਾ ਇਨਸਾਨ ਦੇ ਅੰਦਰ ਵੱਸਦਾ ਹੈ, ਚੰਗੇ ਇਨਸਾਨ ਬਣ ਕੇ ਰੱਬ ਰੂਪੀ ਬਣ ਜਾਓ। ਚੰਗੇ ਇਨਸਾਨ ਹੀ ਹਮੇਸ਼ਾ ਯਾਦ ਰਹਿੰਦੇ ਹਨ ਤੇ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ।

ਗੁਰੂ ਘਰ ਦੇ ਚੇਅਰਮੈਨ **ਸ੍ਰੀ ਰਾਜਿੰਦਰ ਮੋਮੀ** ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਮੇਰਾ ਸਲਾਮ ਇਸ ਮਾਂ ਨੂੰ ਜਿਸ ਨੇ ਨਿਰਮਲ, ਅਮਰ ਵਰਗਾ ਸਪੂਤ ਜਨਮਿਆ, ਜੋ ਸਮਾਜ ਦੀ ਸੇਵਾ ਲਈ ਤੱਤਪਰ ਹਨ। ਉਹਨਾਂ ਕਿਹਾ ਕਿ ਕਿਸੇ ਸ਼ਾਇਰ ਦੀਆਂ ਲਾਈਨਾਂ ਹਨ:

ਇੰਨੀਆਂ ਗੂੜੀਆਂ ਛਾਵਾਂ ਜਗ ਤੇ ਲੱਭਦੀਆਂ ਨਹੀਂ।
ਤੁਰ ਜਾਵਣ ਜੇ ਇਕ ਵਾਰ, ਤੇ ਮਾਵਾਂ ਲੱਭਦੀਆਂ ਨਹੀਂ।


**ਸ੍ਰੀ ਲਹਿੰਬਰ ਸਿੰਘ** ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਦੇਸ਼ ਦੁਆਬਾ ’ਚ ਪੜ੍ਹਿਆ ਤੇ ਪਤਾ ਲੱਗਾ ਕਿ ਸਵਰਗੀ ਸ੍ਰੀਮਤੀ ਰਾਮ ਪਿਆਰੀ ਜੀ, ਸ੍ਰੀ ਸਤਪਾਲ ਸਾਹਲੋਂ ਜੀ ਦੀ ਵੱਡੀ ਭੈਣ ਸੀ। ਸ੍ਰੀ ਸਤਪਾਲ ਸਾਹਲੋਂ ਨਾਲ ਮੇਰੇ ਬੜੇ ਪੁਰਾਣੇ ਤੇ ਗਹਿਰੇ ਸਬੰਧ ਹਨ। ਸ੍ਰੀ ਸਾਹਲੋਂ ਜੀ ਨੇ ਜਗਤ ਗੁਰੂ ਰਵਿਦਾਸ ਬਾਰੇ ਡਾਕੂਮੈਂਟਰੀ ਫਿਲਮ ਬਣਾਈ। ਅਦਬੀ ਮਹਿਕ ਮੈਗਜ਼ੀਨ ਚਲਾਇਆ ਅਤੇ ਉਘੇ ਸਮਾਜ ਸੇਵੀ ਹਨ। ਗੁਰੂ ਮਹਾਰਾਜ ਪਰਿਵਾਰ ਨੂੰ ਭਾਣਾ ਮੰਨਣਾ ਦਾ ਬਲ ਬਖਸ਼ੇ। ਅਖੀਰ ’ਚ ਸ਼ਰਧਾਂਜਲੀ ਦਿੰਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਸਾਬਕਾ ਪ੍ਰਧਾਨ/ ਚੇਅਰਮੈਨ **(ਬਾਕੀ ਸਫਾ 21 ‘ਤੇ)**

# ਪੀ ਸੀ ਐੱਸ ਵਲੋਂ ਕਰਵਾਏ 29 ਵੇਂ ਵਿਸਾਖੀ ਮੇਲੇ 'ਚ ਲੱਗੀਆਂ ਖ਼ੂਬ ਰੌਣਕਾਂ

**ਸੈਕਰਾਮੈਂਟੋ (ਬਿਊਰੋ)-** ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ ਕਰਵਾਇਆ ਗਿਆ 29ਵਾਂ ਵਿਸਾਖੀ ਮੇਲਾ ਪੂਰੀ ਸ਼ਾਨੋ ਸ਼ੌਕਤ ਨਾਲ ਨੇਪਰੇ ਚੜ੍ਹਿਆ. ਸ਼ੈਲਡਨ ਹਾਈ ਸਕੂਲ ਦੇ ਖ਼ੂਬਸੂਰਤ ਥੀਏਟਰ ਵਿੱਚ ਲਗਾਤਾਰ ਚਾਰ ਘੰਟੇ ਚੱਲੇ ਰੰਗ ਰੰਗ ਸਮਾਗਮ ਦਾ ਸੈਂਕੜੇ ਦਰਸ਼ਕਾਂ ਨੇ ਭਰਪੂਰ ਆਨੰਦ ਮਾਣਿਆਂ. ਤਿੰਨ ਸਾਲ ਦੀ ਉਮਰ ਤੋਂ ਲੈ ਕੇ ਹਰੇਕ ਉਮਰ ਵਰਗ ਦੇ ਕੋਈ 150 ਕਲਾਕਾਰਾਂ ਨੇ ਭੰਗੜੇ, ਗਿੱਧੇ, ਸਕਿੱਟਾਂ, ਤੇ ਗਾਇਕੀ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ.ਮੇਲੇ ਦੀ ਸ਼ੁਰੂਆਤ ਸੁਖਮਨ ਸਿੰਘ ਦੁਆਰਾ ਢੋਲ ਵਜਾ ਕੇ ਕੀਤੀ ਗਈ . ਹਰਦੀਪ ਦੁਆਬੀਆ ਨੇ ਇੱਕ ਧਾਰਮਿਕ ਗੀਤ ''ਕੱਲੇ ਕੱਲੇ ਸਾਹ ਦੇ'' ਉੱਤੇ ਨਾਮ ਦੀਆਂ ਮੋਹਰਾਂ ਲਾ ਕੇ ਸਫਲ ਬਣਾ ਲੈ ਇਹਨੂੰ "ਤੂੰ, ਨਾਮ ਜਪ ਲੈ ਪ੍ਰਾਣੀ ਬਹਿਕੇ ਤੂੰ'' ਸਮੇਤ ਦੋ ਗੀਤਾਂ ਨਾਲ ਹਾਜ਼ਰੀ ਲਵਾਈ। ਲੈਥਰੋਪ ਤੋਂ ਆਏ ਹੋਏ ਨੰਨੇ ਕਲਾਕਾਰ ਪ੍ਰਭਸਿਮਰਨ ਸਿੰਘ ਨੇ ਦੋ ਗੀਤ ਗਾ ਕੇ ਦਰਸ਼ਕਾਂ ਤਾਂ ਭਰਪੂਰ ਪਿਆਰ ਲਿਆ.ਭੰਗੜੇ ਗਿੱਧੇ ਦੇ ਦੌਰ ਵਿਚ ਪੀ ਸੀ ਐੱਸ ਭੰਗੜਾ (ਲਿਟਲ ਕਿਡ੍ਸ), ਕਿਊਟ ਪੰਜਾਬਣਾਂ (ਗਿੱਧਾ )ਪੀ ਸੀ ਐੱਸ ਭੰਗੜਾ, ਗਿੱਧੇ ਦੀਆਂ ਰਾਣੀਆਂ (ਕੋਚ ਰੋਜ਼ੀ ਸੰਧੂ ) ਪੀ ਸੀ ਐੱਸ ਦੀਆਂ ਮੁਟਿਆਰਾਂ ਨੇ ਗਿੱਧੇ ਭੰਗੜੇ ਦੀਆਂ ਪੇਸ਼ਕਾਰੀਆਂ ਨਾਲ ਸਰੋਤਿਆਂ ਦੇ ਮਨ ਮੋਹ ਲਏ. ਗਾਇਕੀ ਦੇ ਦੌਰ ਵਿੱਚ ਪੰਮੀ ਮਾਨ, ਪੂਨਮ, ਗੁਰਮਿੰਦਰ ਗੁਰੀ, ਤੇ ਰਸ਼ਪਾਲ ਸਿੰਘ ਫਰਵਾਲਾ ਨੇ ਗਾਇਕੀ ਦੇ ਵੱਖ ਵੱਖ ਰੰਗ ਪੇਸ਼ ਕੀਤੇ. ਫਰਿਜ਼ਨੋ ਤੋਂ ਆਈ ਲੰਬੀ ਹੇਕ ਵਾਲੀ ਗਾਇਕਾ ਜੋਤ ਰਣਜੀਤ ਨੇ ਮਿਰਜ਼ਾ ਤੇ ਜੁਗਨੀ ਗਾ ਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ. ਦਰਸ਼ਕਾਂ ਦੀ ਫਰਮਾਇਸ਼ ਉੱਤੇ ਗਾਇਕ ਪੂਨਮ ਅਤੇ ਰਸ਼ਪਾਲ ਫਰਵਾਲਾ ਨੇ ਚਾਰ ਦਹਾਕੇ ਪੁਰਾਣੇ ਗੀਤ ''ਜੇ ਮੁੰਡਿਆ ਵੇ ਸਾਡੀ ਤੋਰ ਤੂੰ ਵੇਖਣੀ ''ਗਾ ਕੇ ਸਰੋਤੇ ਝੂਮਣ ਲਾ ਦਿੱਤੇ. ਜਸਵੰਤ ਸਿੰਘ ਸ਼ਾਦ ਤੇ ਅਵਤਾਰ ਲਾਖਾ ਨੇ ਬਜ਼ੁਰਗਾਂ ਦੀ ਹਾਲਤ ਉੱਤੇ ਸਕਿੱਟ ''ਬਾਬਾ ਬੋਲਦਾ'' ਕਰ ਕੇ ਖ਼ੂਬ ਹਸਾਇਆ. ਮੁਟਿਆਰਾਂ ਅਮਨਪ੍ਰੀਤ ਸੰਧੂ ਤੇ ਅੰਮ੍ਰਿਤਾ ਡੋਡ ਨੇ ਇੱਕ ਦੋਗਾਣੇ ਉੱਤੇ ਡਾਂਸ ਕਰਕੇ ਵਾਹ ਵਾਹ ਖੱਟੀ .ਅੰਤ ਵਿੱਚ ਪਰਮਜੀਤ ਦੁਆਰਾ ਤਿਆਰ ਕਰਵਾਈ ਬਹੁਤ ਹੀ ਭਾਵਪੂਰਤ ਸਕਿੱਟ ਨੇ ਇੱਕ ਵੱਖਰਾ ਮਹੌਲ ਸਿਰਜਿਆ .ਸੋਸਾਇਟੀ ਦੀ ਰਵਾਇਤ ਅਨੁਸਾਰ ਇਸ ਵਾਰ ਉੱਘੇ ਸ਼ਾਇਰ ਦਲਵੀਰ 'ਦਿਲ' ਨਿੱਝਰ (ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ) ਨੂੰ ਉਹਨਾਂ ਦੀਆਂ ਸਾਹਿਤਕ ਸੇਵਾਵਾਂ ਲਈ ਉੱਘੇ ਹਾਕੀ ਉਲੰਪੀਅਨ ਸ. ਬਲਬੀਰ ਸਿੰਘ ਵਲੋਂ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਸਾਰੇ ਸੋਸਾਇਟੀ ਮੈਂਬਰਾਂ ਵਲੋਂ ਸਾਰੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਗਿਆ. ਰਸ਼ਪਾਲ ਸਿੰਘ ਫਰਵਾਲਾ ਅਤੇ ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਅਜਾਇਬ ਕਾਹਲੋਂ, ਦੇਬੀ ਗਿੱਲ,ਸੁਖਰਾਜ ਔਲਖ ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਅਵਤਾਰ ਸਿੰਘ ਡੋਡ, ਮਨੋਹਰ ਲਾਲ ਰੱਤੀ ਵਿਜੇ ਪਰਹਾਰ ਰਾਜ ਬਰਾੜ, ਬਖਸ਼ੀਸ਼ ਗਿੱਲ ਬਲਵੰਤ ਕੰਦੋਲਾ, ਜਤਿੰਦਰ ਬੀਸਲਾ ਬਲਦੇਵ ਗਰੇਵਾਲ, ਗੁਰਪਾਲ ਤੱਖਰ ਯਾਦਵਿੰਦਰ ਗਿੱਲ, ਗੁਰਮਿੰਦਰ ਗੁਰੀ, ਭਿਲੀ ਸਿੰਘ ਸੰਧੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਯਾਦ ਰਹੇ ਕਿ ਇਸੇ ਸੋਸਾਇਟੀ ਵਲੋਂ ਸਲਾਨਾ ਤੀਆਂ ਦਾ ਮੇਲਾ ਜੁਲਾਈ 15 ਨੂੰ ਕਰਵਾਇਆ ਜਾ ਰਿਹਾ ਹੈ।







































## ਸ਼ਹੀਦਾਂ ਦੇ ਸਿਰਤਾਜ, ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ



Baksho Kaur Bisla Hardev Singh Bisla
530-671-0439, Fax 530-822-0439 Cell- 530-844-3250




# L.A. MERCHANDISE

**Whole Sale +Retail**

## 500 N. Palora Ave. Yuba City, CA 95991

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

Red Label Tea
900 Gm $ 3.99

Bio Bidet Elite
$ 39.99+Tax
(Smart Loto)



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

# ਬਲਾਤਕਾਰ ਅਤੇ ਬ੍ਰਾਹਮਣੀ ਧਰਮ



ਦਰਸ਼ਨ ਸਿੰਘ ਬਾਜਵਾ
(91-98783-83053)

ਪਿਛਲੇ ਮਹੀਨੇ ਜੰਮੂ ਕਸ਼ਮੀਰ ਦੇ ਕਠੂਆ ਦੀ ਇੱਕ ਗਰੀਬ ਪਰਿਵਾਰ ਦੀ ਧੀ ਆਸਿਫ਼ਾ ਬਾਨੋ ਨਾ਼ਲ ਬਲਾਤਕਾਰ ਪਿੱਛੋਂ ਕਤਲ ਦਾ ਮਾਮਲਾ ਕਾਫ਼ੀ ਚਰਚਿਤ ਰਿਹਾ। ਸਮੁੱਚਾ ਦੇਸ਼ ਇਹ ਸੁਣਕੇ ਹੈਰਾਨ ਸੀ ਕਿ ਇੱਕ 8 ਸਾਲ ਦੀ ਬੱਚੀ ਨਾ਼ਲ ਕਈ ਵਿਅਕਤੀਆਂ ਨੇ ਲਗਾਤਾਰ 8 ਦਿਨ ਤੱਕ ਸਮੂਹਿਕ ਬਲਾਤਕਾਰ ਕੀਤਾ। ਉਸਨੂੰ ਬੇਹਸ਼ ਰੱਖਣ ਲਈ ਇੰਜੈਕਸ਼ਨ ਲਾਏ ਜਾਂਦੇ ਰਹੇ। ਇਹ ਕੁਕਰਮ ਵੀ ਇੱਕ ਹਿੰਦੂ ਮੰਦਰ ਵਿੱਚ ਹੋਇਆ। ਮੰਦਰ ਦਾ 60 ਸਾਲਾ ਪੁਜਾਰੀ ਵੀ ਇਸ ਕੁਕਰਮ ਵਿੱਚ ਸ਼ਾਮਲ ਸੀ। ਫਿਲਮੀ ਅਦਾਕਾਰਾ ਅਤੇ ਚੰਡੀਗੜ੍ਹ ਤੋਂ ਭਾਜਪਾ ਸਾਂਸਦ ਕਿਰਨ ਖੇਰ ਨੇ ਇਸ ਸੰਬੰਧੀ ਬਿਆਨ ਦਿੰਦਿਆਂ ਕਿਹਾ ਕਿ "ਬਲਾਤਕਾਰ ਤਾਂ ਸਦੀਆਂ ਤੋਂ ਹੁੰਦੇ ਆਏ ਹਨ। ਇਹ ਸਾਡੀ ਸੰਸਕ੍ਰਿਤੀ ਦਾ ਹਿੱਸਾ ਹੈ। ਇਸਨੂੰ ਅਸੀਂ ਰੋਕ ਨਹੀਂ ਸਕਦੇ।"

ਦਰਿੰਦਗੀ ਨਾ਼ਲ ਹੋਣ ਵਾ਼ਲੇ ਬਲਾਤਕਾਰ ਸੰਬੰਧੀ ਇਸ ਤਰ੍ਹਾਂ ਦਾ ਬਿਆਨ ਸੁਣਨ ਵਾ਼ਲੇ ਹਰ ਵਿਅਕਤੀ ਨੂੰ ਝਟਕਾ ਦੇਣ ਵਾ਼ਲਾ ਹੈ। ਪਰ ਕਿਰਨ ਖੇਰ ਨੇ ਜੋ ਕੁੱਝ ਕਿਹਾ ਹੈ ਉਸਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਸਾਡੀ ਪੁਰਾਤਨ ਸੰਸਕ੍ਰਿਤੀ ਬਲਾਤਕਾਰਾਂ ਨੂੰ ਪ੍ਰੋਤਸ਼ਾਹਨ ਦੇਣ ਵਾ਼ਲਿਆਂ ਦੀ ਨਹੀਂ ਪਰ ਹੁਣ ਅਸੀਂ ਜਿਸ ਸੰਸਕ੍ਰਿਤੀ ਨੂੰ ਅਪਣਾ ਚੁੱਕੇ ਹਾਂ ਉਹ ਸੰਸਕ੍ਰਿਤੀ ਅਜਿਹੀ ਹੀ ਹੈ। ਮੰਦਰਾਂ ਵਿੱਚ ਲਿੰਗ ਅਤੇ ਯੋਨੀ ਦੀ ਪੂਜਾ ਨੂੰ ਜੇਕਰ ਇੱਕ ਪਾਸੇ ਰੱਖ ਦੇਈਏ ਅਤੇ ਧਾਰਮਿਕ ਗ੍ਰੰਥਾਂ ਵਿੱਚ ਲਿਖੀਆਂ ਗੱਲਾਂ ਨੂੰ ਹੀ ਵਾਚੀਏ ਤਾਂ ਸਾਨੂੰ ਮਹਿਸੂਸ ਹੋਵੇਗਾ ਕਿ ਸਾਡੀ ਸੰਸਕ੍ਰਿਤੀ ਹੀ ਅਜਿਹੀ ਬਣ ਚੁੱਕੀ ਹੈ। ਮਹਾਂਭਾਰਤ ਅਨੁਸਾਰ ਉਦਾਲਕ ਰਿਸ਼ੀ ਦੀ ਪਤਨੀ ਨਾਲ ਕਈ ਬ੍ਰਾਹਮਣਾਂ ਨੇ ਉਸਦੇ ਪਤੀ ਅਤੇ ਪੁੱਤਰ ਦੇ ਸਾਹਮਣੇ ਬਲਾਤਕਾਰ ਕੀਤਾ ਜੋ ਧਾਰਮਿਕ ਰੀਤੀ ਕਰਕੇ ਬਰਦਾਸ਼ਤ ਕੀਤਾ ਗਿਆ। ਮਹਾਂਭਾਰਤ ਦੇ ਇੱਕ ਨਾਇਕ ਕ੍ਰਿਸ਼ਨ ਦੁਆਰਾ ਯਮਨਾ ਵਿੱਚ ਨਹਾ ਰਹੀਆਂ ਲੜਕੀਆਂ ਦੇ ਕੱਪੜੇ ਚੁੱਕ ਕੇ ਦਰੱਖਤ 'ਤੇ ਚੜ੍ਹ ਜਾਣਾ, ਦੇਵਤਾ ਇੰਦਰ ਦੁਆਰਾ ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਦਾ ਧੋਖੇ ਨਾ਼ਲ ਬਲਾਤਕਾਰ ਕਰਨਾ, ਪਰਾਸ਼ਰ ਰਿਸ਼ੀ ਦੁਆਰਾ ਗੰਗਾ ਅੰਦਰ ਇੱਕ ਮਲਾਹ ਦੀ ਲੜਕੀ ਨਾ਼ਲ ਉਸਦੀ ਇੱਛਾ ਦੇ ਉਲਟ ਜ਼ਬਰਦਸਤੀ ਭੋਗ ਕਰਨਾ ਤਾਂ ਇਸ ਦੀਆਂ ਕੁੱਝ ਕੁ ਵੰਨਗੀਆਂ ਹੀ ਹਨ।

ਮੰਦਰਾਂ ਵਿੱਚ ਬ੍ਰਾਹਮਣ ਪੁਜਾਰੀ ਦੀ ਕਾਮ ਪੂਰਤੀ ਲਈ ਦੇਵ ਦਾਸੀਆਂ ਦੇ ਨਾਂਅ 'ਤੇ ਨਿਮਨ ਵਰਗਾਂ ਦੀਆਂ ਲੜਕੀਆਂ ਨੂੰ ਰੱਖਿਆ ਜਾਣਾ ਇਸੇ ਸੰਸਕ੍ਰਿਤੀ ਦਾ ਹਿੱਸਾ ਹੈ। ਭਾਵੇਂ ਇਹ ਪ੍ਰਥਾ ਕਾਨੂੰਨਨ ਬੰਦ ਕਰ ਦਿੱਤੀ ਗਈ ਹੈ ਪਰ ਕਿਉਂਕਿ ਇਹ ਧਾਰਮਿਕ ਸੰਸਕ੍ਰਿਤੀ ਦਾ ਹਿੱਸਾ ਹੈ ਇਸ ਲਈ ਹਿੰਦੂ ਧਰਮ ਨੂੰ ਮੰਨਣ ਵਾ਼ਲਿਆਂ ਨੇ ਇਸ ਨੂੰ ਅਜੇ ਵੀ ਚਾਲੂ ਰੱਖਿਆ ਹੋਇਆ ਹੈ।

ਇੱਕ ਧਾਰਮਿਕ ਪੁਸਤਕ ਰੁਦਰਯਾਮਲ ਤੰਤਰ ਅਨੁਸਾਰ 'ਰਜਸਵਲਾ ਔਰਤ ਨਾ਼ਲ ਭੋਗ ਕਰਨਾ ਪੁਸ਼ਕਰ ਇਸ਼ਨਾਨ ਦੇ ਬਰਾਬਰ ਹੈ। ਚਮਾਰਨ ਦੇ ਨਾ਼ਲ ਭੋਗ ਕਰਨਾ ਪ੍ਰਯਾਗ ਤੀਰਥ ਦੇ ਸਮਾਨ ਹੈ। ਚੰਡਾਲਨੀ ਦੇ ਨਾ਼ਲ ਸਮਾਗਮ ਕਰਨਾ ਕਾਸ਼ੀ ਦੇ ਸਮਾਨ ਹੈ। ਧੋਬਣ ਨਾ਼ਲ ਭੋਗ ਕਰਨਾ ਮਥਰਾ ਬਰਾਬਰ ਹੈ। ਵੇਸਵਾ ਨਾ਼ਲ ਸਮਾਗਮ ਕਰਨ ਅਯੁੱਧਿਆ ਤੀਰਥ ਦੇ ਸਮਾਨ ਹੈ। ਨਾਇਣ ਅਤੇ ਘੁਮਿਆਰੀ ਨਾ਼ਲ ਭੋਗ ਕਰਨਾ ਹਰਦੁਆਰ ਤੀਰਥ ਸਮਾਨ ਹੈ।" (ਹਵਲਾ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ?,

ਲੇਖਕ ਪ੍ਰੋ: ਗੁਰਨਾਮ ਸਿੰਘ ਮੁਕਤਸਰ)

ਜਦੋਂ ਸਾਡੇ ਦੇਸ਼ ਦੇ ਧਾਰਮਿਕ ਗ੍ਰੰਥ ਇਹੋ ਜਿਹੀ ਸਿੱਖਿਆ ਦਿੰਦੇ ਹਨ ਅਤੇ ਮਹਾਂਪੁਰਸ਼ ਮੰਨੇ ਗਏ ਧਾਰਮਿਕ ਆਗੂ ਇਸ ਤਰ੍ਹਾਂ ਕਰਦੇ ਰਹੇ ਹਨ ਤਾਂ ਕਿਹੋ ਜਿਹਾ ਸੱਭਿਆਚਾਰ ਕਾਇਮ ਹੋਵੇਗਾ ਇਸਦਾ ਅੰਦਾਜ਼ਾ ਲਗਾਉਣਾ ਕੋਈ ਔਖਾ ਨਹੀਂ ਹੈ। ਇਹਨਾਂ ਧਾਰਮਿਕ ਗ੍ਰੰਥਾਂ ਨੂੰ ਮੰਨਣ ਵਾ਼ਲਿਆਂ ਦੀ ਅੱਜ ਭਾਰਤ ਵਿੱਚ ਸਰਕਾਰ ਹੈ। ਇਸ ਲਈ ਜਦੋਂ ਤੋਂ ਸਰਕਾਰ ਕਾਇਮ ਹੋਈ ਹੈ ਉਦੋਂ ਤੋਂ ਹੀ ਭਾਰਤ ਹਿੰਦੁਤਵ ਦੇ ਰਾਹ 'ਤੇ ਚੱਲਦਾ ਦਿਖਾਈ ਦੇ ਰਿਹਾ ਹੈ। ਕੁੱਝ ਸਮਾਂ ਪਹਿਲਾਂ ਆਰ.ਐਸ.ਐਸ. ਦਾ ਇੱਕ 32 ਨੁਕਾਤੀ ਪ੍ਰੋਗਰਾਮ ਦਾ ਇੱਕ ਪੱਤਰ ਕੁੱਝ ਅਖਬਾਰਾਂ ਵਿੱਚ ਛਪਿਆ ਸੀ। ਨਿਮਨ ਵਰਗਾਂ ਦੀਆਂ ਔਰਤਾਂ ਨਾ਼ਲ ਬਲਾਤਕਾਰ ਕਰਨੇ ਵੀ ਇਸ ਦੇ ਏਜੰਡੇ ਵਿੱਚ ਸ਼ਾਮਲ ਸੀ। ਜੇਕਰ ਅੱਜ ਇਸ ਤਰ੍ਹਾਂ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ ਤਾਂ ਇਹ ਕੋਈ ਹੈਰਾਨੀ ਵਾ਼ਲੀ ਗੱਲ ਨਹੀਂ।

ਸਾਡੇ ਦੇਸ਼ ਦਾ ਸੰਵਿਧਾਨ ਔਰਤ ਸਮੇਤ ਸਭ ਨੂੰ ਬਰਾਬਰ ਦਾ ਇਨਸਾਨ ਸਮਝਦਾ ਹੈ। ਪਰ ਸਾਡੇ ਦੇਸ਼ ਦੇ ਹੁਕਮਰਾਨ ਦੇਸ਼ ਦਾ ਅੱਧਾ ਹਿੱਸਾ ਔਰਤ ਪ੍ਰਤੀ ਕਿਹੋ ਜਿਹੀ ਸੋਚ ਰੱਖਦੇ ਹਨ, ਇਸ ਦੀ ਵੰਨਗੀ ਕੁੱਝ ਕੁ ਨੇਤਾਵਾਂ ਦੁਆਰਾ ਦਿੱਤੇ ਬਿਆਨਾਂ ਤੋਂ ਦੇਖੀ ਜਾ ਸਕਦੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਕਹਿੰਦੇ ਹਨ ਕਿ 'ਲੜਕੀ ਅਚਾਰ ਵੇਚੇਗੀ ਤਾਂ ਜ਼ਿਆਦਾ ਵਿਕੇਗਾ'। ਜੇਕਰ ਇਹੀ ਕੰਮ ਮਰਦ ਕਰੇ ਤਾਂ ਵਿਕਰੀ ਜ਼ਿਆਦਾ ਕਿਉਂ ਨਹੀਂ ਹੋ ਸਕਦੀ? ਭਾਵ ਕਿ ਉਹਨਾਂ ਦੀ ਨਜ਼ਰ ਵਿੱਚ ਔਰਤ ਇੱਕ ਮਾਧਿਅਮ ਹੈ ਜਿਸਨੂੰ ਵਪਾਰ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕਹਿੰਦੇ ਹਨ ਕਿ 'ਜੇਕਰ ਲੜਕੀਆਂ ਨੂੰ ਆਜ਼ਾਦੀ ਚਾਹੀਦੀ ਹੈ ਤਾਂ ਨੰਗੀਆਂ ਘੁੰਮਣ'। ਕੇਂਦਰੀ ਮੰਤਰੀ ਪ੍ਰਸ਼ੋਤਮ ਰੂਪਲਾ ਕਹਿੰਦੇ ਹਨ, 'ਦਲਿਤ ਅਤੇ ਔਰਤਾਂ ਮਾਰ ਖਾ ਕੇ ਸਿੱਧੇ ਰਹਿੰਦੇ ਹਨ'। ਕੇਂਦਰੀ ਵਿਤ ਮੰਤਰੀ ਅਰੁਣ ਜੇਟਲੀ ਦਾ ਕਹਿਣਾ ਹੈ ਕਿ 'ਬਲਾਤਕਾਰ ਇੱਕ ਛੋਟੀ ਘਟਨਾ ਹੈ'। ਭੋਜਪੁਰੀ ਗਾਇਕ ਅਤੇ ਦਿੱਲੀ ਤੋਂ ਭਾਜਪਾ ਸਾਂਸਦ ਮਨੋਜ ਤਿਵਾਰੀ ਦਾ ਕਹਿਣਾ ਹੈ ਕਿ 'ਦਿੱਲੀ ਦੀਆਂ ਲੜਕੀਆਂ ਗੋਲ ਗੱਪੇ ਦੇ ਪੱਤੇ ਵਾਂਗ ਹੁੰਦੀਆਂ ਹਨ। ਮੂੰਹ ਨੂੰ ਲਗਾਓ ਅਤੇ ਸੁੱਟ ਦਿਓ।' ਉੱਤਰ ਪ੍ਰਦੇਸ਼ ਦੇ ਮੰਤਰੀ ਯੋਗੀ ਅਦਿੱਤਿਆਨਾਥ ਨੂੰ ਜਦੋਂ ਸਰਕਾਰ ਵੱਲੋਂ ਦਿੱਤੇ 'ਬੇਟੀ ਬਚਾਓ-ਬੇਟੀ ਪੜ੍ਹਾਓ' ਦੇ ਨਾਅਰੇ ਦਾ ਹਵਾਲਾ ਦਿੰਦਿਆਂ ਉਂਨਾਵ ਵਿੱਚ ਹੋਏ ਬਲਾਤਕਾਰ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਹਨਾਂ ਦਾ ਕਹਿਣਾ ਸੀ ਕਿ 'ਸਾਡਾ ਕੰਮ ਗਊ ਬਚਾਉਣਾ ਹੈ, ਲੜਕੀ ਨਹੀਂ'। ਕੁੱਝ ਸਮਾਂ ਪਹਿਲਾਂ ਚੰਡੀਗੜ੍ਹ ਵਿੱਚ ਹਰਿਆਣੇ ਦੇ ਭਾਜਪਾ ਦੇ ਇੱਕ ਵੱਡੇ ਨੇਤਾ ਦੇ ਪੁੱਤਰ ਦੁਆਰਾ ਇੱਕ ਆਈ.ਏ.ਐਸ. ਅਧਿਕਾਰੀ ਦੀ ਬੇਟੀ ਦਾ ਪਿੱਛਾ ਕਰਨ ਦੀਆਂ ਖਬਰਾਂ ਸਾਹਮਣੇ ਆਈਆਂ ਸਨ। ਲੜਕੀ ਅਨੁਸਾਰ ਜੇਕਰ ਉਹ ਗੱਡੀ ਭਜਾ ਕੇ ਆਪਣਾ ਬਚਾਅ ਨਾ ਕਰਦੀ ਤਾਂ ਉਸਨੂੰ ਅਗਵਾ ਕਰ ਲਿਆ ਜਾਣਾ ਸੀ। ਪਰ ਹਰਿਆਣਾ ਸਰਕਾਰ, ਭਾਜਪਾ ਨੇਤਾ ਦੇ ਦੋਸ਼ੀ ਪੁੱਤਰ ਦਾ ਬਚਾਅ ਕਰਦੀ ਰਹੀ।

23 ਸਤੰਬਰ 1998 ਨੂੰ ਝਾਬੂਆ ਵਿੱਚ ਚਾਰ ਇਸਾਈ ਸਾਧਵੀਆਂ ਨਾ਼ਲ ਸਮੂਹਿਕ ਬਲਾਤਕਾਰ ਕੀਤਾ ਗਿਆ। ਇਸ ਗ਼ੈਰਮਾਨਵੀ ਘਟਨਾ ਨਾ਼ਲ ਦੇਸ਼ ਦਾ ਨਾਂਅ ਪੂਰੀ ਦੁਨੀਆਂ ਵਿੱਚ ਬਦਨਾਮ ਹੋਇਆ। ਪਰ ਇਸ 'ਤੇ ਥੋੜ੍ਹੀ ਜਿਹੀ ਵੀ ਸ਼ਰਮ ਨਾ ਮਹਿਸੂਸ ਕਰਦਿਆਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਬੀ. ਐਲ. ਸ਼ਰਮਾ ਪ੍ਰੇਮ ਦਾ ਕਹਿਣਾ ਸੀ- "ਉਸ ਇਲਾਕੇ ਵਿੱਚ ਹੋ ਰਹੇ ਧਰਮ ਪਰਿਵਰਤਨਾਂ ਦੇ ਕਾਰਣ ਹੀ ਸਾਧਵੀਆਂ ਨੇ ਆਪਣੀ ਸ਼ਾਮਤ ਖੁਦ ਬੁਲਾਈ ਸੀ।" ਬਾਅਦ ਵਿੱਚ ਇਸ ਕੇਸ ਵਿੱਚ 15 ਮਾਰਚ 2014 ਨੂੰ ਅਦਾਲਤ ਨੇ ਤਿੰਨ ਵਿਅਕਤੀਆਂ ਨੂੰ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ।

ਹੁਣ ਜਦੋਂ ਕਠੂਆ ਮਾਮਲਾ ਚਰਚਾ ਵਿੱਚ ਆਇਆ ਤਾਂ ਕੁੱਝ ਹਿੰਦੂਤਵੀ ਸੰਗਠਨ ਦੋਸ਼ੀਆਂ ਦੇ ਪੱਖ ਵਿੱਚ ਖੜ੍ਹੇ ਦਿਖਾਈ ਦਿੱਤੇ। ਉਹਨਾਂ ਨਾ ਸਿਰਫ਼ ਬਲਾਤਕਾਰੀਆਂ ਦੀ ਹਮ-ਾਇਤ ਕੀਤੀ ਬਲਕਿ ਤਿਰੰਗਾ ਝੰਡਾ ਲੈ ਕੇ ਰੋਸ ਪ੍ਰਦਰਸ਼ਨ ਵੀ ਕੀਤੇ। ਸਮਾਜ ਦਾ ਪੜ੍ਹਿਆ ਲਿਖਿਆ ਤਬਕਾ ਕਹਾਉਣ ਵਾ਼ਲੇ ਵਕੀਲ ਵੀ ਆਪਣੀ ਮਰਿਆਦਾ ਭੁੱਲ ਗਏ। ਲੜਕੀ ਆਸਿਫਾ ਦਾ ਕੇਸ ਲੜਨ ਵਾ਼ਲੀ ਵਕੀਲ ਨੇ ਦੋਸ਼ ਲਾਇਆ ਕਿ ਬਾਰ ਐਸੋਸੀਏਸ਼ਨ ਵੱਲੋਂ ਉਸਨੂੰ ਕੇਸ ਲੜਨ ਤੋਂ ਰੋਕਣ ਲਈ ਧਮਕੀਆਂ ਦਿੱਤੀਆਂ ਗਈਆਂ। ਕੇਰਲਾ ਦੇ ਇੱਕ ਉੱਘੇ ਆਰ.ਐਸ.ਐਸ. ਨੇਤਾ ਈ.ਐਨ. ਨੰਦਕੁਮਾਰ ਦੇ ਪੁੱਤਰ ਅਤੇ ਕੋਚੀ ਸਥਿਤ ਕੋਟੇਕ ਬੈਂਕ ਦੇ ਸਹਾਇਕ ਮੈਨੇਜਰ ਵਿਸ਼ਨੂੰ ਨੰਦਕੁਮਾਰ ਨੇ ਕਿਹਾ ਕਿ ਇਹ ਚੰਗਾ ਹੈ ਕਿ ਆਸਿਫਾ ਮਰ ਗਈ। ਜੇਕਰ ਅਜਿਹਾ ਨਾ ਹੁੰਦਾ ਤਾਂ ਬਾਅਦ ਵਿੱਚ ਉਹ ਅੱਤਵਾਦੀ ਹੀ ਬਣਦੀ। ਸਾਡਾ ਸਮਾਜ ਕਿਸ ਹੱਦ ਤੱਕ ਜਾਤੀਵਾਦੀ ਅਤੇ ਜਨੂੰਨੀ ਹੈ ਇਸ ਦੀ ਉਦਾਹਰਣ ਉਦੋਂ ਸਪੱਸ਼ਟ ਹੋਈ ਜਦੋਂ ਮਰ ਚੁੱਕੀ ਲੜਕੀ ਆਸਿਫਾ ਨੂੰ ਪਿੰਡ ਵਿੱਚ ਦਫਨਾਉਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਗਿਆ ਕਿ ਇੱਥੇ ਮੁਸਲਮਾਨਾਂ ਦੇ ਦਫ਼ਨਾਉਣ ਲਈ ਕੋਈ ਅਧਿਕਾਰਤ ਜਗ੍ਹਾ ਨਹੀਂ ਹੈ। ਅੱਜ ਤੱਕ ਉਹ ਇੱਥੇ ਗੈਰ ਕਾਨੂੰਨੀ ਤਰੀਕੇ ਨਾ਼ਲ ਲਾਸ਼ਾਂ ਨੂੰ ਦਫਨਾਉਂਦੇਠੇਹੇ ਹਨ। ਇਸ ਬੱਚੀ ਨੂੰ ਦਫਨਾਉਣ ਲਈ ਕਬਰ ਵੀ ਪੁੱਟੀ ਜਾਣ ਲੱਗੀ ਸੀ ਪਰ ਹਿੰਦੂ ਸਮਾਜ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ। ਇਸ ਕਰਕੇ ਉਕਤ ਬੱਚੀ ਨੂੰ ਦਫਨਾਉਣ ਲਈ ਪਰਿਵਾਰ ਨੂੰ ਪਿੰਡ ਤੋਂ 8 ਕਿਲੋਮੀਟਰ ਦੂਰ ਜਾਣਾ ਪਿਆ।

ਆਸਿਫਾ ਦੇ ਕੇਸ ਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਉਂਨਾਵ ਵਿੱਚ ਵੀ ਬਲਾਤਕਾਰ ਦਾ ਇੱਕ ਕੇਸ ਸਾਹਮਣੇ ਆਇਆ ਸੀ। ਇਸ ਕੇਸ ਵਿੱਚ ਦੋਸ਼ੀ ਕੋਈ ਆਮ ਵਿਅਕਤੀ ਨਹੀਂ ਸੀ ਬਲਕਿ ਲੋਕਾਂ ਦਾ ਨੁਮਾਇੰਦਾ ਭਾਜਪਾ ਦਾ ਇੱਕ ਵਿਧਾਇਕ ਕੁਲਦੀਪ ਸਿੰਘ ਸੇਂਗਰ ਸੀ। ਉਸ ਦੁਆਰਾ ਕੀਤੇ ਬਲਾਤਕਾਰ ਦਾ ਇਨਸਾਫ਼ ਲੈਣ ਲਈ ਜਦੋਂ ਪੀੜਤ ਲੜਕੀ ਦੇ ਪਿਤਾ ਨੇ ਥਾਣੇ ਜਾ ਕੇ ਰਿਪੋਰਟ ਲਿਖਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਕਤ ਭਾਜਪਾ ਵਿਧਾਇਕ ਦੇ ਗੁੰਡਿਆਂ ਨੇ ਉਸਨੂੰ ਬਹੁਤ ਜ਼ਿਆਦਾ ਕੁੱਟਮਾਰ ਕੀਤੀ ਅਤੇ ਝੂਠੇ ਕੇਸ ਵਿੱਚ ਗ੍ਰਿਫ਼ਤਾਰ ਕਰਵਾ ਦਿੱਤਾ। ਬਹੁਤੀ ਮਾਰ ਕਾਰਨ ਅਤੇ ਯੋਗ ਇਲਾਜ ਨਾ ਹੋਣ ਕਾਰਨ ਉਹ ਵਿਚਾਰਾ ਇਨਸਾਫ ਦੀ ਮੰਗ ਕਰਦਾ-ਕਰਦਾ ਜੇਲ੍ਹ ਵਿੱਚ ਹੀ ਦਮ ਤੋੜ ਗਿਆ।

ਬਲਾਤਕਾਰੀ ਦਾ ਕੋਈ ਧਰਮ ਨਹੀਂ ਹੁੰਦਾ ਉਹ ਕਿਸੇ ਵੀ ਧਰਮ ਦਾ ਹੋ ਸਕਦਾ ਹੈ। ਅਕਸਰ ਬਲਾਤਕਾਰ ਕਰਨ ਵਾ਼ਲੇ ਉੱਚ ਜਾਤੀਆਂ ਨਾ਼ਲ ਸੰਬੰਧਤ ਹੁੰਦੇ ਹਨ ਅਤੇ ਪੀੜਤ ਔਰਤਾਂ ਨਿਮਨ ਵਰਗਾਂ ਦੀਆਂ ਹੁੰਦੀਆਂ ਹਨ। ਕਠੂਆ ਦੀ ਗਰੀਬ ਪਰਿਵਾਰ ਦੀ ਬੇਟੀ ਆਸਿਫਾ ਅਤੇ ਉਂਨਾਵ ਦੀ ਬੇਟੀ ਨਾ਼ਲ ਬਲਾਤਕਾਰ ਕਰਨ ਵਾ਼ਲੇ ਉੱਚ ਜਾਤੀਏ ਸਨ। ਇਹ ਦੋਵੇਂ ਲੜਕੀਆਂ ਗਰੀਬ ਅਤੇ ਨਿਮਨ ਮੰਨੇ ਗਏ ਪਰਿਵਾਰਾਂ ਨਾ਼ਲ ਸੰਬੰਧਤ ਸਨ। ਜੇਕਰ ਇਹ ਦੋਵੇਂ ਲੜਕੀਆਂ ਉੱਚ ਜਾਤੀਆਂ ਦੀਆਂ ਹੁੰਦੀਆਂ ਤਾਂ ਇਹਨਾਂ ਨਾ਼ਲ ਸ਼ਾਇਦ ਹੀ ਕੋਈ ਬਲਾਤਕਾਰ ਕਰਨ ਦੀ ਹਿੰਮਤ ਕਰਦਾ। ਜੇਕਰ ਕਿਸੇ ਦੀ ਹਿੰਮਤ ਹੁੰਦੀ ਵੀ ਤਾਂ ਸਾਰਾ ਦੇਸ਼ ਉਹਨਾਂ ਨਾ਼ਲ ਖੜ੍ਹਾ ਦਿਖਦਾ। ਜਿਵੇਂ ਦਿੱਲੀ ਦੀ ਨਿਰਭਯਾ ਨਾ਼ਲ ਖੜ੍ਹਾ ਸੀ। ਇਸੇ ਤਰ੍ਹਾਂ ਉਤਰਾਖੰਡ ਬਣਨ ਤੋਂ ਪਹਿਲਾਂ 1994 ਵਿੱਚ ਉਤਰਾਖੰਡ ਦੇ ਹਮਾਇਤੀਆਂ ਵੱਲੋਂ ਯੂ. ਪੀ. ਵਿੱਚ ਵੱਖਰਾ ਸੂਬਾ ਬਣਾਏ ਜਾਣ ਦੇ ਪੱਖ ਵਿੱਚ ਅੰਦੋਲਨ ਚਲਾਇਆ ਜਾ ਰਿਹਾ ਸੀ ਜਿਸ ਵਿੱਚ ਮਰਦ ਅਤੇ ਔਰਤਾਂ ਦੋਵੇਂ ਸ਼ਾਮਲ ਸਨ। ਯੂ. ਪੀ. ਦੀ ਪੁਲੀਸ ਨੇ 1 ਅਕਤੂਬਰ ਨੂੰ ਮੁਜ਼ੱਫਰਪੁਰ ਨੇੜਿਉਂ ਅੰਦੋਲਨਕਾਰੀਆਂ ਨੂੰ ਪਕੜ ਕੇ ਅੰਦਰ ਕਰ ਦਿੱਤਾ। ਥਾਣੇ ਅੰਦਰ ਹੀ ਅੰਦੋਲਨਕਾਰੀ ਔਰਤਾਂ ਨਾ਼ਲ ਬਲਾਤਕਾਰ ਹੋਇਆ। ਮਾਮਲਾ ਅਦਾਲਤ ਵਿੱਚ ਗਿਆ ਤਾਂ ਇਲਾਹਾਬਾਦ ਉੱਚ ਅਦਾਲਤ ਨੇ ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਨੂੰ ਇਨਸਾਫ਼ ਦਿੰਦਿਆਂ ਟਿੱਪਣੀ ਕੀਤੀ ਕਿ ਔਰਤ ਨਾ਼ਲ ਬਲਾਤਕਾਰ ਉਸ ਦਾ ਕਤਲ ਕਰਨ ਦੇ ਬਰਾਬਰ ਹੈ ਇਸ ਲਈ ਪੀੜਤ ਔਰਤਾਂ ਨੂੰ ਕਤਲ ਕੇਸ ਦੇ ਬਰਾਬਰ ਮੁਆਵਜ਼ਾ ਦਿੱਤਾ ਜਾਵੇ। ਅਦਾਲਤ ਦੀ ਟਿੱਪਣੀ ਬਿਲਕੁਲ ਜਾਇਜ਼ ਸੀ। ਦੂਜੇ ਪਾਸੇ ਇਸੇ ਹੀ ਸਮੇਂ ਮੱਧ ਪ੍ਰਦੇਸ਼ ਦੇ ਧਾਰ ਜ਼ਿਲ੍ਹੇ ਦੀ ਸਮਾਜ ਸੇਵਕਾ ਭੰਵਰੀ ਦੇਵੀ ਨਾ਼ਲ ਸਮੂਹਿਕ ਬਲਾਤਕਾਰ ਦਾ ਕੇਸ ਸਾਹਮਣੇ ਆਇਆ ਸੀ। ਜੱਜਾਂ ਨੇ 11 ਸਾਲ ਕੇਸ ਲਟਕਾਉਣ ਪਿੱਛੋਂ ਇਹ ਕਹਿੰਦਿਆਂ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਕਿ ਉਹ ਉੱਚ ਜਾਤੀ ਦੇ ਹਨ ਜਿਹੜੇ ਨਿਮਨ ਜਾਤੀਆਂ ਦੀ ਛਾਂ ਤੋਂ ਵੀ ਪ੍ਰਹੇਜ ਕਰਦੇ ਹਨ। ਇਸ ਲਈ ਬਲਾਤਕਾਰ ਦੀ ਸੰਭਾਵਨਾ ਨਹੀਂ। ਮੁਜ਼ੱਫਰਪੁਰ ਦੀਆਂ ਔਰਤਾਂ ਉੱਚ ਜਾਤੀ ਨਾ਼ਲ ਸੰਬੰਧਤ ਸਨ ਇਸ ਲਈ ਉਹਨਾਂ ਨੂੰ ਇਨਸਾਫ਼ ਮਿ਼ਲ ਗਿਆ। ਅਗਰ ਉਹ ਦਲਿਤ ਵਰਗ ਦੀਆਂ ਹੁੰਦੀਆਂ ਤਾਂ ਅਦਾਲਤ ਨੇ ਜੋ ਫ਼ੈਸਲਾ ਦੇਣਾ ਸੀ ਉਹ ਭੰਵਰੀ ਦੇਵੀ ਦੇ ਕੇਸ ਵਰਗਾ ਹੀ ਹੁੰਦਾ। ਇਸ ਦਾ ਮਤਲਬ ਤਾਂ ਇਹੀ ਹੈ ਕਿ ਬਲਾਤਕਾਰੀ ਸਿਰਫ਼ ਅਪਣਾ ਧਰਮ ਨਿਭਾ ਰਹੇ ਹਨ ਜਾਂ ਇਉਂ ਕਹੀਏ ਕਿ ਆਪਣੀ ਮਹਾਨ ਸੰਸਕ੍ਰਿਤੀ ਦੀ ਪਾਲਣਾ ਕਰ ਰਹੇ ਹਨ।

# ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ (ਅੱਤਿਆਚਾਰ ਨਿਵਾਰਣ) ਕਾਨੂੰਨ-1989 ਬਾਰੇ ਕੁੱਝ ਜਾਣਕਾਰੀ

ਪਿਛਲੇ ਮਹੀਨੇ 20 ਮਾਰਚ ਨੂੰ ਭਾਰਤ ਦੀ ਸੁਪਰੀਮ ਕੋਰਟ ਦੇ ਦੋ ਜੱਜਾਂ ਉਦਯ ਲਲਿਤ ਅਤੇ ਆਦਰਸ਼ ਕੁਮਾਰਾ ਗੋਇਲ ਦੀ ਬੈਂਚ ਨੇ ਅਨੁਸੂਚਿਤ ਜਾਤੀ/ਜਨਜਾਤੀ (ਅੱਤਿਆਚਾਰ ਨਿਵਾਰਣ) ਕਾਨੂੰਨ 1989 ਵਿੱਚ ਸੋਧ ਕਰਕੇ ਇਸਨੂੰ ਕਮਜ਼ੋਰ ਕਰਨ ਦਾ ਐਲਾਨ ਕੀਤਾ। ਇਸ ਬਾਰੇ ਜਾਣਕਾਰੀ ਮਿਲਦਿਆਂ ਹੀ ਭਾਰਤ ਵਿੱਚ ਵਸਦੇ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੇ ਲੋਕਾਂ ਵਿੱਚ ਅਤਿਅੰਤ ਗੁੱਸਾ ਆ ਗਿਆ। ਇਸ ਸੰਬੰਧੀ 2 ਅਪ੍ਰੈਲ ਨੂੰ ਬੰਦ ਦਾ ਸੱਦਾ ਆਇਆ। ਮਿਥੇ ਦਿਨ ਬੰਦ ਰਿਹਾ ਜੋ ਸਫ਼ਲ ਰਿਹਾ। ਭਾਵੇਂ ਇੱਡਾ ਵੱਡਾ ਸੰਘਰਸ਼ ਸਾਹਮਣੇ ਆਇਆ ਪਰ ਅਜੇ ਤੱਕ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਨੂੰ ਇਸ ਦੀ ਬਹੁਤੀ ਜਾਣਕਾਰੀ ਨਹੀਂ। ਪੁੱਛਣ 'ਤੇ ਬਹੁਤੇ ਲੋਕਾਂ ਦਾ ਜਵਾਬ ਹੁੰਦਾ ਹੈ ਕਿ ਜੇਕਰ ਕੋਈ ਉਹਨਾਂ ਨੂੰ ਜਾਤੀ ਦੇ ਨਾਮ 'ਤੇ ਪੁਕਾਰਦਾ ਹੈ ਤਾਂ ਉਸ 'ਤੇ ਇਹ ਕਾਨੂੰਨ ਲਾਗੂ ਹੁੰਦਾ ਹੈ। ਇਸ ਹਥਲੇ ਲੇਖ ਵਿੱਚ ਅਨੁਸੂਚਿਤ ਜਾਤੀ/ਜਨਜਾਤੀ (ਅੱਤਿਆਚਾਰ ਨਿਵਾਰਣ) ਕਾਨੂੰਨ ਬਾਰੇ ਕੁੱਝ ਕੁ ਵਿਸ਼ੇਸ਼ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਆਓ ਅਸੀਂ ਸਮਝੀਏ ਕਿ ਇਹ ਕੀ ਹੈ ਅਤੇ ਇਸ ਐਕਟ ਤਹਿਤ ਕਿਸ ਤਰ੍ਹਾਂ ਕਿਸ 'ਤੇ ਕਾਰਵਾਈ ਹੁੰਦੀ ਹੈ।

ਸੰਵਿਧਾਨ ਵਿੱਚ ਆਰਟੀਕਲ 14 ਤੋਂ ਆਰਟੀਕਲ 32 ਤੱਕ ਦਰਜ ਭਾਰਤੀ ਲੋਕਾਂ ਦੇ ਮੁਢਲੇ ਅਧਿਕਾਰਾਂ ਵਿੱਚ ਇੱਕ ਆਰਟੀਕਲ 17 ਆਉਂਦਾ। ਇਸ ਵਿੱਚ ਬਾਬਾ ਸਾਹਿਬ ਡਾ: ਅੰਬੇਡਕਰ ਨੇ ਅਛੂਤਪਣ ਦੇ ਖਾਤਮੇ ਲਈ ਕਾਨੂੰਨ ਬਣਾਉਣ ਲਈ ਨਿਰਦੇਸ਼ ਦਿੱਤੇ ਹਨ। ਅਛੂਤਪਣ ਨੂੰ ਜੇਕਰ ਅਸਾਨੀ ਨਾ਼ਲ ਸਮਝਣਾ ਹੋਵੇ ਤਾਂ ਇਹ ਉਹ ਬਿਮਾਰੀ ਹੈ ਜਿਸ ਤੋਂ ਗ੍ਰਸਤ ਹੋ ਕੇ ਇੱਕ ਇਨਸਾਨ ਕਿਸੇ ਦੂਸਰੇ ਇਨਸਾਨ ਦੀ ਛੋਹ ਤੋਂ ਵੀ ਭਿੱਟ ਮਹਿਸੂਸ ਕਰਦਾ ਹੈ। ਐਸੀ ਬਿਮਾਰ ਮਾਨਸਿਕਤਾ ਦੇ ਇਨਸਾਨਾਂ ਦੀ ਬਿਮਾਰੀ ਦੀ ਰੋਕਥਾਮ ਕਰਕੇ ਦੂਸਰੇ ਇਨਸਾਨਾਂ ਨੂੰ ਉਹਨਾਂ ਦੇ ਅੱਤਿਆਚਾਰਾਂ ਤੋਂ ਨਿਜਾਤ ਦਿਵਾਉਣ ਲਈ ਇਹ ਆਰਟੀਕਲ ਹੋਂਦ ਵਿੱਚ ਲਿਆਂਦਾ ਗਿਆ ਹੈ। ਸਾਡੇ ਦੇਸ਼ ਦਾ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਹੋ ਗਿਆ। ਇਸ 'ਤੇ ਫੌਰੀ ਕਾਰਵਾਈ ਹੋਣੀ ਚਾਹੀਦੀ ਸੀ ਪਰ 1989 ਤੱਕ ਜਾਣੀ ਪੂਰੇ 39 ਸਾਲ ਤੱਕ ਇਸ ਆਰਟੀਕਲ ਦੇ ਮਕਸਦ 'ਤੇ ਅਮਲ ਨਹੀਂ ਕੀਤਾ ਗਿਆ। ਇਸ ਸਮੇਂ ਤੱਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਬਾਮਸੇਫ, ਡੀ.ਐਸ.-ਫੋਰ ਤੋਂ ਲੈ ਕੇ ਬਹੁਜਨ ਸਮਾਜ ਪਾਰਟੀ ਤੱਕ ਦੇ ਅੰਦੋਲਨ ਦੁਆਰਾ ਅੱਤਿਆਚਾਰਾਂ ਤੋਂ ਪੀੜਤ ਅਤੇ ਅਧਿਕਾਰਾਂ ਤੋਂ ਵਾਂਝੇ ਲੋਕਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾ ਕੇ ਇਸ ਗੰਦੇ ਸਿਸਟਮ ਦੇ ਖ਼ਿਲਾਫ ਬਗ਼ਾਵਤ ਲਈ ਕਾਫ਼ੀ ਹੱਦ ਤੱਕ ਤਿਆਰ ਕਰ ਲਿਆ ਸੀ। ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਇਸ ਮੂਵਮੈਂਟ ਨਾ਼ਲ ਵੱਡੇ ਪੱਧਰ 'ਤੇ ਜੁੜ ਰਹੀਆਂ ਸਨ। ਉਹਨਾਂ ਦੀ ਵੋਟ ਖਿਸਕਦੀ ਦੇਖ ਕੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਰਟੀਕਲ 17 'ਤੇ ਅਮਲ ਦੇ ਤਹਿਤ ਇਸ ਐਕਟ ਨੂੰ ਪਾਸ ਕਰਵਾਇਆ। ਆਖਰ 11 ਸਤੰਬਰ 1989 ਨੂੰ ਇਹ ਐਕਟ ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋ ਗਿਆ। ਥੋੜ੍ਹੇ ਸਮੇਂ ਵਿੱਚ ਹੀ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਹ ਐਕਟ ਪਾਸ ਕਰਵਾਉਣ ਦੇ ਬਾਵਜੂਦ ਵੀ ਕਾਂਗਰਸ ਇਹਨਾਂ ਚੋਣਾਂ ਵਿੱਚ ਹਾਰ ਗਈ। ਦਸੰਬਰ 1989 ਵਿੱਚ ਜਨਤਾ ਦਲ ਦੀ ਅਗਵਾਈ ਹੇਠ ਰਲੀ-ਮਿਲੀ ਸਰਕਾਰ ਬਣੀ। ਵੀ.ਪੀ. ਸਿੰਘ ਪ੍ਰਧਾਨ ਮੰਤਰੀ ਬਣੇ। ਵੀ.ਪੀ. ਸਿੰਘ ਦੀ ਸਰਕਾਰ ਸਮੇਂ ਹੀ 30 ਜਨਵਰੀ 1990 ਤੋਂ ਇਹ ਐਕਟ ਲਾਗੂ ਹੋ ਗਿਆ। ਇਸ ਐਕਟ ਵਿੱਚ ਆਮ ਅਪਰਾਧਾਂ ਨਾ਼ਲੋਂ ਜ਼ਿਆਦਾ ਸਜਾਵਾਂ ਦਾ ਪ੍ਰਬੰਧ ਕੀਤਾ ਗਿਆ। ਇਸ ਐਕਟ ਤਹਿਤ ਆਉਣ ਵਾ਼ਲੇ ਅਪਰਾਧ ਗੈਰ ਜਮਾਨਤੀ ਹੁੰਦੇ ਹਨ। ਸੋਸ਼ਲ ਮੀਡੀਆ ਰਾਹੀਂ ਇਸ ਐਕਟ ਬਾਰੇ ਜੋ ਜਾਣਕਾਰੀ ਪ੍ਰਾਪਤ ਹੋਈ ਉਸ ਅਨੁਸਾਰ ਇਹ ਐਕਟ ਇਸ ਤਰ੍ਹਾਂ ਹੈ :-

ਇਸ ਐਕਟ ਦੀਆਂ ਤਿੰਨ ਵਿਸ਼ੇਸ਼ਤਾਵਾਂ ਹਨ : 1) ਇਹ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਨਾ਼ਲ ਸੰਬੰਧਤ ਵਿਅਕਤੀਆਂ ਦੇ ਖ਼ਿਲਾਫ਼ ਅੱਤਿਆਚਾਰੀਆਂ ਨੂੰ ਦੰਡਤ ਕਰਦਾ ਹੈ। 2) ਇਹ ਪੀੜਤ ਲੋਕਾਂ ਨੂੰ ਵਿਸ਼ੇਸ਼ ਸੁਰੱਖਿਆ ਅਤੇ ਅਧਿਕਾਰ ਦਿੰਦਾ ਹੈ। 3) ਇਸ ਅਧੀਨ ਵਿਸ਼ੇਸ਼ ਅਦਾਲਤ ਸਥਾਪਤ ਕੀਤੀ ਜਾ ਸਕਦੀ ਹੈ, ਤਾਂ ਜੋ ਮਾਮਲੇ ਤੇਜ਼ੀ ਨਾ਼ਲ ਨਿਪਟ ਸਕਣ।

ਇਸ ਐਕਟ ਤਹਿਤ ਕੇਵਲ ਉਹਨਾਂ ਵਿਅਕਤੀਆਂ 'ਤੇ ਹੀ ਕਾਰਵਾਈ ਹੁੰਦੀ ਹੈ ਜਿਹੜੇ ਅਨੁਸੂਚਿਤ ਜਾਤੀਆਂ ਜਾਂ ਜਨਜਾਤੀਆਂ 'ਤੇ ਅੱਤਿਆਚਾਰ ਕਰਦੇ ਹਨ ਅਤੇ ਖੁਦ ਇਹਨਾਂ ਜਾਤੀਆਂ ਨਾ਼ਲ ਸੰਬੰਧਤ ਨਹੀਂ ਹੁੰਦੇ। ਇਸ ਐਕਟ ਤਹਿਤ ਆਉਣ ਵਾ਼ਲੇ ਅਪਰਾਧਾਂ ਵਿੱਚ ਹੇਠ ਲਿਖੇ ਅਪਰਾਧ ਸ਼ਾਮਲ ਹਨ।

1. ਅਨੁਸੂਚਿਤ ਜਾਤੀ, ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਜਬਰਨ ਕਿਸੇ ਨਾ ਖਾਣ ਪੀਣ ਯੋਗ ਜਾਂ ਘ੍ਰਿਣਾਯੋਗ ਵਸਤੂ (ਮਲ ਮੂਤਰ ਆਦਿ) ਖਵਾਉਣਾ ਜਾਂ ਪਿਆਉਣਾ।

2. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਸਰੀਰਕ ਚੋਟ ਪਹੁੰਚਾਉਣਾ ਜਾਂ ਉਹਨਾਂ ਦੇ ਘਰ ਦੇ ਨੇੜੇ-ਤੇੜੇ ਜਾਂ ਪਰਿਵਾਰ ਵਿੱਚ ਉਹਨਾਂ ਨੂੰ ਅਪਮਾਨਤ ਕਰਨ ਜਾਂ ਪ੍ਰੇਸ਼ਾਨ ਕਰਨ ਦੀ ਨੀਅਤ ਨਾ਼ਲ ਕੂੜਾ-ਕਰਕਟ, ਮਲ-ਮੂਤਰ ਜਾਂ ਮਰੇ ਹੋਏ ਪਸ਼ੂ ਨੂੰ ਸੁੱਟਣਾ।

3. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਦੇ ਸਰੀਰ ਤੋਂ ਧੱਕੇ ਨਾ਼ਲ ਕੱਪੜਾ ਉਤਾਰਨਾ ਜਾਂ ਉਸਨੂੰ ਨੰਗਾ ਕਰਕੇ ਜਾਂ ਉਸਦੇ ਚਿਹਰੇ 'ਤੇ ਪੇਂਟ ਮ਼ਲ ਕੇ ਜਨਤਕ ਤੌਰ 'ਤੇ ਘੁੰਮਾਉਣਾ ਜਾਂ ਇਸ ਤਰ੍ਹਾਂ ਦਾ ਕੋਈ ਅਜਿਹਾ ਕੰਮ ਕਰਨਾ ਜਿਹੜਾ ਮਨੁੱਖ ਦੇ ਸਨਮਾਨ ਦੇ ਵਿਰੁੱਧ ਹੋਵੇ।

4. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਦੀ ਜ਼ਮੀਨ 'ਚੋਂ ਗੈਰ-ਕਾਨੂੰਨੀ ਢੰਗ ਫਸਲ ਵੱਢ ਲੈਣੀ, ਜ਼ਮੀਨ ਵਾਹ ਲੈਣੀ ਜਾਂ ਉਸ 'ਤੇ ਕਬਜ਼ਾ ਕਰ ਲੈਣਾ।

5. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਗ਼ੈਰ-ਕਾਨੂੰਨੀ ਢੰਗ ਨਾ਼ਲ ਉਸਦੀ ਜ਼ਮੀਨ ਤੋਂ ਬੇਦਖਲ ਕਰ ਦੇਣਾ ਜਾਂ ਉਸਦੇ ਅਧਿਕਾਰ ਖੇਤਰ ਦੀ ਜਾਇਦਾਦ ਦੀ ਵਰਤੋਂ ਵਿੱਚ ਦਖਲਅੰਦਾਜ਼ੀ ਕਰਨਾ।

6. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਭੀਖ ਮੰਗਣ ਲਈ ਮਜ਼ਬੂਰ ਕਰਨਾ ਜਾਂ ਉਸਨੂੰ ਬੰਧੂਆ ਮਜ਼ਦੂਰ ਦੇ ਰੂਪ ਵਿੱਚ ਰਹਿਣ ਲਈ ਮਜ਼ਬੂਰ ਕਰਨਾ ਜਾਂ ਉਕਸਾਉਣਾ।

7. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਵੋਟ ਨਾ ਪਾਉਣ ਦੇਣਾ ਜਾਂ ਕਿਸੇ ਖ਼ਾਸ ਉਮੀਦਵਾਰ ਨੂੰ ਵੋਟ ਪਾਉਣ ਲਈ ਮਜ਼ਬੂਰ ਕਰਨਾ।

8. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਪ੍ਰੇਸ਼ਾਨ ਕਰਨ ਦੇ ਮਕਸਦ ਨਾ਼ਲ ਉਸਦੇ ਵਿਰੁੱਧ ਝੂਠਾ ਦੋਸ਼ ਲਗਾ ਕੇ ਫਸਾਉਣਾ ਜਾਂ ਕਾਰਵਾਈ ਕਰਨਾ।

9. ਕਿਸੇ ਸਰਕਾਰੀ ਕਰਮਚਾਰੀ ਜਾਂ ਅਧਿਕਾਰੀ ਨੂੰ ਝੂਠੀ ਸੂਚਨਾ ਜਾਂ ਜਾਣਕਾਰੀ ਦੇਣਾ ਜਾਂ ਅਨੁਸੂਚਿਤ ਜਾਤੀ, ਅਨੁਸੂਚਿਤ ਜਨ-ਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਜਾਂ ਪ੍ਰੇਸ਼ਾਨ ਕਰਨ ਲਈ ਸਰਕਾਰੀ ਕਰਮਚਾਰੀ ਜਾਂ ਅਧਿਕਾਰੀ ਦੁਆਰਾ ਆਪਣੀ ਕਾਨੂੰਨੀ ਤਾਕਤ ਦਾ ਪ੍ਰਯੋਗ ਕਰਨਾ।

10. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਜਾਣਬੁੱਝ ਕੇ ਜਨਤਾ ਦੀ ਨਜਰ ਵਿੱਚ ਜਲੀਲ ਕਰਕੇ ਅਪਮਾਨਤ ਕਰਨਾ, ਡਰਾਉਣਾ।

11. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਔਰਤ ਦਾ ਅਨਾਦਰ ਕਰਨਾ ਜਾਂ ਉਸਨੂੰ ਅਪਮਾਨਤ ਕਰਨ ਦੀ ਨੀਅਤ ਨਾ਼ਲ ਉਸਦੀ ਇੱਜ਼ਤ ਖਰਾਬ ਕਰਨ ਲਈ ਬਲ ਦਾ ਪ੍ਰਯੋਗ ਕਰਨਾ।

12. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਔਰਤ ਦਾ ਉਸਦੀ ਇੱਛਾ ਦੇ ਵਿਰੁੱਧ ਜਾਂ ਬਲਪੂਰਵਕ ਯੌਨ ਸ਼ੋਸ਼ਣ ਕਰਨਾ।

13. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਲੋਕਾਂ ਦੀ ਵਰਤੋਂ ਵਿੱਚ ਲਿਆਂਦੇ ਜਾਣ ਵਾ਼ਲੇ ਪਾਣੀ ਦੇ ਸਰੋਤਾਂ (ਖੂਹਾਂ, ਤਲਾਬਾਂ, ਬਾਉ਼ਲੀਆਂ, ਨ਼ਲਕਿਆਂ ਆਦਿ) ਨੂੰ ਗੰਦਾ ਕਰ ਦੇਣਾ ਜਾਂ ਅਨਉਪਯੋਗੀ ਬਣ ਦੇਣਾ।

14. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਕਿਸੇ ਜਨਤਕ ਸਥਾਨ 'ਤੇ ਜਾਣ ਤੋਂ ਰੋਕਣਾ, ਰਵਾਇਤੀ ਅਧਿਕਾਰਾਂ ਤੋਂ ਵਾਂਝੇ ਕਰਨਾ ਜਾਂ ਅਜਿਹੇ ਸਥਾਨ 'ਤੇ ਜਾਣ ਤੋਂ ਰੋਕਣਾ ਜਿੱਥੇ ਉਹ ਜਾ ਸਕਦਾ ਹੈ।

15. ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਨੂੰ ਆਪਣਾ ਮਕਾਨ ਜਾਂ ਨਿਵਾਸ ਸਥਾਨ ਛੱਡਣ ਲਈ ਮਜ਼ਬੂਰ ਕਰਨਾ ਜਾਂ ਕਰਵਾਉਣਾ।

ਇਸ ਐਕਟ ਦੀ ਧਾਰਾ 3 (2) ਦੇ ਅਨੁਸਾਰ ਕੋਈ ਵੀ ਵਿਅਕਤੀ ਜੋ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਨਹੀਂ ਹੈ ਅਤੇ...

ਜੇਕਰ ਉਹ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਨਾ਼ਲ ਸੰਬੰਧਤ ਕਿਸੇ ਵਿਅਕਤੀ ਦੇ ਖਿਲਾਫ ਝੂਠੀ ਗਵਾਹੀ ਦਿੰਦਾ ਹੈ ਜਾਂ ਘੜਦਾ ਹੈ ਜਿਸਦਾ ਮਕਸਦ ਕਿਸੇ ਅਜਿਹੇ ਅਪਰਾਧ ਵਿੱਚ ਫਸਾਉਣਾ ਹੈ ਜਿਸਦੀ ਸਜ਼ਾ ਮੌਤ ਦੀ ਸਜ਼ਾ ਜਾਂ ਉਮਰ ਕੈਦ ਜੁਰਮਾਨੇ ਸਹਿਤ ਹੈ ਅਤੇ ਇਸ ਝੂਠੀ ਘੜੀ ਹੋਈ ਗਵਾਹੀ ਦੇ ਕਾਰਨ ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ ਦੇ ਵਿਅਕਤੀ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਂਦੀ ਹੈ ਤਾਂ ਅਜਿਹੀ ਝੂਠੀ ਗਵਾਹੀ ਦੇਣ ਵਾ਼ਲੇ ਲੋਕ ਮੌਤ ਦੀ ਸਜ਼ਾ ਦੇ ਭਾਗੀਦਾਰ ਹੋਣਗੇ।

(ਬਾਕੀ ਅਗਲੇ ਸਫੇ 'ਤੇ)

# ਫਗਵਾੜਾ: ਭਾਜਪਾਈ ਸੰਵਿਧਾਨ ਵਿਰੁੱਧ ਲਾਮਬੰਦ ਕਿਉਂ?

ਫਗਵਾੜਾ ਵਿਖੇ 13 ਅਪ੍ਰੈਲ ਨੂੰ ਇਕ ਚੌਂਕ (ਗੋਲ ਚੌਂਕ) ਨੂੰ ਸੰਵਿਧਾਨ ਚੌਂਕ ਦਾ ਨਾਮ ਦੇਣ ਤੇ ਉਠੇ ਵਿਵਾਦ ਵਿਚ ਭੂਤਰੇ ਹਿੰਦੂ ਸੰਗਠਨਾਂ ਵੱਲੋਂ ਇਕ ਦਲਿਤ ਨੌਜਵਾਨ ਜਸਵੰਤ ਬੌਬੀ ਨੂੰ ਗੋਲੀ ਮਾਰ ਕੇ ਮਾਰਨ ਨਾਲ ਜੋ ਇਹਨਾਂ ਲੋਕਾਂ ਦੇ ਮੱਥੇ 'ਤੇ ਦਲਿਤ ਦੁਸ਼ਮਣੀ ਦਾ ਕਲੰਕ ਲੱਗ ਗਿਆ ਹੈ, ਨਾ ਉਹ ਸਹਿਜੇ ਕਿਤੇ ਮਿਟ ਸਕਦਾ ਹੈ ਅਤੇ ਨਾ ਉਸ ਨੂੰ ਕੋਈ ਭੁਲਾ ਸਕਦਾ ਹੈ, ਬਲਕਿ ਇਸ ਖ਼ੂਨੀ ਹਾਦਸੇ ਨਾਲ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰ ਪ੍ਰਸ਼ਾਸਨਿਕ ਮਸ਼ੀਨਰੀ ਸਵਾਲਾਂ ਦੇ ਘੇਰੇ ਵਿਚ ਤਾਂ ਆਉਂਦੀ ਹੀ ਹੈ, ਇਸ ਨਾਲ ਉਹਨਾਂ ਦੇ ਮੂੰਹ ਤੋਂ ਦਲਿਤ ਪ੍ਰੇਮ ਦਾ ਮਖੌਟਾ ਜਿਸ ਦਾ ਢਡੋਰਾ ਰਾਤ-ਦਿਨ ਪਿੱਟਿਆ ਜਾਂਦਾ ਹੈ, ਵੀ ਉਤਰ ਗਿਆ ਹੈ। ਸਮਝ ਨਹੀਂ ਆਉਂਦੀ ਇਕ ਪਾਸੇ ਮੋਦੀ ਸਾਹਿਬ ਤੋਂ ਲੈ ਕੇ ਨਿੱਕੇ ਮੋਟੇ ਨੇਤਾਵਾਂ ਵੱਲੋਂ ਦਲਿਤ ਪ੍ਰੇਮ, ਦਲਿਤ ਦੋਸਤੀ ਦਾ ਡ੍ਰਾਮਾ ਵੀ ਖੇਡਿਆ ਜਾਂਦਾ ਹੈ, ਦੂਜੇ ਪਾਸੇ ਉਹਨਾਂ ਲੋਕਾਂ ਨੂੰ ਜਾਨੋਂ ਮਾਰਨ, ਔਰਤਾਂ ਦੇ ਬਲਾਤਕਾਰ, ਜ਼ੁਲਮ, ਅੱਤਿਆਚਾਰ ਕਰਨ ਵਿਚ ਕੋਈ ਕਸੂਰ ਵੀ ਨਹੀਂ ਛੱਡੀ ਜਾ ਰਹੀ।

ਚੌਂਕ ਦੇ ਨਵੇਂ ਨਾਮਕਰਨ ਨਾਲ ਉਚ ਜਾਤੀਏ ਹਿੰਦੂ ਲੋਕਾਂ ਦੇ ਕਿਸੇ ਹਿੰਦੂ ਦੇਵੀ ਦੇਵਤੇ ਜਾਂ ਹਿੰਦੂ ਸੰਸਕ੍ਰਿਤੀ ਦਾ ਕਿਹੜਾ ਅਪਮਾਨ ਹੋ ਰਿਹਾ ਸੀ, ਜਿਸ ਤੋਂ ਗੁੱਸਾ ਖਾ ਕੇ ਉਹਨਾਂ ਨੇ ਦਲਿਤ ਕਾਰਜ ਕਰਤਾਵਾਂ 'ਤੇ ਘਾਤਕ ਹਮਲਾ ਕਰ ਦਿੱਤਾ ਅਤੇ ਇਕ ਮਾਂ ਦੇ ਜਵਾਨ ਪੁੱਤ ਦੀ ਗੋਲੀ ਮਾਰ ਕੇ ਜਾਨ ਲੈ ਲਈ? ਇਸ ਚੌਂਕ ਨੂੰ ਸੰਵਿਧਾਨ ਚੌਂਕ ਦਾ ਨਾਮ ਦੇਣ ਬਾਰੇ ਅਧਿਕਾਰ ਪ੍ਰਾਪਤ ਸੰਸਥਾ ਮਿਊਂਸਪਲ ਕਮੇਟੀ ਨੇ ਆਪਣੇ ਇਕ ਮਤੇ ਦੁਆਰਾ ਪਹਿਲਾਂ ਹੀ ਮਨਜ਼ੂਰੀ ਦਿੱਤੀ ਹੋਈ ਹੈ। ਦਲਿਤ ਕਾਰਜ ਕਰਤਾਵਾਂ ਨੇ ਤਾਂ ਉਸ ਰੈਜ਼ਿਊਲੇਸ਼ਨ ਨੂੰ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਦੇ ਜਨਮ ਦਿਨ 'ਤੇ ਅਮਲੀ ਰੂਪ ਦੇਣ ਦਾ ਹੀ ਕੰਮ ਕੀਤਾ ਸੀ। ਉਂਝ ਵੀ ਜੇ ਨਿਰਪੱਖ ਭਾਵ ਨਾਲ ਦੇਖਿਆ ਜਾਵੇ ਤਾਂ ਉਸ ਚੌ 'ਤੇ ਉਸ ਦ ਨਾਮ ਦਾ ਬੋਰਡ (ਫੱਟਾ) ਲਗਾਉਣਾ ਕਿਹੜੇ ਕਾਨੂੰਨ ਦੀ ਉਲੰਘਣਾ ਹੈ, ਜਿਸ ਦੀ ਸਜ਼ਾ ਮੌਤ ਹੋ ਸਕਦੀ ਹੈ? ਕੀ ਸੱਤਾਧਾਰੀ ਭਾਜਪਾ ਨੇ ਖੁਦ ਸ਼ਹਿਰਾਂ ਅਤੇ ਕਈ ਸਥਾਨਾਂ ਦੇ ਆਪਣੀ ਪਸੰਦ ਅਨੁਸਾਰ ਨਾਮ ਨਹੀਂ ਬਦਲੇ? ਜਿਵੇਂ: ਬੰਬਈ ਦਾ ਨਾਮ ਦੇਵੀ ਮੰਬਾ ਦੇ ਨਾਂ 'ਤੇ ਮੁੰਬਈ, ਗੁੜਗਾਉਂ ਦੀ ਜਗ੍ਹਾ ਮਹਾਭਾਰਤ ਦੇ ਇਕ ਪਾਤਰ ਗੁਰੂ ਦ੍ਰੋਣਾਚਾਰੀਆ ਦੇ ਨਾਂ ਤੇ ਗੁਰੂਗ੍ਰਾਮ, ਦਿੱਲੀ ਦੀ ਸੜਕ ਔਰੰਗਜੇਬ ਰੋਡ ਦੀ ਜਗ੍ਹਾ ਦਿਵੰਗਤ ਰਾਸ਼ਟਰਪਤੀ ਦੇ ਨਾਂ ਤੇ ਅਬਦੁਲ ਕਲਾਮ ਰੋਡ, 1895 ਵਿਚ ਸਥਾਪਤ ਦਿਆਲ ਸਿੰਘ ਮਜੀਠੀਆ ਕਾਲਜ ਦੀ ਜਗ੍ਹਾ ਵੰਦੇ ਮਾਤਰਮ ਦਿਆਲ ਸਿੰਘ ਕਾਲਜ ਅਤੇ ਮੁਗਲ ਸਰਾਏ ਦੀ ਜਗ੍ਹਾ ਆਰ. ਐਸ. ਐਸ. ਦੇ ਦਿਵੰਗਤ ਨੇਤਾ ਪੰਡਿਤ ਦੀਨ ਦਿਆਲ ਉਪਾਧਿਆਏ ਨਗਰ ਆਦਿ ਆਦਿ।

ਸੰਵਿਧਾਨ ਜਿਸ ਦੀ ਸ਼ਕਤੀ ਸਦਕੇ ਦੇਸ਼ ਦਾ ਸਭ ਕਾਰ-ਵਿਹਾਰ ਚਲਦਾ ਹੈ, ਕਿਸੇ ਵੀ ਧਰਮ ਸਮੁਦਾਏ ਜਾਤੀ ਨਾਲ ਸਬੰਧਤ ਨਹੀਂ ਹੈ। ਉਹ ਸਭ ਦਾ ਆਪਣਾ ਹੈ, ਜੋ ਕੇਵਲ ਉਚਤਮ ਕਾਨੂੰਨੀ ਦਸਤਾਵੇਜ਼ ਹੀ ਨਹੀਂ ਖੁਦ ਪ੍ਰਧਾਨ ਮੰਤਰੀ ਮੋਦੀ ਅਨੁਸਾਰ ਉਹਨਾਂ ਲਈ ਇਹ ਪਵਿੱਤਰ ਧਰਮ ਗ੍ਰੰਥ ਹੈ। ਇੱਥੋਂ ਤੱਕ ਕਿ ਇਸ 'ਗ੍ਰੰਥ' ਦੀ ਸ੍ਰੇਸ਼ਟਤਾ ਅਤੇ ਮਹਾਨਤਾ ਨੂੰ ਸਨਮਾਨ ਦੇਣ ਲਈ ਉਹਨਾਂ ਨੇ ਹਰ ਸਾਲ 26 ਨਵੰਬਰ ਦੇ ਦਿਨ ਨੂੰ ਜਿਸ ਦਿਨ ਸੰਵਿਧਾਨ ਸਭਾ ਨੇ ਤਿੰਨ ਸਾਲ ਦੀ ਸਖਤ ਮਿਹਨਤ ਉਪਰੰਤ ਸੰਵਿਧਾਨ ਪਾਸ ਕੀਤਾ ਸੀ 'ਸੰਵਿਧਾਨ ਦਿਵਸ' ਵਜੋਂ ਮਨਾਉਣ ਦਾ ਫੈਸਲਾ ਵੀ ਕੀਤਾ। ਤਾਂ ਫਿਰ ਕੀ ਪ੍ਰਧਾਨ ਮੰਤਰੀ ਵੱਲੋਂ ਸੰਵਿਧਾਨ ਨੂੰ ਇੰਨਾ ਉਚਾ ਦਰਜਾ ਦੇਣਾ ਮਹਿਜ਼ ਇਕ ਦਿਖਾਵਾ ਹੈ? ਡ੍ਰਾਮਾ ਹੈ? ਵਿਸ਼ੇ ਦੇ ਪਿਛੋਕੜ ਅਤੇ ਉਸ ਨਾਲ ਸਬੰਧਤ ਸਾਰੇ ਹਾਲਾਤ ਤੇ ਜੇ ਨਜ਼ਰ ਮਾਰੀਏ ਤਾਂ ਇਸ ਡਰਾਮੇ ਵਾਲੀ ਥਿਊਰੀ (ਖਿਆਲ) ਵਿਚ ਬਹੁਤ ਵੱਡੀ ਸਚਾਈ ਵੀ ਦਿਖਣ ਲੱਗ ਪਵੇਗੀ। ਸਭ ਤੋਂ ਪਹਿਲਾਂ ਤਾਂ ਆਰ. ਐਸ. ਐਸ. ਦੀ ਵਿਚਾਰਧਾਰਾ ਅਨੁਸਾਰ ਬਣੀ ਇਹ ਭਾਜਪਾ ਸਰਕਾਰ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਸੈਕੂਲਰਿਜ਼ਮ (ਧਰਮ ਨਿਰਪੱਖਤਾ), ਸਮਾਜਵਾਦ, ਆਜ਼ਾਦੀ, ਸਮਾਨਤਾ ਅਤੇ ਭਾਈ-ਚਾਰੇ ਨਾਲ ਹੀ ਇਕ ਮੱਤ (ਸਹਿਮਤ) ਨਹੀਂ ਹੈ। ਦੂਜੇ ਸਿਧਾਂਤਾਂ ਧਾਰਾ 13 (ਪੁਰਾਣੀਆਂ ਧਾਰਮਿਕ ਮਾਨਤਾਵਾਂ ਸਭ ਰੱਦ), ਧਾਰਾ 14 (ਬਰਾਬਰਤਾ), ਧਾਰਾ 17 (ਛੂਤਛਾਤ), ਧਾਰਾ 19 (ਬੋਲਣ ਦੀ ਆਜ਼ਾਦੀ), ਧਾਰਾ 21 (ਜਿਊਣ ਦਾ ਅਧਿਕਾਰ), ਧਾਰਾ 25 (ਮਜ਼ਹਬੀ ਆਜ਼ਾਦੀ) ਆਦਿ ਆਦਿ ਦੀ ਉਲੰਘਣਾ ਦੀ ਗੱਲ ਤਾਂ ਛੱਡੋ ਧਰਮ-ਨਿਰਪੱਖਤਾ ਦੀ ਗੱਲ ਕਰਦਿਆਂ ਛੋਟੇ ਤੋਂ ਛੋਟੇ ਅਤੇ ਵੱਡੇ ਤੋਂ ਵੱਡੇ ਭਾਜਪਾਈ ਲੋਕ ਕੀਲੇ ਤੋਂ ਰੱਸੀ ਤੁੜਾ ਕੇ ਗੱਲ ਕਰਨ ਵਾਲੇ ਦੇ ਗਲ਼ ਪੈ ਜਾਂਦੇ ਹਨ।



ਇਹ ਸੀਨ ਟੀ. ਵੀ. ਚੈਨਲਾਂ ਖਾਸ ਕਰਕੇ ਜ਼ੀ ਟੀ. ਵੀ. ਅਤੇ ਸੁੰਦਰਸ਼ਨ ਟੀ. ਵੀ. ਤੇ ਆਮ ਦੇਖੇ ਜਾ ਸਕਦੇ ਹਨ। ਖੁਦ ਮੋਦੀ ਜੀ ਧਰਮ ਨਿਰਪੰਖਤਾ ਦਾ ਸ਼ਬਦ ਸੁਣ ਕੇ ਕਿਵੇਂ ਭੜਕ ਉਠਦੇ ਹਨ, ਇਹ ਸੀਨ ਵੀ ਲੋਕ ਕਝ. ਵਾਰ ਸੁਣ ਜਾਂ ਦੇਖ ਚੁੱਕੇ ਹਨ। ਇਸ ਦਾ ਕਾਰਨ ਵੀ ਸਪਸ਼ਟ ਹੈ ਕਿ ਜਿਸ ਉਦੇਸ਼ - ਹਿੰਦੂ ਰਾਜ, ਹਿੰਦੂ ਰਾਸ਼ਟਰ ਨੂੰ ਲੈ ਕੇ ਇਹ ਪਾਰਟੀ ਸੱਤਾ 'ਤੇ ਕਾਬਜ ਹੋਈ ਹੈ, ਉਸ ਵਿਚ ਕਿਸੇ ਹੋਰ ਧਰਮ ਸਮੁਦਾਏ ਦੀ ਹਿੱਸੇਦਾਰੀ ਜਾਂ ਸ਼ਮੂਲੀਅਤ ਲਈ ਕੋਈ ਥਾਂ ਹੀ ਨਹੀਂ ਹੈ ਨਾ ਸਿਧਾਂਤਕ ਪੱਧਰ ਤੇ ਅਤ ਨਾ ਵਿਹਾਰਿਕ ਰੂਪ ਵਿਚ। ਇਹ ਇਹਨਾਂ ਲੋਕਾਂ ਦੀ ਮਜਬੂਰੀ ਹੀ ਹੈ ਕਿ ਉਹਨਾਂ ਨੂੰ ਵੋਟ ਗਿਣਤੀ ਅਤੇ ਰਿਜ਼ਰਵੇਸ਼ਨ ਦਾ ਧਿਆਨ ਰੱਖਦੇ ਹੋਏ ਦਲਿਤ ਸਮਾਜ ਨੂੰ ਖੁਸ਼ੀ ਰੱਖਣਾ ਪੈਂਦਾ ਹੈ, ਨਹੀਂ ਤਾਂ ਸਵਰਨ ਜਾਤੀਆਂ ਦੀ ਇਹਨਾਂ ਨਾਲ ਕਿਹੜੀ ਸਾਂਝ ਹੈ? ਰੋਟੀ ਦੀ? ਬੇਟੀ ਦੀ ਜਾਂ ਭਾਵਨਾਤਮਕ?

ਫਗਵਾੜਾ ਦਲਿਤ ਕਤਲ ਕਾਂਡ ਦੇ ਸਬੰਧ ਵਿਚ ਜੋ ਦੁੱਖਦਾਈ ਪੱਖ ਸਾਹਮਣੇ ਆਇਆ ਹੈ, ਉਹ ਹੈ ਪੁਲਿਸ ਕਾਰਵਾਈ ਵਿਚ ਪੱਖਪਾਤੀ ਢਿੱਲ ਅਤੇ ਉਲਟੇ ਝੂਠ ਕਿ ਜੋ ਦਲਿਤ ਕਾਰਜ ਕਰਤਾਵਾਂ ਦੇ ਖਿਲਾਫ ਦਰਜ ਕੀਤੇ ਗਏ, ਜਿਹਨਾਂ ਬਾਰੇ ਪੁਲਿਸ ਸੂਤਰਾਂ ਵੱਲੋਂ ਕਿਹਾ ਗਿਆ ਹੈ ਕਿ ਉਹ ਹਾਲੇ ਮੁਢਲੀ ਜਾਂਚ-ਪੜਤਾਲ ਦੀ ਪ੍ਰਕਿਰਿਆ ਵਿਚ ਹਨ, ਪਰ ਜਦ ਕੇਸ ਹੀ ਦਰਜ ਹੋ ਗਏ ਤਾਂ ਥਾਣਿਆਂ, ਵਕੀਲਾਂ ਅਤੇ ਕੋਰਟ-ਕਚਹਿਰੀਆਂ ਦੀ ਪ੍ਰੇਸ਼ਾਨੀ ਅਤੇ ਖੱਜਲ-ਖੁਆਰੀ ਤਾਂ ਗਲ਼ ਪੈ ਗਈ। ਅਤੇ ਖੱਜਲ ਖੁਆਰੀ ਵੀ ਬਿਨਾਂ ਕਾਰਨ ਬਿਨਾਂ ਦੋਸ਼। ਕੀ ਇਸ ਦਾ ਸਿਰਫ ਇਹੀ ਕਾਰਨ ਸੀ ਕਿ ਉਹਨਾਂ ਤੇ ਹਿੰਦੂ ਸੰਗਠਨਾਂ ਨੇ ਹਮਲਾ ਕੀਤਾ? ਕੀ ਇਹਨਾਂ ਕਾਰਜ ਕਰਤਾਵਾਂ ਨੇ ਸ਼ਿਕਾਇਤ ਕਰਨ ਵਾਲਿਆਂ ਦੇ ਘਰ ਜਾ ਕੇ ਉਹਨਾਂ ਨੂੰ ਸੱਟਾਂ ਮਾਰੀਆਂ ਜਾਂ ਮਾਰਿਆ ਕੁੱਟਿਆ? ਕੀ ਇਹ ਸਾਫ ਨਜ਼ਰ ਨਹੀਂ ਆਉਂਦਾ ਕਿ ਉਲਟੇ ਕੇਸ ਦਰਜ ਕਰਵਾ ਕੇ ਸਿਰਫ ਆਪਣਾ ਬਚਾਅ ਕਰਨਾ ਅਤੇ ਪੀੜਤ ਧਿਰ 'ਤੇ ਆਪਣੇ ਰਾਜਨੀਤਿਕ ਅਸਰ-ਰਸੂਖ ਦੀ ਦੁਰਵਰਤੋਂ ਕਰਕੇ ਦਬਾਅ ਪਾਉਣਾ ਹੈ? ਇਸ ਤਰ੍ਹਾਂ ਜੇ ਅੱਗੇ ਜਾ ਕੇ ਦਲਿਤ ਧਿਰ ਨੂੰ ਕੋਈ ਨੁਕਸਾਨ ਪਹੁੰਚਦਾ ਹੈ, ਇਸ ਦੇ ਨਤੀਜੇ ਵਜੋਂ ਹਿੰਦੂ ਕੱਟੜਵਾਦੀਆਂ ਦੇ ਖਿਲਾਫ ਦੁਸ਼ਮਣੀ ਅਤੇ ਕੜਵਾਹਟ ਤਾਂ ਵਧੇਗੀ ਹੀ, ਇਸ ਨਾਲ ਪ੍ਰਸ਼ਾਸਨਿਕ ਮਸ਼ੀਨਰੀ ਵੀ ਦਲਿਤ ਵਿਰੋਧੀ ਹੋਣ ਦੇ ਦੋਸ਼ ਤੋਂ ਬਚ ਨਹੀਂ ਸਕੇਗੀ।



ਕੇ. ਸੀ. ਸੁਲੇਖ
0172-4623503

ਮੋਦੀ ਦੀ ਸ਼ਾਸਕ ਭਾਜਪਾ ਸਰਕਾਰ ਦੇ ਸਹਿਯੋਗੀ ਦਲਿਤ ਮੰਤਰੀ, ਐਮ. ਪੀ. ਅਤੇ ਵਿਧਾਇਕ ਸਾਹਿਬਾਨ ਨੇ ਦਲਿਤ ਸਮਾਜ ਦੀ ਇਸ ਔਖੀ ਘੜੀ ਵਿਚ ਚੁੱਪ ਰਹਿ ਕੇ ਜੋ ਨਕਾਰਾਤਮਕ ਰੋਲ ਨਿਭਾਇਆ ਉਹ ਨਿਰਾਸ਼ਾਜਨਕ ਤਾਂ ਹੈ ਹੀ, ਇੱਥੇ ਉਤਲੀ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਲੀਡਰਸ਼ਿਪ ਦੀ ਸਿਆਣਪ ਅਤੇ ਜ਼ਿੰਮੇਵਾਰੀ ਦੇ ਇਮਤਿਹਾਨ ਦਾ ਵੀ ਮੌਕਾ ਹੈ ਕਿ ਉਹ ਵਿਅਕਤੀਗਤ ਪਸੰਦ-ਨਾਪਸੰਦ ਅਤੇ ਸੰਪਰਦਾਇਕ ਪੱਖਪਾਤ ਤੋਂ ਉਪਰ ਉਠ ਕੇ ਇਸ ਕੇਸ ਦੇ ਦੋਸ਼ੀਆਂ ਦੇ ਖਿਲਾਫ ਸਖਤ ਕਾਰਵਾਈ ਕਰਵਾਉਣ ਵਿਚ ਮਦਦ ਕਰਨ। ਦੇਸ਼ ਦੀ ਸਲਾਮਤੀ, ਏਕਤਾ, ਅਖੰਡਤਾ ਦੇ ਹਿੱਤ ਲਈ ਹਰ ਨਾਗਰਿਕ ਦਾ ਸਰਕਾਰ ਅਤੇ ਪ੍ਰਸ਼ਾਸਨ ਦੀ ਇਮਾਨਦਾਰੀ, ਨਿਰਪੱਖਤਾ ਅਤੇ ਇਨਸਾਫ ਵਿਚ ਮੁਕੰਮਲ ਵਿਸ਼ਵਾਸ ਦਾ ਹੋਣਾ ਜ਼ਰੂਰੀ ਹੈ। ਜੋ ਕੇਵਲ ਕਿਸੇ ਦਲਿਤ ਦੇ ਘਰ ਕੈਮਰਿਆਂ ਦੇ ਸਾਹਮਣੇ ਰੋਟੀ ਖਾਣ ਨਾਲ ਪੈਦਾ ਹੋਣ ਵਾਲਾ ਨਹੀਂ।

# ਗਾਇਕਾ ਰੁਪਿੰਦਰ ਰੰਧਾਵਾ ਦਾ ਨਵਾਂ ਟਰੈਕ "ਧੀ ਦੀ ਪੁਕਾਰ" ਰਿਲੀਜ਼

**ਬਠਿੰਡਾ (ਗੁਰਬਾਜ ਗਿੱਲ)** -"ਧੀ" ਟਰੈਕ ਨਾਲ ਪੰਜਾਬੀ ਗਾਇਕੀ ਦੇ ਵਿਹੜੇ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੀ ਇਨਕਲਾਬੀ ਗੀਤਾਂ ਦੀ ਗਾਇਕਾ ਰੁਪਿੰਦਰ ਰੰਧਾਵਾ ਹੁਣ ਆਪਣਾ ਨਵਾਂ ਟਰੈਕ "ਧੀ ਦੀ ਪੁਕਾਰ" ਲੈ ਕੇ ਆਪਣੇ ਚਹੇਤਿਆਂ ਦੇ ਸਨਮੁੱਖ ਹੋਈ ਹੈ। ਇਸ ਟਰੈਕ ਬਾਰੇ ਵੀਡੀਓ ਡਾਇਰੈਕਟਰ ਕਮਲ ਨਥੇਹਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪ੍ਰੋਡਿਊਸਰ ਜਰਨੈਲ ਘੁਮਾਣ ਦੀ ਦੇਖ-ਰੇਖ ਹੇਠ ਗੀਤਕਾਰ ਗੁਰਸੇਵਕ ਸੰਗਤ ਦੇ ਲਿਖੇ, ਜਤਿੰਦਰ ਜਿੰਮੀ-ਅੰਮ੍ਰਿਤਾ ਦਿਲ ਦੇ ਕੰਪੋਅਜ਼




ਕੀਤੇ ਇਸ ਗੀਤ ਨੂੰ ਸੰਗੀਤਕਾਰ ਸਿੰਗਾਰਾ ਚਹਿਲ ਜੀ ਨੇ ਸੰਗੀਤ-ਬੱਧ ਕੀਤਾ ਹੈ। ਪੇਸ਼ਕਾਰ ਤੇ ਗੀਤਕਾਰ ਗੁਰਸਾਂਝ ਫ਼ਤਿਹ, ਲੱਕੀ ਸੱਗੂ, ਵਿੰਦਰ ਸਾਕਿਆ, ਦੀਪਕ ਮਰੂਆ, ਵਿਕਾਸ ਗਰਗ ਅਤੇ ਹਰਮਨ ਮਾਨ ਦੇ ਸਹਿਯੋਗ ਨਾਲ ਐਡੀਟਰ ਕਰਨ ਬਠਿੰਡਾ, ਕੈਮਰਾਮੈਨ ਸੁਨੀਲ-ਸੇਰਾ ਅਤੇ ਮੇਅਕੱਪ ਨਵੀ ਨੂੰ ਲੈ ਕੇ ਤਲਵੰਡੀ ਸਾਬੋ, ਮਲਕਾਣਾ, ਸੰਗਤ ਅਤੇ ਤਿਓਣਾ ਦੀਆ ਵੱਖ-ਵੱਖ ਖ਼ੂਬਸੂਰਤ ਥਾਵਾਂ 'ਤੇ ਫ਼ਿਲਮਾਂਕਣ ਕੀਤੇ ਇਸ ਟਰੈਕ ਨੂੰ ਮਿਊਜ਼ਿਕ ਕੰਪਨੀ ਸੁਰ ਸਾਂਝ ਅਤੇ ਜਰਨੈਲ ਘੁਮਾਣ ਵੱਲੋਂ ਬੜੇ ਵੱਡੇ ਪੱਧਰ 'ਤੇ ਬਠਿੰਡਾ ਦੇ ਰਬਾਬ ਸਕੂਲ ਆਫ ਮਿਊਜ਼ਿਕ ਵਿੱਚ ਪੇਸ਼ਕਾਰ ਤੇ ਗੀਤਕਾਰ ਮਨਪ੍ਰੀਤ ਟਿਵਾਣਾ, ਰਾਗੀ ਰਜਿੰਦਰ ਸਿੰਘ, ਗਾਇਕ ਬੂਟਾ ਸੋਨੀ, ਰੁਪਿੰਦਰ ਮਾਹੀ, ਦੀਪ ਵੜਿੰਗ, ਮਲਕੀਤ ਮੈਂਬਰ ਅਤੇ ਹੋਰ ਉੱਥੇ ਹਾਜ਼ਰ ਸ਼ਖਸੀਅਤਾਂ ਦੀ ਮੌਜੂਦਗੀ ਵਿੱਚ ਰਿਲੀਜ਼ ਕੀਤਾ ਗਿਆ।

# ਗਜ਼ਲ



ਸੱਜਣੋ! ਜੱਗ ਤੇ ਸਾਦਗੀ ਦਾ ਜਵਾਬ ਨਹੀਂ।
ਚਾਨਣ 'ਚ ਜੁਗਨੂੰਆਂ ਦਾ ਜਗਦਾ ਸ਼ਬਾਬਾ ਨਹੀਂ।

ਮੱਥੇ 'ਤੇ ਤਿਲਕ ਲਾਇਆ ਹੁੰਦੈ ਨਕਲੀ ਦਿਖਾਵਾ,
ਇਸ ਨਾਲ ਜੀਵਨ ਹੋ ਸਕਦਾ ਮਹਿਤਾਬ ਨਹੀਂ।

ਜਿਸ ਵਿਚ ਤੀਖਣਤਾ-ਸੀਖਣਤਾ ਭਾਰੀ ਹੋਵੇ,
ਉਹ ਟਿਕ ਕੇ ਸੁਣ ਸਕਦਾ ਰਬਾਬ ਨਹੀਂ।

ਕੰਡਿਆਂ ਨੂੰ ਲੋਕ ਚਾਹੇ ਨਿੰਦਦੇ ਨੇ ਪਰ,
ਯਾਰੋ! ਕੰਡਿਆਂ ਬਗੈਰ ਹੋ ਸਕਦਾ ਗੁਲਾਬ ਨਹੀਂ।

ਸਿੱਖਿਆ ਹਰੇਕ ਕਾਮਯਾਬੀ ਦੀ ਜੜ੍ਹ ਹੁੰਦੀ,
ਇਸੇ ਕਰਕੇ ਹੀ ਰੁੱਖ ਦਾ ਮਰਦਾ ਖਾਬ ਨਹੀਂ।

ਫੁੱਲਾਂ 'ਚ ਚਮੇਲੀ ਦਾ ਫੁੱਲ ਨਿੱਕਾ ਹੀ ਚਾਹੇ,
ਪਰ ਇਹ ਆਪਣਾ ਅਸੂਲ ਕਰਦਾ ਖਰਾਬ ਨਹੀਂ।

ਨਿਮਰਤਾ ਤੇ ਖੁਦਾ ਦੀ ਸੱਚੀ ਦੋਸਤੀ 'ਕਮਲ'
ਇਹਨਾਂ ਵਿਚਕਾਰ ਆ ਸਕਦਾ ਅਜ਼ਾਬ ਨਹੀਂ।

**- ਕਮਲ ਬੰਗਾ ਸੈਕਰਾਮੈਂਟੋ**
916-897-8570

# ਕਿਸ ਕੋਟ ਨੂੰ ਲੱਗੂ ਫੀਤੀ?

ਉਪ ਚੋਣ ਦਾ ਵੱਜਿਆ ਬਿਗਲ ਸੁਣਕੇ
ਆਗੂ ਭਿੜਨ ਲਈ ਪੱਬਾਂ ਦੇ ਭਾਰ ਹੋਏ।

ਕੋਈ ਉਖੜੇ ਪੈਰ ਜਮਾਉਣ ਦੇ ਲਈ
ਬੈਠੇ 'ਤੀਜੇ ਥਾਂਹ' ਬੜੇ ਲਾਚਾਰ ਹੋਏ।

ਲੈ ਕੇ ਦਿੱਲੀਉਂ ਥਾਪੜਾ 'ਆਪ' ਵਾਲੇ
ਜੱਕੋ-ਤੱਕੀ ਨੂੰ ਛੱਡ ਕੇ ਤਿਆਰ ਹੋਏ।

ਲੱਗਣ ਪਿੱਠ ਨਾ ਦੇਣਗੇ ਹਾਕਮਾ ਦੀ
ਅਫਸਰਸ਼ਾਹ ਸਰਕਾਰ ਦੇ ਯਾਰ ਹੋਏ।

ਲੋਕਾਂ 'ਸੈਲਫੀਆਂ' ਵਾਸਤੇ ਪਾਉਣੀਆਂ ਨੇ
ਸਿਆਸਤਦਾਨਾਂ ਦੇ ਨਾਲ ਪ੍ਰੀਤੀਆਂ ਜੀ।

'ਸ਼ਾਹ ਕੋਟ' ਹੁਣ ਲਾਵੇਗਾ ਦੇਖਣਾ ਐਂ
ਕਿਹੜੇ 'ਸ਼ਾਹ' ਦੇ 'ਕੋਟ' ਨੂੰ ਫੀਤੀਆਂ ਜੀ!

ਤਰਲੋਚਨ ਸਿੰਘ
ਦੁਪਾਲਪੁਰ
001-408-915-1268



# ਸਿਆਸਤ

ਧੋਖੇ ਕਰਦੀ ਨਿੱਤ ਸਿਆਸਤ।
ਤਾਂ ਵੀ ਜਾਂਦੀ ਜਿੱਤ ਸਿਆਸਤ।।

ਯਾਰ ਬਣਾਵੇ ਹਰ ਹੀ ਬੰਦਾ,
ਬਣਦੀ ਨਾ ਪਰ ਮਿੱਤ ਸਿਆਸਤ।

ਖੱਟੀ ਮਿੱਠੀ ਕਦੇ ਕਰਾਰੀ,
ਰਲਵਾਂ ਰੱਖਦੀ ਚਿੱਤ ਸਿਆਸਤ।

ਘਰਦਾ ਹੋਵੇ ਚਾਹੇ ਬਾਹਰੀ,
ਘੋਗਾ ਕਰਦੀ ਚਿੱਤ ਸਿਆਸਤ।

ਜਿੱਤਦੀ ਸਭ ਕੁਝ, ਭਾਵੇਂ ਹਰਕੇ,
ਏਹੋ ਕਰਦੀ ਕਿੱਤ ਸਿਆਸਤ।

ਦਾਅ ਤੇ ਲਾਵੇ ਸਾਰਾ ਕੁਝ ਹੀ,
ਅਪਣਾ ਦੇਖੇ ਹਿੱਤ ਸਿਆਸਤ।

ਉਸਦੇ ਹੀ ਹੈ ਗੋਡੇ ਫੜਦੀ,
ਜਿਸਦੇ ਪੱਲੇ ਵਿੱਤ ਸਿਆਸਤ।

ਜਿਸਤੇ ਮਾੜੀ ਅੱਖ ਹੈ ਰੱਖਦੀ,
ਰੋਲੇ ਉਸਦੇ ਪਿੱਤ ਸਿਆਸਤ।



**-ਹਰਦੀਪ ਬਿਰਦੀ**
91-90416-00900

# ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ (ਅੱਤਿਆਚਾਰ ਨਿਵਾਰਣ) ਕਾਨੂੰਨ-1989 ਬਾਰੇ ਕੁੱਝ ਜਾਣਕਾਰੀ

**(ਸਫਾ 15 ਦੀ ਬਾਕੀ)**

ਇਹ ਹੈ ਐਸ.ਸੀ./ਐਸ.ਟੀ. (ਅੱਤਿਆਚਾਰ ਨਿਵਾਰਣ) ਕਾਨੂੰਨ-1989 ਦੀ ਤਾਕਤ। ਭਾਵੇਂ ਇਸ ਦੇ ਹੁੰਦਿਆਂ ਵੀ ਦਲਿਤਾਂ 'ਤੇ ਅਨੇਕਾਂ ਅੱਤਿਆਚਾਰ ਹੋਏ ਅਤੇ ਸਜ਼ਾਵਾਂ ਵੀ ਕਦੇ ਨਹੀਂ ਮਿਲ਼ੀਆਂ ਪਰ ਫਿਰ ਵੀ ਇਹ ਅਨੁਸੂਚਿਤ ਜਾਤੀਆਂ ਅਤੇ ਜਨ-ਜਾਤੀਆਂ ਲਈ ਇੱਕ ਸੁਰੱਖਿਆ ਛਤਰੀ ਸੀ। ਕੋਈ ਵੀ ਜਾਤੀ ਮਾਨਸਿਕਤਾ ਵਾਲ਼ਾ ਵਿਅਕਤੀ ਇਸ ਨੂੰ ਦੇਖਦਿਆਂ ਕਿਸੇ ਐਸ.ਸੀ./ਐਸ.ਟੀ. 'ਤੇ ਅੱਤਿਆਚਾਰ ਕਰਨ ਲੱਗਿਆਂ ਪਹਿਲਾਂ ਸੋਚਦਾ ਸੀ। ਭਾਰਤੀ ਜਨਤਾ ਪਾਰਟੀ ਦੇ ਸ਼ਾਸਨ ਵਾਲ਼ੇ ਸੂਬਿਆਂ ਵਿੱਚ ਇਸ ਐਕਟ ਅਧੀਨ ਕਿਸੇ ਵੀ ਕਿਸਮ ਦੀ ਕਾਰਵਾਈ ਨਾ ਕਰਨ ਸੰਬੰਧੀ ਦਿੱਤੇ ਗੁਪਤ ਆਦੇਸ਼ਾਂ ਕਾਰਨ ਇਹਨਾਂ ਰਾਜਾਂ ਵਿੱਚ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ 'ਤੇ ਹੋਣ ਵਾਲ਼ੇ ਅੱ-ਤਿਆਚਾਰਾਂ ਵਿੱਚ ਭਾਰੀ ਵਾਧਾ ਹੋਇਆ ਹੈ। ਜੇਕਰ ਇਹ ਐਕਟ ਖਤਮ ਹੁੰਦਾ ਹੈ ਜਾਂ ਸੁਪਰੀਮ ਕੋਰਟ ਦੇ ਜੱਜਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਦੇ ਪਰ ਕੁਤਰ ਕੇ ਇਸਨੂੰ ਕਮਜ਼ੋਰ ਕੀਤਾ ਜਾਂਦਾ ਹੈ ਤਾਂ ਅਪਰਾਧੀ ਮਾਨਸਿਕਤਾ ਵਾਲ਼ੇ ਸਵਰਨ ਜਾਤੀਆਂ ਦੇ ਲੋਕਾਂ 'ਤੇ ਕੋਈ ਅੰਕੁਸ਼ ਨਹੀਂ ਰਹੇਗਾ। ਸਿੱਟੇ ਵਜੋਂ ਅਨੁਸੂਚਿਤ ਜਾਤੀਆਂ/ਜਨਜਾਤੀਆਂ 'ਤੇ ਅੱਤਿਆਚਾਰ ਵਧ ਜਾਣਗੇ। ਹੁਣ ਸਵਾਲ ਹੈ ਕਿ ਇਸ ਕਾਰਵਾਈ ਦੇ ਵਿਰੋਧ ਵਿੱਚ ਸਾਡੀ ਕਾਰਵਾਈ ਕੀ ਹੋਵੇ? ਜਾਂ ਤਾਂ ਨਿਆਂਪਾਲਿਕਾ 'ਤੇ ਸਾਡਾ ਦਬਦਬਾ ਹੋਵੇ ਅਤੇ ਅਸੀਂ ਬਾਬਾ ਸਾਹਿਬ ਦੁਆਰਾ ਲਿਖੇ ਸੰਵਿਧਾਨ ਦੀ ਮਨਸ਼ਾ ਅਨੁਸਾਰ ਫੈਸਲੇ ਕਰੀਏ ਜਾਂ ਹਕੂਮਤ ਸਾਡੀ ਹੋਵੇ। ਹਕੂਮਤ ਕਾਇਮ ਹੋ ਜਾਣੀ ਕੋਈ ਬੱਚਿਆਂ ਦੀ ਖੇਡ ਨਹੀਂ। ਕੱਲ੍ਹ ਸਾਡੇ ਕੋਲ਼ ਨੀਲੇ ਪੀਲ਼ੇ ਕਾਰਡ ਬਣਾਉਣ ਦੇ ਟੀਚੇ ਸਨ। ਅੱਜ ਸਾਡੇ ਕੋਲ਼ ਮੋਦੀ ਸਰਕਾਰ ਨੇ ਸਾਡੀ ਅਜ਼ਾਦੀ ਅਤੇ ਮਾਣ ਸਤਿਕਾਰ ਦਾ ਮੁੱਦਾ ਸਾਡੇ ਹੱਥ ਵਿੱਚ ਫੜਾ ਦਿੱਤਾ ਹੈ। ਸਾਡੇ ਪੜ੍ਹੇ-ਲਿਖੇ ਅਤੇ ਅਨਪੜ੍ਹ ਲੋਕ ਵੀ ਇਸ ਹਨੇਰਗਰਦੀ ਦੇ ਖ਼ਿਲਾਫ ਲੋਹੇ-ਲਾਖੇ ਹਨ। ਜਾਣੀ ਲੋਹਾ ਗਰਮ ਹੈ। ਬੱਸ ਸੱਟ ਮਾਰਨ ਦੀ ਲੋੜ ਹੈ। ਪੜ੍ਹੇ-ਲਿਖੇ ਦਾ ਇਸ ਦੌਰ ਵਿੱਚ ਫਰਜ਼ ਬਣਦਾ ਹੈ ਕਿ ਉਹ ਲੋਕਾਂ ਵਿੱਚ ਜਾ ਕੇ ਆਪਣੇ ਲੋਕਾਂ ਨੂੰ ਹਕੂਮਤ ਦੇ ਖ਼ਿਲਾਫ਼ ਖੁੱਲ੍ਹ ਕੇ ਮੈਦਾਨ ਵਿੱਚ ਆਉਣ ਲਈ ਜਾਗਰੂਕ ਕਰਨ। ਡਾ: ਰਾਮ ਮਨੋਹਰ ਲੋਹੀਆ ਦਾ ਕਹਿਣਾ ਸੀ ਕਿ ਪੰਜ ਸਾਲ ਤੱਕ ਇੰਤਜ਼ਾਰ ਤਾਂ ਡਰਪੋਕ ਲੋਕ ਕਰਦੇ ਹਨ। ਸਾਨੂੰ ਇੰਤਜ਼ਾਰ ਕਰਦਿਆਂ ਨੂੰ ਤਾਂ ਲੰਬਾ ਸਮਾਂ ਹੋ ਗਿਆ ਹੈ। ਆਓ ਅਸੀਂ ਗ਼ੁਲਾਮ ਲੋਕਾਂ ਨੂੰ ਉਹਨਾਂ ਦੀ ਗ਼ੁਲਾਮੀ ਬਾਰੇ ਅਹਿਸਾਸ ਕਰਾਈਏ ਅਤੇ ਬਗ਼ਾਵਤ ਕਰਨ ਲਈ ਤਿਆਰ ਕਰੀਏ।

# ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ

ਜਦੋਂ ਜਦੋਂ ਵੀ ਸੰਸਾਰ ਤੇ ਪਾਪ ਅਤੇ ਅੱਤਿਆਚਾਰ ਦੀ ਅਤਿ ਹੁੰਦੀ ਹੈ ਤਾਂ ਸੰਸਾਰ ਵਿਚ ਸਮੇਂ ਦੀ ਮੰਗ ਅਨੁਸਾਰ ਪ੍ਰਮਾਤਮਾ ਅਵਤਾਰ ਰੂਪ ਵਿਚ ਆਪ ਪ੍ਰਗਟ ਹੁੰਦਾ ਹੈ। ਇਸੇ ਤਰ੍ਹਾਂ ਪ੍ਰਭੂ ਨੇ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਇਸ ਜੱਗ ਵਿਚ ਭੇਜਿਆ। ਆਪਣੇ ਗੁਰੂ ਕਾਲ ਵਿਚ ਗੁਰਾਂ ਨੇ ਆਪਣੇ ਸਮੇਂ ਦੇ ਪ੍ਰਚੱਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੁਰੀਤੀਆਂ ਦੀ ਨਿਖੇਧੀ ਕਰਕੇ ਵਹਿਮਾਂ-ਭਰਮਾਂ ਦਾ ਵਿਰੋਧ ਕਰਕੇ ਇਹਨਾਂ ਵਿਚੋਂ ਨਿਕਲਣ ਦਾ ਰਾਹ ਦਿਖਾਇਆ। ਸਾਵੀਂ ਪੱਧਰੀ ਜੀਵਨ ਜਾਂਚ ਸਿਖਾਈ। ਇਸ ਕ੍ਰਾਂਤੀਕਾਰੀ ਪ੍ਰੇਰਨਾ ਵਿਚ ਮੁਢਲੇ ਅਸੂਲਾਂ ਤੇ ਚੱਲਣ ਦਾ ਉਪਦੇਸ਼ ਦਿੱਤਾ ਕਿ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਕੇ ਛਕਣਾ। ਅੱਗੇ ਜਾ ਕੇ ਦਸਾਂ ਗੁਰੂਆਂ ਵਿਚ ਇਕ ਨਿਰੰਤਰ ਜੋਤ ਨੇ ਧਰਮ ਸੰਕਲਪ ਨੂੰ ਅੱਗੇ ਤੋਰਿਆ। ਇਸੇ ਸੰਦਰਭ ਵਿਚ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਪ੍ਰਕਾਸ਼ 15 ਅਪ੍ਰੈਲ 1563 ਵਿਚ ਗੋਂਦਵਾਲ (ਤਰਨਤਾਰਨ) ਵਿਖੇ ਪਿਤਾ ਗੁਰੂ ਰਮਾਦਾਸ ਸਾਹਿਬ ਜੀ ਤੇ ਮਾਤਾ ਭਾਨੀ ਜੀ ਦੇ ਗ੍ਰਹਿ ਵਿਖੇ ਹੋਇਆ।

ਗੁਰੂ ਜੀ ਦਾ ਬਚਪਨ ਗੋਇੰਦਵਾਲ ਵਿਖੇ ਆਪਣੇ ਨਾਨਾ (ਗੁਰੂ ਅਮਰਦਾਸ ਜੀ) ਦੇ ਕੋਲ ਬੀਤਿਆ। ਬਚਪਨ ਵਿਚ ਹੀ ਇਹਨਾਂ ਦੀ ਧਾਰਮਿਕ ਬਿਰਤੀ ਨੂੰ ਵੇਖਦੇ ਹੋਏ ਚੰਗੀ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ ਸੀ। ਆਪ ਮੁੱਢ ਤੋਂ ਹੀ ਸੰਤ ਬਿਰਤੀ ਦੇ ਸਨ, ਸ਼ਾਂਤ ਚਿੱਤ ਠਹਿਰਾਓ ਵਿਚ ਰਹਿਣ ਵਾਲੇ ਸਨ। ਆਪ ਹਮੇਸ਼ਾ ਪ੍ਰਮਾਤਮਾ ਨਾਲ ਜੁੜੇ ਰਹਿੰਦੇ ਸਨ। ਆਪ ਸੱਤ-ਗੁਣੀ ਸੁਭਾਅ ਦੇ ਮਾਲਕ ਸਨ। ਆਪ ਜੀ ਦਾ ਵਿਆਹ ਸ੍ਰੀ ਮਾਤਾ ਗੰਗਾ ਜੀ ਨਾਲ ਹੋਇਆ। ਉਹਨਾਂ ਦੇ ਸਪੁੱਤਰ ਗੁਰੂ ਹਰਗੋਬਿੰਦ ਜੀ ਹਨ। ਗੁਰੂ ਰਾਮਦਾਸ ਜੀ ਆਪਣੇ ਗੁਰੂ ਕਾਲ ਦੇ ਅੰਤਿਮ ਪੜਾਅ ਵਿਚ ਗੋਇੰਦਵਾਲ ਚਲੇ ਗਏ ਸਨ। ਇੱਥੇ ਹੀ ਉਹਨਾਂ ਨੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਦਾ ਫੈਸਲਾ ਕੀਤਾ। ਹਮੇਸ਼ਾ ਦੀ ਤਰ੍ਹਾਂ ਗੁਰਗੱਦੀ ਸੌਂਪਣ ਵੇਲੇ ਪਰਖ ਹੁੰਦੀ ਹੈ ਕਿ ਬਿਨਾਂ ਕਿਸੇ ਸ਼ੰਕੇ ਤੋਂ ਸੰਗਤਾਂ ਦਾ ਵਿਸ਼ਵਾਸ ਜਿੱਤਿਆ ਜਾਂਦਾ ਹੈ। ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਤੇ ਮਹਾਂਦੇਵ ਸਨ। ਪ੍ਰਿਥੀ ਚੰਦ ਦਾ ਵੀ ਸੰਗਤਾਂ ਵਿਚ ਚੰਗਾ ਰਸੂਖ ਸੀ। ਇਸ ਲਈ ਉਹ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਵਧੇਰੇ ਸਮਝਦਾ ਸੀ। ਇਯ ਕਰਕੇ ਉਸਨੂੰ ਆਪ ਨੇ ਪਿਤਾ ਗੁਰੂ ਰਾਮਦਾਸ ਜੀ ਨਾਲ ਝਗੜਾ ਵੀ ਕੀਤਾ। ਪਰ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਵਿਖੇ ਇਕ ਸੰਗਤਾਂ ਦੇ ਭਾਰੀ ਇਕੱਠ ਵਿਚ 1 ਸਤੰਬਰ 1581 ਨੂੰ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪ ਦਿੱਤੀ। ਕੁਝ ਚਿਰ ਬਾਅਦ ਗੁਰੂ ਅਰਜਨ ਦੇਵ ਸਾਹਿਬ ਜੀ ਗੁਰੂ ਕੇ ਚੱਕ ਆ ਗਏ। ਉਥੇ ਉਹਨਾ ਨੇ ਆਪਣੇ ਗੁਰੂ ਕਾਲ ਦੀ ਜ਼ਿੰਮੇਵਾਰੀ ਨਿਭਾਉਣੀ ਸ਼ੁਰੂ ਕਰ ਦਿੱਤੀ। ਉਧਰੋਂ ਪ੍ਰਿਥੀ ਚੰਦ ਦਾ ਵਿਰੋਧ ਜਾਰੀ ਰਿਹਾ। ਉਹ ਗੁਰੂ ਜੀ ਦੀ ਬਰਾਬਰੀ ਕਰਨ ਲੱਗਾ। ਸੰਗਤਾਂ ਨੂੰ ਗੁੰਮਰਾਹ ਕਰਕੇ ਭਟਾ ਵੀ ਵਸੂਲਣ ਲੱਗਾ। ਗੁਰੂ ਅਰਜਨ ਦੇਵ ਜੀ ਸ਼ਾਂਤ-ਚਿੱਤ ਰੱਬ ਦੇ ਭਾਣੇ ਵਿਚ ਜਿੰਨੀ ਭੇਟਾ ਆਉਂਦੀ ਜਾਂ ਪੁੱਜਦੀ, ਉਸ ਵਿਚ ਹੀ ਗੁਜ਼ਾਰਾ ਕਰ ਲੈਂਦੇ ਅਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਗਏ। ਉਹਨਾਂ ਦੇ ਸਬਰ ਨਾਲ ਸਭ ਠੀਕ ਹੋ ਗਿਆ। ਸੰਗਤਾਂ ਨੇ ਪ੍ਰਿਥੀ ਚੰਦ ਦੀਆਂ ਕੋਝੀਆਂ ਚਾਲਾਂ ਨੂੰ ਪਛਾੜ ਦਿੱਤਾ। ਪ੍ਰਿਥੀ ਚੰਦ ਨੇ ਸਰਕਾਰੇ-ਦਰਬਾਰੇ ਵੀ ਪਹੁੰਚ ਕੀਤੀ ਪਰ ਸਫਲ ਨਾ ਹੋਇਆ। ਉਸਨੇ ਗੁਰੂ ਜੀ ਦੇ ਸਪੁੱਤਰ ਗੁਰੂ ਹਰਗੋਬਿੰਦ ਜੀ ਨੂੰ ਵੀ ਮਾਰਨ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ। ਗੁਰੂ ਜੀ ਨੇ ਮਕਾਨਾਂ ਅਤੇ ਜ਼ਮੀਨ



ਦੀ ਆਮਦਨ ਪ੍ਰਿਥੀ ਚੰਦ ਅਤੇ ਮਹਾਂਦੇਵ ਦੇ ਹਵਾਲੇ ਕਰ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ। ਸਿੱਖੀ ਦਾ ਪ੍ਰਚਰ ਦੂਰ-ਦੂਰ ਫੈਲ ਗਿਆ ਤੇ ਸੰਗਤ ਜੁੜਦੀ ਗਈ। ਗੁਰੂ ਜੀ ਨੇ ਮਰਿਆਦਾ ਤਹਿਤ ਹਰੇਕ ਸਿੱਖ ਨੂੰ ਕਿਹਾ ਕਿ ਉਹ ਆਪਣੀ ਨੇਕ ਕਮਾਈ ਵਿਚ ਸਾਡੇ ਕੰਮ ਲਈ ਦਸਵੰਦ ਅਦਾ ਕਰੇ। ਇਸ ਲਈ ਮਸੰਦ ਪ੍ਰਥਾ ਨੂੰ ਲਾਗੂ ਕੀਤਾ। ਧਾਰਮਿਕ ਰੁਤਬੇ ਵਾਲੇ ਅਤੇ ਸੰਗਤਾਂ ਵਿਚ ਰਸੂਖ ਰੱਖਣ ਵਾਲਿਆਂ ਨੂੰ ਮਸੰਦ ਨਿਯੁਕਤ ਕੀਤਾ। ਜੋ ਦਸਵੰਧ ਭੇਟਾ ਇਕੱਠੀ ਕਰਕੇ ਖਜ਼ਾਨੇ ਵਿਚ ਜਮ੍ਹਾ ਕਰਵਾਉਂਦੇ, ਉਹ ਸੰਗਤਾਂ ਦੀਆਂ ਧਾਰਮਿਕ ਲੋੜਾਂ ਪੂਰੀਆਂ ਕਰਦੇ ਅਤੇ ਸੰਗਤਾਂ ਨੂੰ ਗੁਰੂ ਦਰਬਾਰ ਨਾਲ ਜੋੜਦੇ। ਮਸੰਦਾਂ ਨੂੰ ਹਦਾਇਤ ਸੀ ਕਿ ਉਹ ਵਿਸਾਖੀ ਦੇ ਦਿਨ ਆਪਣੇ ਇਲਾਕੇ ਦੀਆਂ ਸੰਗਤਾਂ ਨਾਲ ਚੜ੍ਹਾਵਾ ਗੁਰੂ ਦਰਬਾਰ ਵਿਚ ਜਮ੍ਹਾ ਕਰਵਾਉਣ। ਗੁਰੂ ਜੀ ਨੇ ਜਾਤ-ਪਾਤ ਦਾ ਵਿਤਕਰਾ ਦੂਰ ਕਰਦੇ ਹੋਏ ਲੰਗਰਾਂ ਦੀ ਪ੍ਰਥਾ ਨੂੰ ਹੋਰ ਪ੍ਰਫੁੱਲਿਤ ਕੀਤਾ ਅਤੇ ਸੰਗਤਾਂ ਵਿਚ ਇਯਦੀ ਮਹੱਤਤਾ ਨੂੰ ਕਾਇਮ ਰੱਖਿਆ।

ਗੁਰੂ ਜੀ ਦੇ ਸਮੇਂ ਉਸਾਰੀ ਦੇ ਕੰਮਾਂ ਨੂੰ ਮੁਕੰਮਲ ਕੀਤਾ ਗਿਆ। 'ਗੁਰੂ ਕਾ ਚੱਕ' ਦਾ ਨਾਂ ਚੱਕ ਰਾਮਦਾਸ ਜਾਂ ਰਾਮਦਾਸਪੁਰ ਰੱਖਿਆ। ਉਸਾਰੀ ਦੇ ਕੰਮਾਂ ਦੇ ਵੇਰਵੇ ਵਿਚ:

1. ਅੰਮ੍ਰਿਤਸਰ ਸਰੋਵਾਰ ਦੀ ਖੁਦਵਾਈ ਗੁਰੂ ਰਾਮਦਾਸ ਜੀ ਨੇ 1577 ਵਿਚ ਸ਼ੁਰੂ ਕਰਵਾਈਹ ਸੀ। ਸਰੋਵਰ ਨੂੰ ਹੋਰ ਡੂੰਘਾ ਤੇ ਪੱਕਾ ਕਰਨ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਪੂਰਾ ਕੀਤਾ।
2. ਡਿਊੜੀ ਸਾਹਿਬ- ਗੁਰੂ ਬਜਾਰ ਦੇ ਕੋਲ ਰਾਮਦਾਸਪੁਰ ਦੀ ਡਿਉੜੀ ਬਣਵਾਈ ਗਈ।
3. ਗੁਰੂ ਕੇ ਮਹਿਲ- ਗੁਰੂ ਬਾਜ਼ਾਰ ਦੇ ਕੋਲ ਹੀ ਰਿਹਾਇਸ਼ੀ ਮਕਾਨ ਗੁਰੂ ਰਾਮਦਸ ਜੀ ਨੇ ਬਣਵਾਏ ਸਨ, ਨੂੰ ਪੱਕਿਆਂ ਕੀਤਾ।
4. ਸੰਤੋਖਸਰ- ਸੰਤੋਖਸਰ ਦੀ ਖੁਦਵਾਈ ਗੁਰੂ ਰਾਮਦਾਸ ਜੀ ਨੇ 1570 ਵਿਚ ਸ਼ੁਰੂ ਕੀਤੀ ਸੀ। ਗੁਰੂ ਅਰਜਨ ਦੇਵ ਜੀ ਨੇ ਇਕ ਪਿਸ਼ੌਰੀ ਸਿੱਖ ਭਾਈ ਸੰਤੋਖ ਸਿੰਘ ਜੀ ਭੇਟਾ ਨਾਲ 1588 ਵਿਚ ਪੱਕਾ ਕੀਤਾ।
5. ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਜਨਵਰੀ 1588 ਵਿਚ ਸਾਂਈ ਮੀਆਂ ਮੀਰ ਜੀ ਦੇ ਹੱਥੀ ਰਖਵਾਇਆ। ਉਸਦੀ ਵਿਉਂਤਬੰਦੀ ਗੁਰੂ ਜੀ ਦੀ ਆਪਣੀ ਸੋਚ ਸੀ।
6. ਤਰਨਤਾਰਨ ਸ਼ਹਿਰ ਦੀ ਸਥਾਪਨਾ ਕੀਤੀ ਅਤੇ ਇਕ ਵੱਡਾ ਸਰੋਵਰ ਅਤੇ ਗੁਰਦੁਆਰੇ ਦੀ ਉਸਾਰੀ ਕੀਤੀ।
7. ਕਰਤਾਰਪੁਰ ਵਿਚ ਇਕ ਵਾਰ ਗੁਰੂ ਜੀ ਨਗਰ ਡਲਾ ਵਿਖੇ ਠਹਿਰੇ ਸਨ। ਉਥੇ ਜਲੰਧਰ ਦਾ ਸੂਬਾ ਅਜ਼ੀਮ ਖਾਂ ਗੁਰ ਦਰਸ਼ਨਾਂ ਲਈ ਆਇਆ। ਸੰਗਤ ਦਾ ਪ੍ਰਬੰਧ ਵੇਖ ਕੇ ਉਹ ਬਹੁਤ ਖੁਸ਼ ਹੋਇਆ। ਉਸਨੇ ਬੇਨਤੀ ਕੀਤੀ ਕਿ ਦੁਆਬਾ ਵਿਚ ਵੀ ਕੋਈ ਨਗਰ ਵਸਾਓ। ਉਸਦੀ ਬੇਨਤੀ ਨੂੰ ਮੰਨ ਕੇ ਕਰਤਾਰਪੁਰ (ਜਲੰਧਰ) ਵਸਾਇਆ।
8. ਛੇਹਰਟਾ ਸਾਹਿਬ- ਵਡਾਲੀ ਪਿੰਡ ਦੇ ਕੋਲ ਸਿੰਚਾਈ ਲਈ ਇਕ ਅਜਿਹਾ ਖੂਹ ਲਗਵਾਇਆ, ਜਿਸ 'ਤੇ 6 ਹਰਟ ਚਲਦੇ ਸਨ। ਇਸਦਾ ਨਾਂ ਛੇਹਰਟਾ ਰੱਖਿਆ। ਇੱਥੇ ਗੁਰਦੁਆਰਾ ਹੈ, ਜਿੱਕੇ ਬਸੰਤ ਪੰਚਮੀ ਤੇ ਜੋੜ ਮੇਲਾ ਲੱਗਦਾ ਹੈ। ਵਡਾਲੀ ਵਿਚ ਹੀ ਤਿੰਨ ਹਰਟਾਂ ਦਾ ਖੂਹ ਵੀ ਲਗਵਾਇਆ।
9. ਸ੍ਰੀ ਹਰਿ ਗੋਬਿੰਦ-ਪੁਰਾ- ਗੁਰਦਾਸਪੁਰ ਬਟਾਲਾ ਵਿਚ ਗੋਬਿੰਦਪੁਰਾ ਨਗਰ ਵਸਾਇਆ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਸ ਦੀ ਬੜੀ ਰੌਣਕ ਵੱਧ ਗਈ ਤਾਂ ਇਸਦਾ ਨਾਂ ਹਰਗੋਬਿੰਦਪੁਰਾ ਪੈ ਗਿਆ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

10. ਬਾਉਲੀ ਸਾਹਿਬ- ਡੱਬੀ ਬਜ਼ਾਰ ਲਾਹੌਰ ਵਿਚ ਇਕ ਬਾਉਲੀ ਤਿਆਰ ਕਰਵਾਈ ਅਤੇ ਗੁਰਦੁਆਰਾ ਵੀ ਸਥਾਪਤ ਕੀਤਾ ਸੀ।
11. ਗੁਰੂ ਕਾ ਬਾਗ- ਪਹਿਲਾਂ ਇਸ ਥਾਂ ਨੂੰ ਗੁਰੂ ਕੀ ਰੋੜ ਕਹਿੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਬਾਗ ਲਗਵਾਇਆ, ਜਿਸ ਨਾ ਇਸ ਅਸਥਾਨ ਦਾ ਨਾਂ ਗੁਰੂ ਕਾ ਬਾਗ ਪੈ ਗਿਆ। 1922 ਵਿਚ ਇੱਥੇ ਅਕਾਲੀ ਮੋਰਚਾ ਲੱਗਾ ਸੀ।
12. ਸ੍ਰੀ ਰਾਮਸਰ-ਰਾਮਸਰ ਦਾ ਇਕ ਛੋਟਾ ਜਿਹਾ ਸਰੋਵਰ ਬਣਵਾਇਆ। ਸੁਖਮਨੀ ਸਾਹਿਬ ਦੀ ਰਚਨਾ ਹੋਈ। ਫਿਰ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਲਿਖਵਾਈ ਗਈ।


ਗੁਰੂ ਅਰਜਨ ਦੇਵ ਜੀ ਕਮਾਲ ਦੇ ਸ਼ਾਇਰ ਅਤੇ ਸੰਗੀਤਕਾਰ ਸਨ। ਗੁਰੂ ਅਮਰਦਾਸ ਜੀ ਨੇ 'ਬਾਣੀ ਦਾ ਬੋਹਿਥਾ' ਹੋਣ ਦਾ ਵਰ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਸੰਪਾਦਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਦੇ 2218 ਸ਼ਬਦ ਹਨ। ਇਹਨਾਂ ਦੀਆਂ ਬਾਣੀਆਂ ਵਿਚ-ਬਾਰਹ ਮਾਹਾ, ਬਾਵਨ ਅਖਰੀ, ਗਉੜੀ ਥਿਤੀ, ਸੁਖਮਨੀ ਅਤੇ ਗਾਥਾ।

ਸਿੱਖ ਗੁਰੂ ਕਾਲ ਵਿਚ ਸਾਰਿਆਂ ਗੁਰੂਆਂ ਨੇ ਸਮਾਜ ਨੂੰ ਸਵੈਮਾਣ ਅਤੇ ਸਵੈ-ਰੱਖਿਆ ਲਈ ਜਥੇਬੰਦ ਕੀਤਾ ਹੈ। ਸਿੱਖਾਂ ਨੂੰ ਰੂਹਾਨੀਅਤ, ਸਮਾਜਿਕ ਵਿਦਿਅਕ, ਆਰਥਿਕ, ਰਾਜਨੀਤੀ ਪੱਖੋਂ ਸੰਪੂਰਨ ਬਣਾ ਕੇ ਫੌਜੀ ਖਾਲਸਾ ਸਾਜਿਆ। ਸਿੱਖਾਂ ਦੀ ਵਧਦੀ ਤਾਕਤ ਅਤੇ ਹਰਮਨ ਪਿਆਰਤਾ ਤੋਂ ਦੁਖੀ ਹੋ ਕੇ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਬਹਾਨੇ ਨਾਲ ਕਸ਼ਟ ਦੇ ਕੇ ਸ਼ਹੀਦ ਕੀਤਾ।

ਜਦਕਿ ਗੁਰੂ ਜੀ ਨੇ ਸ਼ਾਂਤ ਚਿੱਤ ਰਹਿ ਕੇ ਸਿੱਖਾਂ ਨੂੰ ਰੱਬ ਦੇ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇ ਸੰਕਲਪ ਚਲਾਏ, ਸਿੱਖ ਪੰਥ ਨੂੰ ਅੱਗੇ ਲਿਜਾਉਣ ਲਈ ਕੁਰਬਾਨੀ ਦਿੱਤੀ। ਇਏ ਇਕ ਵੱਖਰਾ ਵਿਸ਼ਾ ਹੈ।

# ਔਰਤਾਂ ਵਿਚ ਸਰਵਿਕਸ ਦਾ ਕੈਂਸਰ, ਕਾਰਨ ਲੱਛਣ ਇਲਾਜ ਤੇ ਸਾਵਧਾਨੀਆਂ

ਸਰਵਿਕਸ ਇਕ ਛੋਟੀ ਜਿਹੀ ਬਣਤਰ ਹੈ ਜੋ ਬੱਚੇਦਾਨੀ ਦੇ ਮੂੰਹ 'ਤੇ ਸਥਿਤ ਹੁੰਦੀ ਹੈ। ਸਰਵਿਕਸ ਨੂੰ ਬੱਚੇਦਾਨੀ ਦਾ ਮੂੰਹ ਵੀ ਕਿਹਾ ਜਾ ਸਕਦਾ ਹੈ। ਸਰਵਿਕਸ (ਬੱਚੇਦਾਨੀ ਦੇ ਮੂੰਹ) ਦੀ ਐਪੀਥੀਲੀਅਮ ਨਾਮਕ ਅੰਦਰੂਨੀ ਪਰਤ ਦੇ ਸੈਲਾਂ 'ਚ ਅਸਮਾਨ ਸੂਖਮਦਰਸ਼ੀ ਤਬਦੀਲੀਆਂ ਨਾਲ ਸ਼ੁਰੂ ਹੁੰਦਾ ਹੈ। ਇਸ ਪੜਾਅ ਨੂੰ ਡਿਸਪਲੇਜੀਆ ਕਿਹਾ ਜਾਂਦਾ ਹੈ। ਜੇ ਇਹ ਤਬਦੀਲੀਆਂ ਜਾਰੀ ਰਹਿੰਦੀਆਂ ਹਨ ਤਾਂ ਇਹ ਸੈਲ ਕੈਂਸਰ ਦੇ ਹੋ ਸਕਦੇ ਹਨ ਅਤੇ ਇਹਨਾਂ ਦਾ ਵਾਧਾ ਕੰਟਰੋਲ ਤੋਂ ਬਾਹਰ ਹੋ ਜਾਂਦਾ ਹੈ। ਕੈਂਸਰ ਦੀ ਇਸ ਬਿਮਾਰੀ ਨੂੰ ਕਾਰਸੀਨੋਮਾ ਵੀ ਕਿਹਾ ਜਾਂਦਾ ਹੈ। ਅਜਿਹੇ ਵਾਇਰਸ ਦੀ ਇਨਫੈਕਸ਼ਨ ਜਿਸ ਨੂੰ ਐਚ. ਪੀ. ਵੀ. (ਹਿਊਮਨ ਪੈਪੀਲੋਮਾ ਵਾਇਰਸ) ਹੋ ਜਾਵੇ ਤਾਂ ਇਸ ਨਾਲ ਇਸ ਡਿਸਪਲੇਜਿਆ ਅਤੇ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਅਜਿਹੇ ਪਾਰਟਨਰ ਨਾਲ ਸੰਭੋਗ (ਜਿਸ ਨੇ ਪਹਿਲਾਂ ਵੀ ਕਈਆਂ ਨਾਲ ਸੰਭੋਗ ਕੀਤਾ ਹੋਵੇ) ਕਰਨ ਨਾਲ ਵੀ ਇਹ ਰੋਗ ਹੋ ਸਕਦਾ ਹੈ। ਜਿਹਨਾਂ ਔਰਤਾਂ 'ਚ ਆਰਗਨ ਟਰਾਂਸਪਲਾਂਟ ਹੋਇਆ ਹੋਵੇ, ਉਹਨਾਂ ਨੂੰ ਵੀ ਇਹ ਬਿਮਾਰੀ ਹੋਣ ਦੀ ਸੰਭਾਵਨਾ ਰਹਿੰਦੀ ਹੈ।



**ਸਰਵਿਸ ਕੈਂਸਰ ਦੇ ਸ਼ੁਰੂਆਤੀ ਲੱਛਣ-** ਖੂਨ ਵੱਗਣਾ, ਮਾਹਾਵਾਰੀ ਦੇ ਅੱਗੇ ਪਿੱਛੇ ਵੀ ਦਾਗ ਲੱਗਦੇ ਰਹਿਣਾ ਇਸ ਦੇ ਸ਼ੁਰੂਆਤੀ ਲੱਛਣ ਹਨ। ਹਾਲਾਂਕਿ ਬਹੁਤੇ ਕੇਸਾਂ ਵਿਚ ਰੋਗ ਵੱਧ ਜਾਣ ਪਿੱਛੋਂ ਹੀ ਇਸ ਦਾ ਪਤਾ ਲੱਗਦਾ ਹੈ। ਪਰ ਪੈਪਸਮਿਅਰ ਟੈਸਟ ਨਾਲ ਇਸ ਦਾ ਪਤਾ ਪਹਿਲਾਂ ਲਾਇਆ ਜਾ ਸਕਦਾ ਹੈ। ਜੇ ਸਹੀ ਸਮੇਂ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਪੂਰੀ ਤਰ੍ਹਾਂ ਹੋ ਜਾਂਦਾ ਹੈ। ਹਾਲਾਂਕਿ ਇਸ ਲਈ ਵੈਕਸੀਨ ਵੀ ਮਿਲਦੀ ਹੈ ਜੋ ਛੱਬੀ ਸਾਲ ਤੱਕ ਦੀਆਂ ਔਰਤਾਂ ਲਈ ਹੈ। ਪਰ ਇਹ ਦੋ ਹੀ ਕਿਸਮ ਦੇ ਐਚ. ਪੀ. ਵੀ. ਵਾਇਰਸ ਲਈ ਲਾਹੇਵੰਦ ਹੈ। ਅਜੇ ਤੱਕ ਇਹ ਤਜਰਬੇ ਦੀ ਪੜਾਅ ਉਪਰ ਹੋਣ ਕਰਕੇ ਇਸ ਬਾਰੇ ਬਹਿਸ ਚੱਲਦੀ ਹੈ। ਇਸ ਨੂੰ ਲਾਉਣਾ ਜਾਂ ਨਾ ਲਾਉਣਾ ਕਿੰਨਾ ਕੁ ਫਾਇਦੇਮੰਦ ਹੈ? ਇਸ ਬਾਰੇ ਮਾਹਿਰਾਂ ਨੇ ਅਜੇ ਰਾਇ ਦੇਣੀ ਹੈ। ਵੈਸੇ ਤਾਂ ਇਹ ਕੈਂਸਰ ਕਿਸੇ ਵੀ ਨੌਜਵਾਨ ਤੇ ਸੈਕਸੂਅਲੀ ਸਰਗਰਮ ਔਰਤ ਨੂੰ ਹੋ ਸਕਦਾ ਹਰ 40 ਸਾਲ ਉਮਰ ਪਾਰ ਕਰ ਜਾਣ ਪਿੱਛੋਂ ਇਸ ਦੀ ਸੰਭਾਵਨਾ ਵੱਧ ਜਾਂਦੀ ਹੈ। ਸ਼ੁਰੂਆਤੀ ਪੜਾਅ ਤੇ ਜੇ ਸਰਵਿਕਸ ਕੈਂਸਰ ਦਾ ਪਤਾ ਲੱਗ ਜਾਵੇ ਤਾਂ ਉਸ ਤੋਂ ਮੁਕਤੀ ਪਾਈ ਜਾ ਸਕਦੀ ਹੈ। ਪਰ ਜੇ ਦੇਰ ਹੋ ਚੁੱਕੀ ਹੋਵੇ ਤਾਂ ਇਸ ਤੋਂ ਬਚਣਾ ਮੁਸ਼ਕਿਲ ਹੋ ਜਾਂਦਾ ਹੈ। ਅਜਿਹੇ ਵਿਚ ਬਿਹਤਰ ਇਹੀ ਰਹਿੰਦਾ ਹੈ ਕਿ ਔਰਤਾਂ ਹਰ ਤਿੰਨ ਸਾਲ ਬਾਅਦ ਇਕ ਵਾਰੀ ਪੈਪਸਮਿਅਰ ਟੈਸਟ ਕਰਵਾਉਂਦੀਆਂ ਰਹਿਣ।

**ਸਰਵਿਕਸ ਕੈਂਸਰ ਦੇ ਮੁੱਖ ਲੱਛਣ-** ਨਜਾਇਜ਼ (ਨਾ ਬਰਾਬਰ) ਖੁਨ ਪੈਣਾ, ਸੰਭੋਗ ਪਿੱਛੋਂ ਵੱਧ ਮਾਤਰਾ 'ਚ ਖੂਨ ਪੈਣਾ ਜਾਂ ਫਿਰ ਤੇਜ਼ ਦਰਦ ਹੋਣਾ ਇਸਦਾ ਮੁੱਖ ਲੱਛਣ ਹੋ ਸਕਦਾ ਹੈ। ਇਸ ਤੋਂ ਇਲਾਵਾ ਮਿਨੋਪਾਜ (ਮਾਂਹਬੰਦੀ) ਤੋਂ ਪਿੱਛੋਂ ਵੀ ਸਰਵਿਕਸ ਕੈਂਸਰ 'ਚ ਸਬੰਧ ਬਣਾਉਣ ਤੇ ਖੂਨ ਵੱਗਣਾ ਵੀ ਇਸ ਦਾ ਲੱਛਣ ਹੋ ਸਕਦਾ ਹੈ।

**ਸਫੈਦ ਪਾਣੀ ਪੈਣਾ ਲਿਕੋਰੀਆ-** ਅਕਸਰ ਬੇਵਜ੍ਹਾ ਸਫੈਦ ਬਦਬੂਦਾਰ ਪਾਣੀ ਪੈਣਾ ਵੀ ਸਰਵਾਈਕਲ ਕੈਂਸਰ ਦਾ ਲੱਛਣ ਹੈ। ਇਸ ਨੂੰ ਨਜ਼ਰਅੰਦਾਜ਼ ਨਾ ਕਰੋ। ਔਰਤਾਂ ਨੂੰ ਚਾਹੀਦਾ ਹੈ ਕਿ ਉਹ ਜਦੋਂ ਵੀ ਔਰਤ ਰੋਗਾਂ ਦੇ ਮਾਹਿਰ ਡਾਕਟਰ ਕੋਲ ਜਾਣ ਤਾਂ ਇਸ ਬਾਰੇ ਗੱਲ ਜ਼ਰੂਰ ਕਰਨ ਅਤੇ ਟੈਸਟ ਵੀ ਜ਼ਰੂਰ ਕਰਵਾਉਣ।

**ਪੇਟ ਦੇ ਹੇਠਲੇ ਹਿੱਸੇ ਭਾਵ ਪੇਡੂ ਵਿਚ ਦਰਦ-** ਆਮ ਕਰਕੇ ਮਾਹਵਾਰੀ ਦੌਰਾਨ ਪੇਟ ਦੇ ਹੇਠਲੇ ਹਿੱਸੇ ਭਾਵ ਪੇਡੂ ਵਿਚ ਦਰਦ ਹੁੰਦਾ ਹੈ ਪਰ ਜੇ ਆਪ ਦੇ ਮਾਹਵਾਰੀ ਦੀ ਤਰੀਕ ਤੋਂ ਇਲਾਵਾ ਤੇਜ਼ ਜਾਂ ਹਲਕਾ ਦਰਦ ਹੋਵੇ ਤਾਂ ਇਸ ਨੂੰ ਅਣਗੌਲਿਆ ਨਾ ਕਰੋ, ਇਸ ਬਾਰੇ ਤੁਰੰਤ ਡਾਕਟਰ ਨਾਲ ਗੱਲ ਕਰੋ। ਪਿਸ਼ਾਬ ਦੀ ਥੈਲੀ (ਬਲੈਡਰ) ਵਿਚ ਦਰਦ ਹੋਣਾ ਸਰਵਿਕਸ ਕੈਂਸਰ ਦਾ ਪਹਿਲਾ ਲੱਛਣ ਹੈ। ਇਹ ਲੱਛਣ ਉਦੋਂ ਦਿੱਸਦਾ ਹੈ ਜਦ ਕੈਂਸਰ ਪਿਸ਼ਾਬ ਦੇ ਬਲੈਡਰ ਵਾਲੀ ਥੈਲੀ ਤੱਕ ਪਹੁੰਚ ਚੁੱਕਿਆ ਹੁੰਦਾ ਹੈ। ਇਸ ਦੇ ਨਾਲ ਹੀ ਪੀਰੀਅਡਸ ਦਰ-ਮਆਨ ਸਪੋਟਿੰਗ ਜਾਂ ਸੰਭੋਗ ਵਿਚ ਖੂਨ ਪੈਣਾ ਵੀ ਇਸ ਦਾ ਇਕ ਲੱਛਣ ਹੈ। ਅਜਿਹਾ ਬੱਚੇਦਾਨੀ ਦੇ ਮੂੰਹ ਦੀ ਜਲਣ ਕਰਕੇ ਹੁੰਦਾ ਹੈ ਜੋ ਕਿ ਸੈਕਸ ਸਮੇਂ ਜਾਂ ਪੀਰੀਅਡਸ ਦਰਮਿਆਨ ਤੇਜ਼ ਹੋ ਜਾਂਦਾ ਹੈ।

**ਸਰਵਿਕਸ ਦੇ ਕੈਂਸਰ ਦਾ ਕਾਰਨ-** ਇਹ ਬਿਮਾਰੀ ਬੱਚੇਦਾਨੀ 'ਚ ਸੈਲਾਂ ਦੇ ਬੇਲਗਾਮ ਵਾਧੇ ਕਾਰਨ ਹੁੰਦੀ ਹੈ। ਬਹੁਤੇ ਸਰਵਿਕਸ ਕੈਂਸਰ ਦੇ ਮਾਮਲੇ ਪਲੈਂਟਡ ਤੇ ਸੁਕੈਮਸ ਸੈਲਾਂ ਦੇ ਵਾਧੇ ਕਾਰਨ ਹੁੰਦੇ ਹਨ। ਇਹ ਕੈਂਸਰ ਹਿਊਮਨ ਪੈਪੀਲੋਮਾ ਵਾਇਰਸ (ਐਚ. ਪੀ. ਵੀ.) ਕਾਰਨ ਹੁੰਦਾ ਹੈ। ਸਰਵਿਕਸ ਕੈਂਸਰ ਦੇ ਕੁਝ ਖਾਸ ਜੋਖਮ ਕਾਰਨ ਵੀ ਹਨ ਜਿਵੇਂ ਐਚ. ਪੀ. ਵੀ. ਇਨਫੈਕਸ਼ਨ, ਇਕ ਤੋਂ ਵੱਧ ਸੈਕਸ ਪਾਰਟਨਰ ਤੇ ਪਿਤਾ ਪੁਰਖੀ ਸਰਵਾਈਕਲ ਕੈਂਸਰ ਦਾ ਇਤਿਹਾਸ ਪਰਿਵਾਰ ਵਿਚ। ਸਰਵਿਕਸ ਕੈਂਸਰ ਦਾ ਸ਼ੱਕ ਪੈਂਦਿਆਂ ਹੀ ਤੁਰੰਤ ਡਾਕਟਰ ਨਾਲ ਸੰਪਰਕ ਕਰੋ। ਜਦੋਂ ਤੁਹਾਨੂੰ ਪੇਟ ਦਰਦ, ਵਜ਼ਨ ਘਟਣਾ, ਯੂਨੀਅਸ ਦਾ ਰਸਾਅ ਅਸਮਾਨ ਮਹਾਵਾਰੀ ਤੋਂ ਪਿੱਛੋਂ ਵੀ ਦਰਦ ਤੇ ਖੂਨ ਸੰਭੋਗ ਦੌਰਾਨ ਦਰਦ ਤੇ ਖੂਨ ਵੱਗਣਾ ਉਕਤ ਲੱਛਣ ਸ਼ੱਕ ਪੈਦਾ ਕਰਦੇ ਹਨ ਪਰ ਪੱਕਾ ਨਹੀਂ ਕਿ ਤੁਹਾਨੂੰ ਕੈਂਸਰ ਹੀ ਹੋਵੇ। ਸਪਸ਼ਟ ਯਾਨਿਕ ਖੂਨ ਦਾ ਰਿਸਾਅ ਇਸ ਗੱਲ ਦਾ ਸੰਕੇਤ ਵੀ ਹੋ ਸਕਦਾ ਹੈ ਕਿ ਕੈਂਸਰ ਆਸ ਪਾਸ ਦੀਆਂ ਰਕਤ ਨਾਲੀਆਂ ਜਾਂ ਧਮਣੀਆਂ ਵਿਚ ਫੈਲ ਚੁੱਕਿਆ ਹੋਵੇ ਇਸ ਦਾ ਹਸਪਤਾਲ ਅੰਦਰ ਤੁਰੰਤ ਡਾਕਟਰੀ ਇਲਾਜ ਹੋਣ ਦੀ ਲੋੜ ਹੁੰਦੀ ਹੈ। ਸਰਵਾਈਕਲ ਕੈਂਸਰ ਦੁਨੀਆਂ ਵਿਚ ਤੀਜੇ ਸਭ ਤੋਂ ਵੱਧ ਹੋਣ ਵਾਲੇ ਕੈਂਸਰਾਂ ਵਿਚੋਂ ਇਕ ਹੈ। ਕੌਮੀ ਕੈਂਸਰ ਇੰਸਟੀਚਿਊਟ ਦੀ ਰਿਪੋਰਟ ਮੁਤਾਬਕ ਕੈਂਸਰ ਵਿਚ ਇਕ ਤਿਹਾਈ ਮੌਤਾਂ ਦਾ ਕਾਰਨ ਗਲਤ ਜੀਵਨ ਸ਼ੈਲੀ ਅਤੇ ਖਾਣ-ਪਾਣ ਹੁੰਦਾ ਹੈ। ਸਹੀ ਆਹਾਰ ਜਿਹਨਾਂ ਵਿਚ ਕੈਂਸਰ ਨਾਲ ਲੜਨ ਦੀ ਸਮਰੱਥਾ ਅਤੇ ਐਂਟੀ ਆਕਸੀਡੈਂਟ ਹੋਣ ਲੈਣਾ ਚਾਹੀਦਾ ਹੈ।



ਡਾ. ਅਜੀਤਪਾਲ ਸਿੰਘ
ਬਠਿੰਡਾ
91-98156-29301

ਅਦਰਕ, ਵਿਟਾਂਮਿਨ ਏ ਅਤੇ 2 ਜਿਵੇਂ ਨਾਰੰਗੀ, ਗਾਜਰ, ਅੰਡੇ, ਸਰਵੈਂਸ ਤੇ ਜਿਗਰ ਵਾਲੀਆਂ ਡੇਅਰੀ ਵਸਤਾਂ ਦੀ ਵਰਤੋਂ ਫਾਇਦੇਮੰਦ ਹੈ। ਫੁੱਲ ਗੋਭੀ, ਪੱਤਾ ਗੋਭੀ, ਮਿੱਠੇ ਆਲੂ, ਦਾਣਿਆਂ ਵਾਲੀਆਂ ਸਬਜ਼ੀਆਂ, ਜਿਵੇਂ ਮਟਰ, ਸੇਮ, ਉਕਤ ਫਾਈਬਰ ਅਤੇ ਪ੍ਰੋਟੀਨ ਯੁਕਤ ਵਰਤੇ ਜਾਣ। ਖੁੰਬਾਂ (ਮਸ਼ਰੂਮ) ਅਤੇ ਖੁਬਾਨੀ (ਵਿਟਾਮਿਨ 17 ਨਾਲ ਭਰਪੂਰ) ਖਾਓ। ਸਰਵਿਸ ਕੈਂਸਰ ਦਾ ਡਾਕਟਰੀ ਇਲਾਜ ਮੁੱਖ ਹੁੰਦਾ ਹੈ। ਇਹ ਇਲਾਜ ਕੈਂਸਰ ਦੀਆਂ ਬਾਕੀ ਕਿਸਮਾਂ ਵਰਗਾ ਹੀ ਹੁੰਦਾ ਹੈ। ਸਰਜਰੀ ਰੇਡੀਓਥਰੈਪੀ ਤੇ ਕੀਮੋਥਰੈਪੀ ਤਿੰਨੇ ਹੀ ਤਰੀਕੇ ਲੋੜ ਅਨੁਸਾਰ ਅਪਣਾਏ ਜਾਂਦੇ ਹਨ।

**ਖੂਨ ਵੱਗਣਾ, ਮਾਹਾਵਾਰੀ ਦੇ ਅੱਗੇ ਪਿੱਛੇ ਵੀ ਦਾਗ ਲੱਗਦੇ ਰਹਿਣਾ ਇਸ ਦੇ ਸ਼ੁਰੂਆਤੀ ਲੱਛਣ ਹਨ। ਹਾਲਾਂਕਿ ਬਹੁਤੇ ਕੇਸਾਂ ਵਿਚ ਰੋਗ ਵੱਧ ਜਾਣ ਪਿੱਛੋਂ ਹੀ ਇਸ ਦਾ ਪਤਾ ਲੱਗਦਾ ਹੈ। ਪਰ ਪੈਪਸਮਿਅਰ ਟੈਸਟ ਨਾਲ ਇਸ ਦਾ ਪਤਾ ਪਹਿਲਾਂ ਲਾਇਆ ਜਾ ਸਕਦਾ ਹੈ। ਜੇ ਸਹੀ ਸਮੇਂ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਪੂਰੀ ਤਰ੍ਹਾਂ ਹੋ ਜਾਂਦਾ ਹੈ। ਹਾਲਾਂਕਿ ਇਸ ਲਈ ਵੈਕਸੀਨ ਵੀ ਮਿਲਦੀ ਹੈ ਜੋ ਛੱਬੀ ਸਾਲ ਤੱਕ ਦੀਆਂ ਔਰਤਾਂ ਲਈ ਹੈ।**

# ਮਮਤਾ, ਤਿਆਗ 'ਤੇ ਪਿਆਰ ਦੀ ਮੂਰਤ ਹੁੰਦੀ ਹੈ ਮਾਂ

ਪ੍ਰਮੋਦ ਧੀਰ ਜੈਤੋ
91-98550-31081



8 ਮਈ ਨੂੰ ਭਾਰਤ ਸਮੇਤ ਦੁਨੀਆਂ ਦੇ 86 ਦੇਸਾਂ ਵਿੱਚ ਮਾਂ ਦਿਵਸ ਮਨਾਇਆ ਜਾਂਦਾ ਹੈ। ਇਹਨਾਂ ਦੇਸਾਂ ਵਿੱਚ ਹਰ ਸਾਲ ਮਈ ਦਾ ਦੂਸਰਾ ਐਤਵਾਰ ਮਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ।ਬਾਕੀ ਰਹਿੰਦੇ ਕਈ ਦੇਸ 4 ਮਈ ਨੂੰ ਮਾਂ ਦਿਵਸ ਵਜੋਂ ਮਨਾਉਦੇ ਹਨ। ਅਰਬ ਦੇਸਾਂ ਵਿੱਚ ਇਹ ਦਿਨ 21 ਮਾਰਚ ਨੂੰ ਮਨਾਇਆ ਜਾਂਦਾ ਹੈ ਤੇ ਯੂਰਪ ਦੇ ਬਹੁਤ ਦੇਸ ਹਰ ਸਾਲ 8 ਮਾਰਚ ਨੂੰ ਮਾਂ ਦਿਵਸ ਮਨਾਉਦੇ ਹਨ। ਜਗ ਜਣਨੀ ਮਾਂ ਨੂੰ ਸਾਰੇ ਗੁਰੂਆਂ ਪੀਰਾਂ ਨੇ ਵੀ ਹਮੇਸ਼ਾ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜਾ ਕਦੇ ਨਹੀਂ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਰਾ ਦਿਨ ਕੰਮ ਕਰਕੇ ਘਰ ਪਰਤਦਿਆਂ ਬਾਕੀ ਸਭ ਵਾਰੀ ਵਾਰੀ ਆਪਣੇ ਦੁੱਖ ਤੇ ਲੋੜਾਂ ਦੱਸਦੇ ਹਨ ਪਰ ਮਾਂ ਆਪਣੇ ਪੁੱਤਰ ਨੂੰ ਸਭ ਤੋਂ ਪਹਿਲਾਂ ਸਿਰ ਤੇ ਹੱਥ ਫੇਰ ਕੇ ਪੁੱਛਦੀ ਹੈ, ' ਕੁਝ ਖਾ ਲਿਆ ਸੀ?' ਇਸੇ ਕਰਕੇ ਮਾਂ ਅੱਗੇ ਹਮੇਸ਼ਾ ਸਿਰ ਝੁਕਦਾ ਰਹੇਗਾ।

ਮਾਂ ਆਪਣੇ ਬੱਚੇ ਨੂੰ 9 ਮਹੀਨੇ ਪੇਟ ਵਿੱਚ ਪਾਲ ਕੇ ਜਨਮ ਦਿੰਦੀ ਹੈ, ਪਾਲਣ ਪੋਸ਼ਣ ਕਰਦੀ ਹੈ, ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਮਾਂ ਦੇ ਪੈਰਾਂ ਹਠੇ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ,ਜਿਨਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਖੁੱਦ ਧਾਰਮਿਕ ਸਥਾਨਾਂ ਤੇ ਜਾਂ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨਾਂ ਨੂੰ ਕਦੇ ਸੁਖ ਨਹੀ ਮਿਲ ਸਕਦਾ। ਕਿਸੇ ਸਾਇਰ ਦੀਆਂ ਬਹੁਤ ਸੁੰਦਰ ਲਾਈਨਾ 'ਮਾਂ ਤਾਂ ਰੱਬ ਦਾ ਰੂਪ ਹੈ ਦੂਜਾ, ਮਾਂ ਤੋ ਵੱਧ ਕੋਈ ਹੋਰ ਨਾ ਦੂਜਾ, ਭਾਵ ਮਾਂ ਦਾ ਰਿਸਤਾ ਸਭ ਰਿਸਤਿਆ ਤੋ ਪਿਆਰਾ ਤੇ ਬਹੁ-ਮੁਲਾ ਰਿਸਤਾ ਹੈ।



ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ, ਰੁੱਖੀ ਮਿੱਸੀ ਖਾ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨਾਂ ਦੇ ਬੱਚੇ ਇਹ ਬਣਨਗੇ, ਉਨਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾ ਤਸੀਹੇ ਝੱਲ ਕੇ ਅਤੇ ਢਿਡ ਬੰਨ-ਬੰਨ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਔਲਾਦ ਮਾਂ ਪਿਉ ਦੀ ਸੇਵਾ ਨਾਂ ਕਰੇ ਨਿਕੱਮੀ ਨਿੱਕਲ ਜਾਵੇ ਤਾਂ ਉਸ ਮਨ ਤੇ ਕੀ ਬੀਤਦੀ ਹੋਵੇਗੀ?

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ।ਜਰਾ ਦਿਲ ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥ ਪੁਣੇ ਦੇ ਅਜਿਹੇ ਦੌਰ 'ਚੋ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀ ਲਗਾਉਂਦਾ। ਸਮਾਜ ਵਿੱਚ ਕਿੰਨੀਆ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸਿਕਾਰ ਹੋਈਆ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆ ਹਨ। ਸਾਨੂੰ ਬਜੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਏ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਸਕੀਏ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾ ਵਿੱਚ ਜਾ ਡਿੱਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾ ਲੈਣਾ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ- ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾ ਦਾ ਵੀ ਅਸੀ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੋਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸਾ ਯਾਦ ਰੱਖੋ 'ਮਾਂ ਦੇ ਚਰਨਾ ਤੋ ਵੱਡਾ ਕੋਈ ਤੀਰਥ ਤੇ ਇਸ਼ਨਾਨ ਨਹੀ' ਇਸ ਲਈ ਹਮੇਸ਼ਾ ਸਰਵਨ ਪੁੱਤਰ ਬਣਨ ਦੀ ਕੋਸ਼ਿਸ਼ ਕਰੋ। ਜਿਸ ਦੀ ਸੁਰੂਆਤ ਅੱਜ ਤੋ ਹੀ ਕੀਤੀ ਜਾਣੀ ਚਾਹੀਦੀ ਹੈ।

# ਕਠੂਆ: ਆਖਿਰ ਕੌਣ ਹਨ ਬੱਕਰਵਾਲ?

ਮੋਹਿਤ ਕੰਧਾਰੀ, ਜੰਮੂ








ਜਦੋਂ ਦਾ ਕਠੂਆ ਰੇਪ ਅਤੇ ਹੱਤਿਆ ਦਾ ਮਾਮਲਾ ਭਖਿਆ ਹੈ, ਜੰਮੂ-ਕਸ਼ਮੀਰ ਦੇ ਮੈਦਾਨੀ ਇਲਾਕਿਆਂ ਵਿਚ ਰਹਿਣ ਵਾਲੇ ਬਕਰਵਾਲ ਭਾਈਚਾਰੇ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮੰਨ ਰਹੇ ਹਨ।

ਉਹਨਾਂ ਨੂੰ ਲਗਾਤਾਰ ਇਸ ਗੱਲ ਦਾ ਡਰ ਸਤਾ ਰਿਹਾ ਹੈ ਕਿ ਕਿਤੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ ਅਤੇ ਉਹਨਾਂ ਨੂੰ ਇਸ ਦਾ ਖਮਿਆਜ਼ਾ ਨਾ ਭੁਗਤਣਾ ਪਵੇ।

ਜ਼ਮੀਨੀ ਹਾਲਾਤ ਨੂੰ ਦੇਖਦੇ ਹੋਏ ਅਤੇ ਲਗਾਤਾਰ ਪਾਰਾ ਚੜ੍ਹਨ ਕਾਰਨ ਇਸ ਸਾਲ ਉਹਨਾਂ ਨੇ ਸਮੇਂ ਤੋਂ ਪਹਿਲਾਂ ਹੀ ਜੰਮੂ ਛੱਡ ਕੇ ਠੰਡੇ ਇਲਾਕਿਆਂ ਵਿਚ ਜਾਣ ਦਾ ਫੈਸਲਾ ਕਰ ਲਿਆ ਹੈ।

ਅਜਿਹਾ ਕਰਨਾ ਉਹਨਾਂ ਲਈ ਜ਼ਰੂਰੀ ਸੀ ਕਿਉਂਕਿ ਮੀਂਹ ਦੇ ਇੰਤਜ਼ਾਰ ਵਿਚ ਉਹਨਾਂ ਦੇ ਮਾਲ-ਮਵੇਸ਼ੀਆਂ ਲਈ ਪਾਣੀ ਅਤੇ ਚਾਰੇ ਦਾ ਇੰਤਜ਼ਾਮ ਕਰਨਾ ਮੁਸ਼ਕਿਲ ਹੋ ਰਿਹਾ ਸੀ।

8 ਸਾਲ ਦੀ ਮਾਸੂਮ ਬੱਚੀ ਦੇ ਪਰਿਵਾਰ ਦੇ ਮੈਂਬਰ ਵੀ ਕਠੂਆ ਦੇ ਰਸਾਨਾ ਪਿੰਡ 'ਚ ਆਪਣੇ ਘਰ ਨੂੰ ਤਾਲਾ ਲਾ ਕੇ ਮਾਲ ਮਵੇਸ਼ੀਆਂ ਨਾਲ ਅਗਲੇ ਪੜਾਅ ਲਈ ਵੱਧ ਗਏ ਸਨ। ਉਹਨਾਂ ਦੇ ਨਾਲ ਨਾਲ ਬਾਕੀ ਇਲਾਕਿਆਂ ਵਿਚ ਡੇਰਾ ਲਾਏ ਅਜਿਹੇ ਸੈਂਕੜੇ ਗੁੱਜਰ ਬਕਰਵਾਲ ਪਰਿਵਾਰ ਇਸ ਵੇਲੇ ਜੰਮੂ ਦੇ ਮੈਦਾਨੀ ਇਲਾਕਿਆਂ ਤੋਂ ਕਸ਼ਮੀਰ ਅਤੇ ਦੂਜੇ ਪਹਾੜੀ ਇਲਾਕਿਆਂ ਵੱਲ ਰਵਾਨਾ ਹੋ ਰਹੇ ਹਨ।

ਗਰਮੀਆਂ ਦੇ ਦਿਨ ਕੱਟ ਕੇ ਲੋਕ ਨਵੰਬਰ ਮਹੀਨੇ ਵਿਚ ਵਾਪਸ ਮੈਦਾਨੀ ਇਲਾਕਿਆਂ ਵਿਚ ਆ ਜਾਂਦੇ ਹਨ। ਉਪਰੀ ਇਲਾਕਿਆਂ ਵਿਚ ਬਰਫ ਪੈਣ ਨਾਲ ਹੀ ਇਹ ਆਪਣਾ ਡੇਰਾ ਬਦਲ ਲੈਂਦੇ ਹਨ। ਜੰਮੂ-ਕਸ਼ਮੀਰ ਨੈਸ਼ਨਲ ਹਾਈਵੇਅ 'ਤੇ ਥਾਂ-ਥਾਂ ਇਹ ਲੋਕ ਆਪਣੇ ਮਾਲ ਮਵੇਸ਼ੀਆਂ ਨਾਲ ਤੁਰਦੇ ਦਿੱਸਣਗੇ। ਕੁਝ ਲੋਕ ਸੜਕ ਮਾਰਗ ਛੱਡ ਕੇ ਸਿੱਧਾ ਪਹਾੜੀ ਰਸਤਿਆਂ ਰਾਹੀਂ ਆਪਣੀ ਮੰਜਿਲ ਦਾ ਰਸਤਾ ਤਹਿ ਕਰਦੇ ਹਨ।

ਜਿੱਥੇ ਕਿਤੇ ਰੁਕਣ ਦੀ ਥਾਂ ਮਿਲਦੀ ਹੈ, ਕੁਝ ਸਮੇਂ ਲਈ ਇਹ ਲੋਕ ਉਥੇ ਹੀ ਆਪਣਾ ਡੇਰਾ ਜਮਾ ਲੈਂਦੇ ਹਨ। ਕੁਝ ਦੇਰ ਆਰਾਮ ਕਰਕੇ ਆਪਣੇ ਮਾਲ ਮਵੇਸ਼ੀਆਂ ਨੂੰ ਪਾਣੀ ਪਿਆ ਕੇ ਫਿਰ ਅੱਗੇ ਤੁਰ ਪੈਂਦੇ ਹਨ। ਉਹਨਾਂ ਦੇ ਜੀਵਨ ਦਾ ਚੱਕਰ ਇਸ ਤਰ੍ਹਾਂ ਹੀ ਲਗਾਤਾਰ ਚਲਦਾ ਰਹਿੰਦਾ ਹੈ, ਕਦੇ ਰੁਕਦਾ ਨਹੀਂ।

### ਆਖਿਰ ਬਕਰਵਾਲ ਹੈ ਕੌਣ?

ਬੁਨਿਆਦੀ ਤੌਰ 'ਤੇ ਗੁੱਜਰ ਸਮਾਜ ਦੇ ਇਕ ਵੱਡੇ ਅਤੇ ਰਸੂਖਦਾਾਰ ਤਬਕੇ ਨੂੰ ਬੱਕਰਵਾਲ ਕਿਹਾ ਜਾਂਦਾ ਹੈ। ਉਹਨਾਂ ਨੂੰ ਇਹ ਨਾਮ ਕਸ਼ਮੀਰੀ ਬੋਲਣ ਵਾਲੇ ਵਿਦਵਾਨਾਂ ਨੇ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਕਹੀਏ ਤਾਂ ਗੁੱਜਰ ਭਾਈਚਾਰੇ ਦੇ ਲੋਕਾਂ ਦਾ ਦੂਜਾ ਨਾਮ ਬੱਕਰਵਾਲ ਵੀ ਹੈ। ਬੱਕਰਵਾਲ ਭਾਈਚਾਰੇ ਨਾਲ ਜੁੜੇ ਲੋਕਾਂ ਦੀ ਵੱਡੀ ਗਿਣਤੀ ਭੇਡ-ਬੱਕਰੀਆਂ ਚਰਾਉਣ ਦਾ ਕੰਮ ਕਰਦੀ ਹੈ। ਅਜਿਹੇ ਬਹੁਤ ਸਾਰੇ ਨੇਤਾ ਹਨ ਜੋ ਬੱਕਰਵਾਲ ਹੁੰਦੇ ਹੋਏ ਵੀ ਆਪਣੇ ਆਪ ਨੂੰ ਗੁੱਜਰ ਨੇਤਾ ਕਹਾਉਣਾ ਪਸੰਦ ਕਰਦੇ ਹਨ। ਇਹਨਾਂ ਵਿਚ ਕੁਝ ਲੋਕ ਹਨ ਜੋ ਥੋੜ੍ਹਾ ਪੜ੍ਹ-ਲਿਖ ਗਏ ਹਨ ਅਤੇ ਲਗਾਤਾਰ ਇਸ ਕੋਸ਼ਿਸ਼ ਵਿਚ ਹਨ ਕਿ ਉਹਨਾਂ ਦੇ ਭਾਈਚਾਰੇ ਨਾਲ ਜੁੜੇ ਲੋਕ ਵੀ ਹੌਲੀ-ਹੌਲੀ ਹੀ ਸਹੀ ਆਪਣੇ ਕੰਮਕਾਜ ਠੀਕ ਢੰਗ ਨਾਲ ਚਲਾਉਣ ਲਈ ਥੋੜ੍ਹਾ ਬਹੁਤਾ ਪੜ੍ਹ-ਲਿਖ ਜਾਣ ਅਤੇ ਦੁਨੀਆ ਦੀ ਖਬਰ ਰੱਖਣ।

ਆਜ਼ਾਦੀ ਦੇ 70 ਸਾਲ ਲੰਘਣ ਤੋਂ ਬਾਅਦ ਵੀ ਇਹ ਲੋਕ ਆਪਣਾ ਗੁਜਾਰਾ ਖੁੱਲ੍ਹੇ ਅਸਮਾਨ ਅਤੇ ਪਹਾੜੀ ਇਲਾਕਿਆਂ ਵਿਚ ਕਰਦੇ ਹਨ ਅਤੇ ਆਪਣੇ ਮਾਲ ਮਵੇਸ਼ੀਆਂ ਨਾਲ ਰਹਿੰਦੇ ਹਨ।

ਇਕ ਲੰਮੇ ਸਮੇਂ ਤੋਂ ਗੁੱਜਰ ਅਤੇ ਬੱਕਰਵਾਲਾਂ ਦੇ ਜੀਵਨ ਨਾਲ ਜੁੜੇ ਪਹਿਲੂਆਂ 'ਤੇ ਖੋਜ ਕਰ ਰਹੇ ਜਾਵੇਦ ਰਾਹੀ ਜੋ ਕਿ ਇਕ ਸਕੱਤਰ ਦੀ ਹੈਸੀਅਤ ਤੋਂ ਟ੍ਰਾਇਬਲ ਰਿਸਰਚ ਅਤੇ ਕਲਚਰਲ ਫਾਊਂਡੇਸ਼ਨ ਨਾਲ ਵੀ ਜੁੜੇ ਹਨ। ਉਹਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਗੁੱਜਰ ਅਤੇ ਬੱਕਰਵਾਲ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਉਹਨਾਂ ਮੁਤਾਬਕ ਕੁਝ ਗੁੱਜਰ ਅਤੇ ਬੱਕਰਵਾਲ ਪੂਰੀ ਤਰ੍ਹਾਂ ਨਾਲ ਖਾਨਾਬਦੋਸ਼ ਹੁੰਦੇ ਹਨ, ਉਹਨਾਂ ਨੂੰ 'ਫੁਲੀ ਨੋਮੈਡ' ਕਿਹਾ ਜਾਂਦਾ ਹੈ। ਇਹ ਲੋਕ ਸਿਰਫ ਜੰਗਲਾਂ ਵਿਚ ਗੁਜ਼ਾਰਾ ਕਰਦੇ ਹਨ ਅਤੇ ਉਹਨਾਂ ਕੋਲ ਟਿਕਾਣਾ ਨਹੀਂ ਹੁੰਦਾ।

ਦੂਜੀ ਸ਼੍ਰੇਣੀ ਵਿਚ 'ਸੈਮੀ ਨੋਮੈਡ' ਆਉਂਦੇ ਹਨ। ਜਾਵੇਦ ਰਾਹੀ ਮੁਤਾਬਕ ਇਹ ਉਹ ਲੋਕ ਹਨ, ਜਿਹਨਾਂ ਦੇ ਕੋਲ ਕਿਤੇ ਇਕ ਥਾਂ ਰਹਿਣ ਦਾ ਟਿਕਾਣਾ ਹੈ। ਉਹ ਆਲੇ-ਦੁਆਲੇ ਜੰਗਲਾਂ ਵਿਚ ਕੁਝ ਸਮੇਂ ਲਈ ਚਲੇ ਜਾਂਦੇ ਹਨ ਤੇ ਕੁਝ ਸਮਾਂ ਬਿਤਾ ਕੇ ਵਾਪਸ ਆਪਣੇ ਡੇਰੇ 'ਤੇ ਆ ਜਾਂਦੇ ਹਨ।

ਤੀਜੀ ਸ਼੍ਰੇਣੀ ਵਿਚ 'ਮਾਈਗ੍ਰੇਸ਼ਰੀ ਨੋਮੈਡ' ਆਉਂਦੇ ਹਨ, ਜਿਹਨਾਂ ਕੋਲ ਪਹਾੜੀ ਇਲਾਕਾ ਵਿਚ ਘਰ ਮੌਜੂਦ ਹੈ ਅਤੇ ਇੱਥੇ ਮੈਦਾਨੀ ਇਲਾਕਿਆਂ ਵਿਚ ਵੀ ਰਹਿਣ ਦਾ ਟਿਕਾਣਾ ਹੈ।

ਗੁੱਜਰ ਅਤੇ ਬੱਕਰਵਾਲ ਹਿੰਦੁਸਤਾਨ ਵਿਚ 12 ਸੂਬਿਆਂ ਵਿਚ ਹਨ। ਇਸ ਤੋਂ ਇਲਾਵਾ ਇਹ ਕਬੀਲਾ ਵੱਡੀ ਗਿਣਤੀ ਵਿਚ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਵੀ ਮੌਜੂਦ ਹੈ।

ਜਾਵੇਦ ਰਾਹੀ ਮੁਤਾਬਕ ਇਹਨਾਂ ਦੀ ਜੁਬਾਨ, ਇਹਨਾਂ ਦਾ ਲਿਬਾਸ, ਇਹਨਾਂ ਦਾ ਖਾਣ-ਪੀਣ ਅਤੇ ਰਹਿਣ-ਸਹਿਣ ਇਹਨਾਂ ਦੀ ਪਛਾਣ ਹੈ। ਇੰਨਾ ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਅੱਜ ਤੱਕ ਉਹਨਾਂ ਵਿਚ ਕੋਈ ਬਦਲਾਅ ਨਹੀਂ ਆਇਆ। ਇਸ ਦਾ ਇਕ ਕਾਰਨ ਤੇਜ਼ੀ ਨਾਲ ਬਦਲ ਰਹੀ ਦੁਨੀਆ ਨਾਲ ਉਹਨਾਂ ਦਾ ਸਿੱਧਾ ਸੰਪਰਕ ਨਾ ਹੋਣਾ ਮੰਨਿਆ ਜਾਂਦਾ ਹੈ।

ਜਾਵੇਦ ਰਾਹੀ ਦੱਸਦੇ ਹਨ ਕਿ ਇਕ ਲੰਮੇ ਸੰਘਰਸ਼ ਤੋਂ ਬਾਅਦ 1991 ਵਿਚ ਬਕਰਵਾਲਾਂ ਨੂੰ ਟ੍ਰਾਈਬਸ ਦਾ ਸਟੇਟਸ ਮਿਲਿਆ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ ਰਿਆਸਤ ਜੰਮੂ-ਕਸ਼ਮੀਰ ਵਿਚ ਗੁੱਜਰ ਬਕਰਵਾਲ ਦੀ ਕੁੱਲ ਆਬਾਦੀ ਲੱਗਭੱਗ 12 ਲੱਖ ਦੇ ਕਰੀਬ ਹੈ ਜੋ ਕਿ ਰਿਆਸਤ ਦੀ ਜਨਸੰਖਿਆ ਦਾ 11 ਫੀਸਦੀ ਹਿੱਸਾ ਹੇ।

ਜਾਵੇਦ ਰਾਹੀ ਨੇ ਦੱਸਿਆ ਕਿ ਮਰਦਮਸ਼ੁਮਾਰੀ ਮੁਤਾਬਕ 9.80 ਲੱਖ ਗੁੱਜਰ ਅਤੇ 2.17 ਲੱਖ ਬੱਕਰਵਾਲ ਜੰਮੂ-ਕਬਮੀਰ ਵਿਚ ਰਹਿ ਰਹੇ ਹਨ। ਇਹ ਅੰਕੜਾ ਵੀ ਸਟੀਕ ਨਹੀਂ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਜਿਸ ਵੇਲੇ ਅਧਿਕਾਰੀ ਜ਼ਮੀਨ 'ਤੇ ਇਸ ਕਾਰਵਾਈ ਨੂੰ ਅੰਜ਼ਾਮ ਦੇ ਰਹੇ ਸਨ, ਉਸ ਵੇਲੇ ਵੱਡੀ ਗਿਣਤੀ ਵਿਚ ਬੱਕਰਵਾਲ ਲੋਕ ਆਪਣੀ ਧੋਕ ਵਿਚ ਸਨ ਅਤੇ ਕੁਝ ਖਾਨਾਬਦੋਸ਼ ਸਨ। ਇਸ ਕਾਰਨ ਗਿਣਤੀ ਠੀਕ ਢੰਗ ਨਾਲ ਨਹੀਂ ਹੋ ਸਕੀ। ਉਹਨਾਂ ਦੇ ਅੰਦਾਜ਼ੇ ਮੁਤਾਬਕ ਅਜਿਹੇ ਬੱਕਰਵਾਲ/ਗੁੱਜਰ ਲੋਕ ਕਰੀਬ 5-6 ਲੱਖ ਵਿਚਾਲੇ ਹਨ।

### ਬੱਕਰਵਾਲਾਂ ਦੀ ਮਾਲੀ ਹਾਲਤ

ਆਪਣੇ ਮਾਲ ਮਵੇਸ਼ੀਆਂ ਨੂੰ ਵੇਚ ਕੇ ਆਪਣਾ ਗੁਜਾਰਾ ਕਰਨ ਵਾਲੇ ਬੱਕਰਵਾਲ ਲੋਕ ਮੋਟੇ ਤੌਰ 'ਤੇ ਭੇਡ-ਬੱਕਰੀਆਂ, ਘੋੜੇ ਅਤੇ ਕੁੱਤਿਆਂ ਨੂੰ ਪਾਲਦੇ ਹਨ।

ਰਿਆਸਤ ਜੰਮੂ ਅਤੇ ਕਸ਼ਮੀਰ ਵਿਚ ਜੋ ਗੋਸ਼ਤ (ਮਟਨ) ਦੀ ਮੰਗ ਹੈ ਉਹ ਰਾਜਸਥਾਨ ਦੇ ਰਸਤੇ ਮੰਗਵਾਏ ਗਏ ਜਾਨਵਰਾਂ ਤੋਂ ਪੂਰੀ ਕੀਤੀ ਜਾਂਦੀ ਹੈ। ਰਿਅਸਤ ਵਿਚ ਵੱਸੇ ਗੁੱਜਰ-ਬੱਕਰਵਾਲ ਮੋਟੇ ਤੌਰ 'ਤੇ ਈਦ ਦੇ ਮੌਕੇ ਤੇ ਤਿਓਹਾਰ ਵੇਲੇ ਅਤੇ ਰਵਾਇਤੀ ਰੀਤੀ-ਰਿਵਾਜ਼ਾਂ ਵੇਲੇ ਸਥਾਨਕ ਲੋਕਾਂ ਦੀ ਮੰਗ ਪੂਰੀ ਕਰਦੇ ਹਨ।

ਜਾਵੇਦ ਰਾਹੀ ਮੁਤਾਬਕ ਅਜਿਹਾ ਇਸ ਲਈ ਹੈ ਕਿ ਬੱਕਰਵਾਲਾਂ ਕੋਲ ਜੋ ਮਾਲ ਮਵੇਸ਼ੀ ਹੁੰਦਾ ਹੈ ਉਸ ਨੂੰ ਸਥਾਨਕ ਲੋਕ ਆਪਣੇ ਰਸੋਈ ਵਿਚ ਪਕਾਉਣਾ ਪਸੰਦ ਕਰਦੇ ਹਨ। ਬੱਕਰਵਾਲ ਭਾਈਚਾਰੇ ਦੇ ਲੋਕ ਅੱਜ ਵੀ ਆਪਣੀ ਵਰਤੋਂ ਲਈ ਕੰਮ ਆਉਣ ਵਾਲੇ ਸਮਾਨ ਬਾਰਟਰ ਸਿਸਟਮ ਨਾਲ ਹੀ ਖਰੀਦਦੇ ਹਨ। ਇਹਨਾਂ ਲੋਕਾਂ ਦੇ ਬੈਂਕ ਖਾਤੇ ਨਹੀਂ ਹੁੰਦੇ ਨਾ ਹੀ ਬੈਂਕਿੰਗ ਸਿਸਟਮ ਵਿਚ ਇਹਨਾਂ ਦਾ ਵਿਸ਼ਵਾਸ ਹੁੰਦਾ ਹੈ।

ਉਹਨਾਂ ਮੁਤਾਬਕ ਇਕ ਲੰਮੇ ਸਮੇਂ ਤੋਂ ਉਹਨਾਂ ਦੀ ਇਹ ਮੰਗ ਰਹੀ ਹੈ ਕਿ ਲੋੜ ਮੁਤਾਬਕ ਉਹਨਾਂ ਨੂੰ ਫੂਡ ਸਕਿਊਰਟੀ ਦਿੱਤੀ ਜਾਵੇ ਪਰ ਸਰਕਾਰ ਅਜੇ ਤੱਕ ਕੋਈ ਠੋਸ ਪਾਲਸੀ ਨਹੀਂ ਬਣਾ ਸਕੀ, ਜਿਸ ਨਾਲ ਉਹਨਾਂ ਦੀ ਇਹ ਮੰਗ ਪੂਰੀ ਕੀਤੀ ਜਾ ਸਕੇ। ਸਰਕਾਰ ਨੂੰ ਇਹ ਸਿਫਾਰਸ਼ ਕੀਤੀ ਗਈ ਹੈ ਪਰ ਅਜੇ ਤੱਕ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਸਰਕਾਰ ਅਜੇ ਤੱਕ ਇਸ ਗੱਲ ਨੂੰ ਸਮਝ ਨਹੀਂ ਸਕੀ ਕਿ ਇਹ ਲੋਕ ਇਕ ਥਾਂ ਨਹੀਂ ਵੱਸੇ ਹੋਏ। ਜੇਕਰ ਸਰਕਾਰ ਨੂੰ ਇਹਨਾਂ ਦੀ ਮਦਦ ਕਰਨੀ ਹੈ ਤਾਂ ਕੋਈ ਅਨੋਖੀ ਸਕੀਮ ਬਣਾਉਣੀ ਪਵੇਗੀ, ਜਿਸ ਵਿਚ ਇਹਨਾਂ ਦੀ ਮਦਦ ਕਰਨ ਵਾਲਾ ਮੋਬਾਇਲ ਸਿਸਟਮ ਹੋਵੇ ਪਰ ਅੱਜ ਤੱਕ ਅਜਿਹਾ ਨਹੀਂ ਹੋ ਸਕਿਆ।

### ਸਮਾਜਿਕ ਸੁਰੱਖਿਆ ਅਤੇ ਸਿਹਤ

ਬੱਕਰਵਾਲ ਭਾਈਚਾਰੇ ਦੇ ਲੋਕ ਅੱਜ ਵੀ ਗਿਣਤੀ ਵਿਚ ਪੜ੍ਹਾਈ ਤੋਂ ਵਾਂਝੇ ਹਨ। ਸਰਕਾਰ ਨੇ ਆਪਣੇ ਵੱਲੋਂ ਵੱਡੀ ਗਿਣਤੀ ਵਿਚ ਮੋਬਾਇਲ ਸਕੂਲਾਂ ਦਾ ਇੰਤਜ਼ਾਮ ਕੀਤਾ। ਥੋੜ੍ਹਾ ਬਹੁਤ ਪੜ੍ਹ ਲਿਖ ਕੇ ਨਿਕਲੇ ਨੌਜਵਾਨਾਂ ਨੂੰ ਇਹਨਾਂ ਮੋਬਾਇਲ ਸਕੂਲਾਂ ਵਿਚ ਨੌਕਰੀ ਵੀ ਦਿੱਤੀ ਪਰ ਅੱਜ ਤੱਕ ਇਸ ਸਕੀਮ ਦੀ ਸਫਲਤਾ ਤੇ ਸਵਾਲੀਆ ਨਿਸ਼ਾਨ ਲੱਗੇ ਹੋਏ ਹਨ।

ਉਹਨਾਂ ਨੇ ਤਾਜ਼ਾ ਹਾਲਾਤ ਦੇ ਹਵਾਲੇ ਨਾਲ ਸਰਕਾਰ ਤੋਂ ਬੱਸ ਇਕ ਹੀ ਮੰਗ ਰੱਖੀ ਹੈ ਕਿ ਉਹਨਾਂ ਨੂੰ ਅਤੇ ਉਹਨਾਂ ਦੇ ਡੇਰਿਆਂ ਨੂੰ ਉਜਾੜਿਆ ਨਾ ਜਾਵੇ।

### ਦੇਸ਼ ਭਗਤ ਹਨ ਗੁੱਜਰ ਬੱਕਰਵਾਲ

ਦੇਸ਼ ਦੀ ਸੀਮਾ ਨਾਲ ਲੱਗਦੇ ਇਲਾਕਿਆਂ ਵਿਚ ਰਹਿਣ ਵਾਲੇ ਗੁੱਜਰ ਬੱਕਰਵਾਲ ਭਾਈਚਾਰੇ ਦੇ ਲੋਕ ਦੇਸ਼ ਦੀ ਰੱਖਿਆ ਵਿਚ ਲਗਾਤਾਰ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਜਾਵੇਦ ਰਾਹੀ ਨੇ ਦੱਸਿਆ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਜਦੋਂ ਸੀਮਾ ਤੇ ਸੈਨਾਂ ਨੂੰ ਕਿਸੇ ਮਦਦ ਦੀ ਲੋੜ ਪਈ ਤਾਂ ਗੁੱਜਰ ਬੱਕਰਵਾਲ ਪਰਿਵਾਰਾਂ ਨੇ ਅੱਗੇ ਹੋ ਕੇ ਸੈਨਾ ਦੀ ਮਦਦ ਕੀਤੀ ਅਤੇ ਅੱਗੇ ਦੀਆਂ ਚੌਂਕੀਆਂ ਤੱਕ ਰਸਦ ਪਹੁੰਚਾਉਣ ਵਿਚ ਸਦਾ ਅਹਿਮ ਭੂਮਿਕਾ ਨਿਭਾਈ। ਜਿੱਥੇ ਜਿੱਥੇ ਗੁੱਜਰ ਬੱਕਰਵਾਲ ਭਾਈਚਾਰੇ ਦੇ ਲੋਕ ਮੈਦਾਨ ਜਾਂ ਪਹਾੜੀ ਇਲਾਕਿਆਂ ਵਿਚ ਵੱਸੇ ਹਨ, ਕਦੇ ਵੀ ਉਹਨਾਂ ਖਿਲਾਫ ਕੋਈ ਸ਼ਿਕਾਇਤ ਦਰਜ ਨਹੀਂ ਹੋਈ। ਹਮੇਸ਼ਾ ਤੋਂ ਹੀ ਇਸ ਭਾਈਚਾਰੇ ਨੇ ਅਮਨ ਅਤੇ ਸ਼ਾਂਤੀ ਬਹਾਲੀ ਲਈ ਕੁਰਬਾਨੀ ਦਿੱਤੀ ਅਤੇ ਸਮਾਜਿਕ ਰਿਸ਼ਤਾ ਮਜ਼ਬੂਤ ਰੱਖਣ ਲਈ ਮਹੱਤਵਪੂਰਨ ਯੋਗਦਾਨ ਪਾਇਆ। ਇਕ ਵੱਡੀ ਸੰਖਿਆ ਵਿਚ ਰਿਆਸਤ ਜੰਮੂ ਅਤੇ ਕਸ਼ਮੀਰ ਦੇ ਪੁਲਿਸ ਵਿਭਾਗ ਵਿਚ, ਯੂਨੀਵਰਸਿਟੀ ਵਿਚ, ਗੁੱਜਰ ਭਾਈਚਾਰੇ ਦੇ ਲੋਕ ਆਪਣਾ ਯੋਗਦਾਨ ਦੇ ਰਹੇ ਹਨ ਅਤੇ ਰਿਅਸਤ ਦੀ ਬਿਹਤਰੀ ਲਈ ਮੋਢੇ ਨਾਲ ਮੋਢਾ ਮਿਲਾ ਕੇ ਤੁਰ ਰਹੇ ਹਨ।

# ਆਲ ਇੰਡੀਆ ਜੂਡੀਸ਼ੀਅਲ ਸਰਵਿਸ ਦੀ ਸਥਾਪਨਾ 'ਤੇ ਵਿਚਾਰ ਹੋਵੇ

ਕਈ ਵਾਰ ਸੁਣਨ ਵਿਚ ਆਉਂਦਾ ਹੈ ਕਿ ਮੈਂ ਤੈਨੂੰ ਹੁਣ ਅਦਾਲਤ ਵਿਚ ਹੀ ਵੇਖਾਂਗਾ। ਜਦੋਂ ਰਾਜਨੇਤਾ, ਸਰਕਾਰੀ ਪ੍ਰਸ਼ਾਸਨ, ਪੁਲਿਸ ਆਦਿ ਦੋਂ ਆਮ ਆਦਮੀ ਨਿਰਾਸ਼ ਹੋ ਜਾਂਦਾ ਹੈ ਤਾਂ ਉਸ ਦੀ ਟੇਕ ਸਿਰਫ ਅਦਾਲਤ 'ਤੇ ਰਹਿ ਜਾਂਦੀ ਹੈ। ਹੇਠਲੀਆਂ ਅਦਾਲਤਾਂ ਤੇ ਕੇਸਾਂ ਦਾ ਬੋਝ ਇਤਨਾ ਹੈ ਕਿ ਜਲਦੀ-ਜਲਦੀ ਕੇਸ ਦਾ ਫੈਸਲਾ ਸੰਭਵ ਨਹੀਂ ਹੋ ਪਾਉਂਦਾ ਫਿਰ ਨੋਟਿਸ ਅਤੇ ਉਸ ਦੀ ਸਰਵਿਸ ਆਪਣੇ-ਆਪ ਵਿਚ ਹੀ ਇਕ ਗੰਭੀਰ ਮਸਲਾ ਹੈ। ਪਹਿਲਾਂ ਨੋਟਿਸ ਡਾਕ ਰਾਹੀਂ ਜਾਂਦਾ ਹੈ ਜਾਂ ਕੋਰਟ ਦਾ ਪਿਆਦਾ ਲੈ ਕੇ ਜਾਂਦਾ ਹੈ, ਫਿਰ ਰਜਿਸਟਰਡ ਪੋਸਟ ਰਾਹੀਂ ਭੇਜਿਆ ਜਾਂਦਾ ਹੈ, ਜੇਕਰ ਫਿਰ ਵੀ ਦੂਸਰੀ ਧਿਰ ਨਾ ਆਵੇ ਤਾਂ ਫਿਰ ਮਸ਼ਤਰੀ ਮੁਨਾਦੀ ਕਰਵਾਈ ਜਾਂਦੀ ਹੈ ਤੇ ਅਖੀਰ ਵਿਚ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਂਦੇ ਹਨ ਤਾਂ ਕਿ ਕੋਈ ਵੀ ਵਿਅਕਤੀ ਅਣਸੁਣਿਆ ਨਾ ਰਹਿ ਜਾਵੇ ਅਤੇ ਕਿਸੇ ਨੂੰ ਗੈਰ ਮੌਜੂਦਗੀ ਵਿਚ ਬਿਨਾਂ ਸੁਣਵਾਈ ਬੇਇਨਸਾਫੀ ਸਹਿਣੀ ਨਾ ਪੈ ਜਾਵੇ। ਇਸ ਪਾਰਦਰਸ਼ੀ ਪ੍ਰਕਿਰਿਆ ਦੇ ਬਾਵਜੂਦ ਵੀ ਕਈ ਲੋਕੀ ਕਈ ਤਰੀਕੇ ਕੱਢ ਲੈਂਦੇ ਹਨ ਜਿਸ ਕਾਰਨ ਨੋਟਿਸ ਦੂਸਰੀ ਧਿਰ ਤੱਕ ਪਹੁੰਚ ਹੀ ਨਾ ਸਕੇ। ਜੱਜ ਦੇ ਦਫਤਰਾਂ ਵਿਚ ਮਿਲੀਭੁਗਤ, ਡਾਕ ਵਿਭਾਗ ਦੇ ਕਰਮਚਾਰੀਆਂ ਨਾਲ ਮਿਲੀਭੁਗਤ, ਪਿੰਡ, ਗਲੀ, ਮੁਹੱਲੇ ਦੇ ਚੌਂਕੀਦਾਰ ਤੋਂ ਫਰਜ਼ੀ ਮੁਨਾਦੀ ਅਤੇ ਅਖਬਾਰਾਂ ਵਿਚ ਫਰਜ਼ੀ ਇਸ਼ਤਿਹਾਰ ਜਿਵੇਂ ਕਿ ਉਸ ਅਖਬਾਰ ਵਿਚ ਇਸ਼ਤਿਹਾਰ ਦੇਣਾ ਜਿਸ ਦੇ ਨਾਂ ਬਾਰੇ ਵੀ ਲੋਕਾਂ ਨੂੰ ਪਤਾ ਨਾ ਹੋਵੇ। ਇਸ ਸਾਰੇ ਦੇ ਬਾਵਜੂਦ ਵੀ ਅਦਾਲਤਾਂ ਵੱਲੋਂ ਜ਼ੋਰ ਲਾਇਆ ਜਾਂਦਾ ਹੈ ਕਿ ਛੇਤੀ ਤੋਂ ਛੇਤੀ ਕੇਸ ਦਾ ਨਿਪਟਾਰਾ ਹੋ ਜਾਵੇ। ਕਈ ਵਾਰ ਵਕੀਲ ਹੀ ਕੇਸ ਨੂੰ ਸਿਰੇ ਨਹੀਂ ਲੱਗਣ ਦਿੰਦੇ, ਕਿਉਂਕਿ ਉਸ ਕੇਸ ਦਾ ਫੈਸਲਾ ਹੋ ਜਾਣਾ ਉਹਨਾਂ ਨੂੰ ਕਈ ਕਾਰਨਾਂ ਕਰਕੇ ਸੁਖਾਉਂਦਾ ਨਹੀਂ। ਖੈਰ ਆਮ ਾਦਮੀ ਦੀ ਟੇਕ ਜ਼ਿਲ੍ਹਾ ਅਦਾਲਤਾਂ ਤੋਂ ਉਪਰ ਹਾਈ ਕੋਰਟ ਜਾਂ ਸੁਪਰੀਮ ਕੋਰਟ ਤੱਕ ਰਹਿੰਦੀ ਹੈ। ਆਮ ਆਦਮੀ ਇਸ ਆ 'ਤੇ ਜਿਉਂਦਾ ਰਹਿੰਦਾ ਹੈ ਕਿ ਹਾਲੇ ਦੋ ਉਚ ਅਦਾਲਤਾਂ ਹੋਰ ਪਈਆਂ ਹਨ। ਜੇਕਰ ਇਨਸਾਫ ਨਾ ਮਿਲਿਆ ਤਾਂ ਰਾਸਤਾ ਅਜੇ ਬੰਦ ਨਹੀਂ ਹੋਇਆ। ਅਪੀਲ ਕੀਤੀ ਜਾਵੇਗੀ, ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਬੈਠੇ ਜੱਜ ਜਿਹਨਾਂ ਨੂੰ ਵਕੀਲ 'ਮਾਈ ਲਾਰਡ' ਕਹਿ ਕੇ ਸੰਬੋਧਨ ਕਰਦੇ ਹਨ ਭਾਵ ਕਿ ਤੁਸੀਂ ਭਗਵਾਨ ਹੋ, ਈਸ਼ਵਰ ਹੋ, ਅੱਲਾ ਹੋ, ਵਾਹਿਗੁਰੂ ਹੋ ਅਤੇ ਸਾਡੀ ਜ਼ਿੰਦਗੀ ਦੀ ਡੋਰ ਹੁਣ ਤੁਹਾਡੇ ਹੱਥ ਵਿਚ ਹੈ। ਭਾਵੇਂ ਕਈ ਵਾਰ ਸੁਣਨ ਵਿਚ ਆਇਆ ਹੈ ਕਿ ਉਚ ਅਦਾਲਤਾਂ ਨੇ ਅਜਿਹੇ ਸੰਬੋਧਨ ਲਈ ਵਕੀਲਾਂ ਨੂੰ ਮਨ੍ਹਾ ਵੀ ਕੀਤਾ ਹੈ ਪਰ ਚਾਪਲੂਸੀ ਦੀ ਆੜ ਕਾਰਨ ਜਾਂ ਜੱਜ ਸਾਹਿਬ ਨੂੰ ਖੁਸ਼ ਕਰਨ ਖਾਤਰ ਵਕੀਲ ਜੱਜਾਂ ਨੂੰ 'ਮਾਈ ਲਾਰਡ' ਕਹਿੰਦੇ ਨਹੀਂ ਥੱਕਦੇ। ਕਈ ਵਾਰ ਤਾਂ 'ਪਲੀਜ਼ ਮਾਈ ਲਾਰਡ' ਕਹਿੰਦੇ ਸੁਣੇ ਜਾਂਦੇ ਹਨ ਭਾਵੇਂ ਫੈਸਲਾ ਉਹਨਾਂ ਦੇ ਖਿਲਾਫ ਹੀ ਦੇ ਦਿੱਤਾ ਜਾਵੇ। ਅਦਾਲਤ ਦੀ ਇੱਜ਼ਤ ਕੀਤੀ ਜਾਣੀ ਵਾਜਬ ਹੈ। ਪਰ ਇਹ ਇੱਜਤ ਦਿਲੋਂ ਹੋਣੀ ਚਾਹੀਦੀ ਹੈ ਨਾ ਕਿ ਕਿਸੇ ਭੈਅ ਜਾਂ ਹੋਰ ਕਾਰਨ ਕਰਕੇ। ਭਾਰਤ ਦੇਸ਼ ਦੁਨੀਆਂ ਦੇ ਖਿੱਤੇ ਵਿਚ ਅਜੀਬ ਦੇਸ਼ ਹੈ। ਦੁਨੀਆਂ ਦੀਆਂ ਪੁਰਾਣੀਆਂ ਸਭਿਆਤਾਵਾਂ ਵਿਚੋਂ ਇਕ ਹੋਰ ਕਾਰਨ ਤੇ ਵੀ ਭਾਰਤ ਵੀ ਸਦੀਆਂ ਗੁਲਾਮ ਰਹੇ। ਇਸ ਦਾ ਕਾਰਨ ਵਿਦੇਸ਼ੀਆਂ ਦਾ ਤਾਕਤਵਰ ਹੋਣਾ ਨਹੀਂ ਸੀ, ਭਾਰਤੀਆਂ ਦੀ ਬੇਤੁਕੀ ਅਤੇ ਮਾੜੀ ਸਮਾਜਿਕ ਵਿਵਸਥਾ ਸੀ। ਬਹੁ-ਗਿਣਤੀ ਲੋਕਾਂ ਨੂੰ ਅਨਪੜ੍ਹ-ਜਾਹਲ ਅਤੇ ਮਾਨਸਿਕ ਗੁਲਾਮ ਬਣਨ ਲਈ ਸਦੀਆਂ ਤੋਂ ਮਜਬੂਰ ਕਰੀ ਰੱਖਿਆ। ਜਿਸ ਕਾਰਨ ਭਾਰਤੀ ਲੋਕ ਵਿਦੇਸ਼ੀ ਹਮਲਾਵਰਾਂ ਦਾ ਸਾਹਮਣਾ ਨਾ ਕਰ ਸਕੇ, ਹਾਰ ਗਏ ਅਤੇ ਗੁਲਾਮ ਬਣਦੇ ਗਏ। ਤ੍ਰਾਸਦੀ ਇਹ ਰਹੀ ਕਿ ਸਮਾਜਿਕ ਤੌਰ 'ਤੇ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਦੀ ਭਾਵਨਾਂ ਨੇ ਉਹਨਾਂ ਨੂੰ ਆਪ ਵੀ ਗੁਲਾਮ ਰਹਿਣ ਲਈ ਮਜਬੂਰ ਕਰ ਦਿੱਤਾ। ਜਦੋਂ ਅੰਗਰੇਜ਼ ਡੇਢ ਦੋ ਸੌ ਸਾਲ ਰਾਜ ਕਰਕੇ ਮੁਲਕ ਨੂੰ ਆਜ਼ਾਦ ਕਰਕੇ ਵਾਪਸ ਚਲੇ ਗਏ ਤਾਂ ਵੀ ਇਹਨਾਂ ਲੋਕਾਂ ਨੇ ਆਨੇ-ਬਹਾਨੇ ਸਾਰੇ ਤੰਤਰ ਨੂੰ ਮਨੂੰਵਾਦੀ ਲੀਹਾਂ 'ਤੇ ਤੋਰਨ ਵਿਚ ਕੋਈ ਕਸਰ ਨਹੀਂ ਛੱਡੀ। ਭਾਰਤ ਦੀਆਂ ਉਚ ਅਦਾਲਤਾਂ ਅੱਜ ਦੁਨੀਆਂ ਭਰ ਵਿਚ ਹਾਸੇ ਮਜ਼ਾਕ ਦਾ ਸਬੱਬ ਬਣਦੀਆਂ ਜਾ ਰਹੀਆਂ ਹਨ। ਇਸ ਲਈ ਕੌਣ ਜ਼ਿੰਮੇਵਾਰ ਹੈ? ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਖਿਲਾਫ ਰਿਸ਼ਵਤ ਦੇ ਦੋਸ਼, ਭਾਈ-ਭਤੀਜਾਵਾਦ ਨੂੰ ਪ੍ਰਮੋਟ ਕਰਨਾ, ਅੰਕਲ ਜੱਜ ਦਾ ਕਲਚਰ, ਕਈ ਵਾਰੀ ਮੀਡੀਆ ਵਿਚ ਦੇਖਣ ਸੁਣਨ ਨੂੰ ਮਿਲਿਆ ਹੈ। ਇਕ ਉਤਰ-ਪੂਰਬ ਰਾਜ ਦੇ ਮੁੱਖ ਮੰਤਰੀ ਵੱਲੋਂ ਸੁਪਰੀਮ ਕੋਰਟ ਦੇ ਜੱਜ ਨੂੰ ਖੁਦਕੁਸ਼ੀ ਲਈ ਜ਼ਿੰਮੇਵਾਰ ਠਹਿਰਾਉਣਾ, ਜਸਟਿਸ ਕਾਰਨਨ ਵੱਲੋਂ ਜੱਜਾਂ ਦੇ ਖਿਲਾਫ ਭ੍ਰਿਸ਼ਟਾਚਾਰ ਸਬੰਧੀ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਣਾ, ਸੁਪਰੀਮ ਕੋਰਟ ਦੇ ਜੱਜਾਂ ਦਾ ਜੈਲਲਿਤਾ (ਸਾਬਕਾ ਮੁੱਖ ਮੰਤਰੀ) ਵਰਗੇ ਅਹਿਮ ਕੇਸਾਂ ਦੀ ਸਾਲ ਤੋਂ ਵੀ ਵੱਧ ਸਮੇਂ ਲਈ ਫੈਸਲਾ ਦੱਬ ਕੇ ਬੈਠੇ ਰਹਿਣਾ ਆਦਿ ਆਮ ਆਦਮੀ ਦੇ ਮਨ ਵਿਚ ਕਈ ਸਵਾਲ ਪੈਦਾ ਕਰਦਾ ਹੈ। ਭਾਰਤੀ ਸੰਵਿਧਾਨ ਵਿਚ ਬਹੁਤ ਸਾਫ ਲਿਖਿਆ ਹੈ ਕਿ ਕਾਨੂੰਨ ਬਣਾਉਣਾ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਦਾ ਕੰਮ ਹੈ। 20 ਮਾਰਚ 2018 ਨੂੰ ਮਾਣਯੋਗ ਸੁਪਰੀਮ ਕੋਰਟ ਨੇ ਐਸ. ਸੀ. ਐਸ. ਟੀ. ਐਕਟ ਸਬੰਧੀ ਗਾਈਡ ਲਾਈਨਾਂ ਜਾਰੀ ਕਰਕੇ ਨਵਾਂ ਐਕਟ ਬਣਾ ਦਿੱਤਾ। ਕੀ ਸੁਪਰੀਮ ਕੋਰਟ ਕੋਲ ਕੋਈ ਅਜਿਹਾ ਅਧਿਕਾਰ ਹੈ? ਅਪ੍ਰੈਲ 2, 2018 ਨੂੰ ਭਾਰਤ ਦਲਿਤ ਬੰਦ ਵਿਚ ਜੋ ਗਿਆਰਾਂ ਮੌਤਾਂ ਹਈਆਂ, ਕੀ ਉਸ ਦੀ ਜ਼ਿੰਮੇਵਾਰੀ ਕੋਈ ਤਹਿ ਕਰੇਗਾ? ਕੀ ਮਾਣਯੋਗ ਸੁਪਰੀਮ ਕੋਰਟ ਨੇ ਇਸ ਘਟਨਾ ਦਾ ਨੋਟਿਸ ਲਿਆ ਹੈ? ਕੀ ਦਲਿਤਾਂ ਦੀ ਜਾਨ ਦਾ ਕੋਈ ਮੁੱਲ ਨਹੀਂ ਹੈ? ਦਲਿਤਾਂ ਦੀ ਆਬਾਦੀ ਲੱਗਭੱਗ 35 ਕਰੋੜ ਹੈ। ਕੀ ਦਲਿਤਾਂ ਵਿਚ ਇਕ ਵੀ ਯੋਗ ਵਿਅਕਤੀ ਨਹੀਂ ਜੋ ਕਿਸੇ ਵੀ ਰਾਜ ਦੀ ਹਾਈ ਕੋਰਟ ਦਾ ਮੁੱਖ ਜੱਜ ਬਣਨ ਦਾ ਕਾਬਲ ਹੋਵੇ? ਕੀ ਅਜਿਹਾ ਕੋਈ ਦਲਿਤ ਵਕੀਲ ਨਹੀਂ ਜੋ ਸਿੱਧਾ ਸੁਪਰੀਮ ਕੋਰਟ ਦਾ ਜੱਜ ਥਾਪਿਆ ਜਾ ਸਕੇ? ਜਦੋਂ 2010 ਵਿਚ ਜੀ. ਬਾਲਾਕ੍ਰਿਸ਼ਨਨ ਚੀਫ ਜਸਟਿਸ ਸੁਪਰੀਮ ਕੋਰਟ ਨੇ ਸ੍ਰੀ ਦਿਨਾਕਰਨ ਨੂੰ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕਰਨਾ ਚਾਹਿਆ ਤਾਂ ਸਾਰੇ ਮਾਣਯੋਗ ਜੱਜ ਉਸ ਦੇ ਮਗਰ ਹੱਥ ਧੋ ਕੇ ਪੈ ਗਏ। ਡਾ. ਅੰਬੇਡਕਰ ਨੇ ਇਕ ਵਾਰੀ ਸ੍ਰੀ ਮੋਹਨ ਦਾਸ ਕਰਮਚੰਦ ਗਾਂਧੀ ਨੂੰ ਭਰੇ ਮਨ ਨਾਲ ਉਲਾਂਭਾ ਦਿੱਤਾ ਸੀ ਕਿ, 'ਮੈਂ ਉਸ ਦੇਸ਼ ਨੂੰ ਆਪਣਾ ਦੇਸ਼ ਕਿਵੇਂ ਕਹਾਂ ਜਿੱਥੇ ਮੇਰੇ ਸਮਾਜ ਨਾਲ ਕੁੱਤੇ ਬਿੱਲੀਆਂ ਤੋਂ ਵੀ ਭੈੜਾ ਵਿਵਹਾਰ ਕੀਤਾ ਜਾਂਦਾ ਹੈ? ਜਿੱਥੇ ਮੇਰੇ ਸਮਾਜ ਨੂੰ ਭੁੱਖਾ ਪੇਟ ਭਰਨ ਲਈ ਮੁਰਦਾ ਪਸ਼ੂਆਂ ਦਾ ਮਾਸ ਖਾਣ ਲਈ ਕੁੱਤਿਆਂ ਨਾਲ ਲੜਨਾ ਪੈਂਦਾ ਹੈ?'' ਜਸਟਿਸ ਕਾਰਨਨ ਨੂੰ ਖੁੱਡੇ ਲਾਈਨ ਲਾਉਣ ਲਈ ਜਦੋਂ ਸੁਪਰੀਮ ਕੋਰਟ ਨੇ ਕਲਕੰਤਾ ਹਾਈ ਕੋਰਟ ਦੇ ਮੁੱਖ ਜੱਜ ਦੀਆਂ ਪਾਵਰਾਂ ਇਸਤੇਮਾਲ ਕਰਦਿਆਂ ਉਸ ਦਾ ਕੰਮ ਵਾਪਸ ਲੈ ਲਿਆ ਤਾਂ ਪੂਰੇ ਭਾਰਤ ਵਿਚ ਕਿਸੇ ਨੇ ਵੀ ਇਸ ਦਾ ਵਿਰੋਧ ਨਹੀਂ ਕੀਤਾ। 2014 ਵਿਚ ਭਾਰਤ ਸਰਕਾਰ ਨੇ ਆਲ ਇੰਡੀਆ ਜੁਡੀਸ਼ਲ ਕਮਿਸ਼ਨ ਬਣਾਉਣ ਲਈ ਐਕਟ ਪਾਸ ਕੀਤਾ ਤਾਂ ਮਾਣਯੋਗ ਸੁਪਰੀਮ ਕੋਰਟ ਨੇ ਉਸ ਨੂੰ ਜੁਡੀਸ਼ਰੀ ਦੀ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਅਤੇ ਰੱਦ ਕਰ ਦਿੱਤਾ। ਹੁਣ ਸਵਾਲ ਇਹ ਉਠਦਾ ਹੈ ਕਿ ਕੀ ਸੰਵਿਧਾਨ ਵਿਚ ਕਿਧਰੇ ਵੀ ਕੋਲੀਜ਼ੀਅਮ ਸਿਸਟਮ ਦੀ ਵਿਵਸਥਾ ਹੈ? ਕੀ ਅਨੁਸੂਚਿਤ ਜਾਤੀ ਅਤੇ ਜਨਜਾਤੀ ਤੇ ਵਿਅਕਤੀਆਂ ਨੂੰ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਜੱਜਾਂ ਦੇ ਅਹੁਦਿਆਂ 'ਤ ਬੈਠਣ ਲਈ ਕਦੀ ਜਗ੍ਹਾ ਮਿਲੇਗੀ? ਕੀ ਬੈਕਵਰਡ ਕਲਾਸ ਦੇ ਵਿਅਕਤੀ ਇਹਨਾਂ ਅਹੁਦਿਆਂ 'ਤੇ ਬਿਰਾਜਮਾਨ ਹੋ ਸਕਣਗੇ? ਕੀ ਸਾਡਾ ਦੇਸ਼ ਉਸ ਸਪਿਰਿਟ ਵਿਚ ਕੰਮ ਕਰ ਸਕੇਗਾ, ਜਿਸ ਸਪਿਰਿਟ ਵਿਚ ਭਾਰਤ ਦਾ ਸੰਵਿਧਾਨ ਬਣਿਆ ਸੀ? ਕੀ ਸੰਵਿਧਾਨ ਦੇ ਆਰਟੀਕਲ 16 ਦੀ ਪਾਲਣਾ ਹੋ ਪਾਵੇਗੀ, ਜਿਸ ਵਿਚ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਦੇ ਲੋਕਾਂ ਲਈ ਕਾਨੂੰਨ ਪਾਸ ਕੀਤਾ ਜਾ ਸਕਦਾ ਹੈ, ਜਿੱਥੇ ਇਨ੍ਹਾਂ ਲੋਕਾਂ ਦੀ ਨੁਮਾਇੰਦਗੀ ਘੱਟ ਹੋਵੇ? ਕੀ ਦਲਿਤਾਂ ਦੀ ਨੁਮਾਇੰਦਗੀ ਨੂੰ ਕੋਈ ਸਰਕਾਰ ਯਕੀਨੀ ਕਰੇਗੀ? ਕੀ ਭਾਰਤੀ ਸੰਵਿਧਾਨ ਨੂੰ ਲਾਗੂ ਨਾ ਕਰਨ ਕਰਕੇ ਅਸੀਂ ਸਵਿਧਾਨ ਦਾ ਮਖੌਲ ਤਾਂ ਨਹੀਂ ਉਡਾ ਰਹੇ? ਜੇਕਰ ਇਹਨਾਂ ਸਵਾਲਾਂ ਦਾ ਉਤਰ ਸਾਡੇ ਕੋਲ ਨਹੀਂ ਹੈ ਤਾਂ ਆਓ ਰਲ-ਬੈਠ ਕੇ ਇਹਨਾਂ ਸਵਾਲਾਂ ਦਾ ਉਤਰ ਲੱਭੀਏ। ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਨੇ ਕਿਹਾ ਸੀ, ''ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਜੇਕਰ ਉਸ ਨੂੰ ਲਾਗੂ ਕਰਨ ਵਾਲੇ ਲੋਕ ਬਦਨੀਅਤ ਹੋਣ ਤਾਂ ਨਿਸਚਿਤ ਹੀ ਸੰਵਿਧਾਨ ਮਾੜਾ ਸਾਬਤ ਹੋਵੇਗਾ''। ਜੇਕਰ ਸੰਵਿਧਾਨ ਲਾਗੂ ਕਰਨ ਵਾਲੇ ਲੋਕ ਚੰਗੇ ਹੋਣਗੇ ਤਾਂ ਮਾੜਾ ਸੰਵਿਧਾਨ ਵੀ ਚੰਗਾ ਸਾਬਤ ਹੋਵੇਗਾ? ਸੰਵਿਧਾਨ ਨੂੰ ਲਾਗੂ ਕਰਨ ਵਾਲਿਆਂ ਵਿਚ ਸਭ ਤੋਂ ਉਪਰ ਸੁਪਰੀਮ ਕੋਰਟ ਦਾ ਨਾਂ ਆਉਂਦਾ ਹੈ। ਜੇਕਰ ਮਾਣਯੋਗ ਸੁਪਰੀਮ ਕੋਰਟ ਦੇ ਮੁੱਖ ਜੱਜ ਦੀ 'ਮਹਾਂਭਯੋਗ' ਸਬੰਧੀ ਰਾਜ ਸਭਾ ਵਿਚ ਮਤਾ ਪੇਸ਼ ਕਰਨ ਤੱਕ ਗੱਲ ਪਹੁੰਚ ਗਈ ਹੈ ਤਾਂ ਇਨ੍ਹਾਂ ਹਾਲਾਤਾਂ ਨੂੰ ਪਹੁੰਚਣ ਵਿਚ ਕੌਣ ਜ਼ਿੰਮੇਵਾਰ ਹੈ? ਭਾਰਤੀ ਲੋਕਤੰਤਰ 'ਚੈਕ ਐਂਡ ਬੈਲੈਂਸ' 'ਤੇ ਆਧਾਰਿਤ ਕੰਮ ਕਰਦਾ ਹੈ। ਕਿਸੇ ਵੀ ਇਕ ਸੰਸਥਾ ਨੂੰ ਖੁਦਮੁਖਤਿਆਰੀ ਅਤੇ ਮਨਮਰਜ਼ੀ ਦੇ ਫੈਸਲੇ ਕਰਨ ਦੀ ਇਜਾਜ਼ਤ ਨਹੀਂ ਹੈ। ਮਰਿਆਦਾ ਵਿਚ ਰਹਿ ਕੇ ਕੰਮ ਕਰਨਾ ਸਭ ਦੀ ਜ਼ਿੰਮੇਵਾਰੀ ਹੈ। ਭਾਰਤੀ ਪ੍ਰਸ਼ਾਸਨ ਨੂੰ ਚਲਾਉਣ ਲਈ ਆਲ ਇੰਡੀਆ ਸਰਵਿਸ ਦਾ ਸਿਸਟਮ ਬਾਖੂਬੀ ਪਿਛਲੇ 70 ਸਾਲਾਂ ਤੋਂ ਚਲਦਾ ਆ ਰਿਹਾ ਹੈ, ਆਈ. ਏ. ਐਸ., ਆਈ. ਪੀ. ਐਸ., ਆਈ. ਐਫ. ਐਸ. ਅਤੇ ਹੋਰ ਕਲਾਸ 'ਏ' ਅਤੇ ਕਲਾਸ 'ਬੀ' ਦੀਆਂ ਭਰਤੀਆਂ ਕਰਕੇ ਕੇਂਦਰ ਰਾਜ ਅਤੇ ਰਾਜ ਸਰਕਾਰਾਂ ਪ੍ਰਸ਼ਾਸਨ ਚਲਾ ਰਹੀਆਂ ਹਨ। ਸੰਵਿਧਾਨ ਰਾਹੀਂ ਸਥਾਪਤ ਯੂ. ਪੀ. ਐਸ. ਸੀ. ਅਦਾਰੇ ਨੇ ਆਪਣੀ ਕਾਰਜ ਕੁਸ਼ਲਤਾ, ਗੋਪਨੀਅਤਾ ਅਤੇ ਨਿਪੁੰਨਤਾ ਆਦਿ ਦਾ ਮੁਜ਼ਾਹਰਾ ਕੀਤਾ ਹੈ ਅਤੇ ਪਿਛਲੇ 70 ਸਾਲਾਂ ਵਿਚ ਅਫਸਰਾਂ ਦੀ ਚੋਣ ਸਬੰਧੀ ਸਫਲ ਸੰਸਥਾ ਹੋਣ ਦਾ ਸਬੂਤ ਦਿੱਤਾ ਹੈ।

ਕਿਉਂ ਨਾ 'ਆਲ ਇੰਡੀਆ ਜੁਡੀਸ਼ਲ ਸਰਵਿਸ' ਸ਼ੁਰੂ ਕੀਤੀ ਜਾਵੇ ਜਿਸ ਵਿਚ ਭਾਰਤ ਦੇ ਸਮੂਹ ਲੋਕਾਂ ਦੀ ਨੁਮਾਇੰਦਗੀ ਸੁਨਿਸਚਿਤ ਹੋ ਸਕੇ। ਮੈਂ ਇੱਥੇ ਇਕ ਅਮਰੀਕੀ ਸੰਸਥਾ ਦੁਆਰਾ ਕੀਤੇ ਤਾਜ਼ੇ ਸਰਵੇ ਦਾ ਜ਼ਿਕਰ ਕਰਨਾ ਉਚਿਤ ਸਮਝਦਾ ਹਾਂ, ਜਿਸ ਨੇ ਭਾਰਤ ਬਿਊਰੋਕ੍ਰੇਸੀ ਦੇ ਕੰਮਕਾਰ ਦਾ ਨਿਰੀਖਣ ਕਰਨ ਤੋਂ ਬਾਅਦ ਇਹ ਰਿਪੋਰਟ ਦਿੱਤੀ ਹੈ ਕਿ ਰਾਖਵਾਂਕਰਨ ਹੋਣ ਨਾਲ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ 'ਤੇ ਰੱਤੀ ਭਰ ਵੀ ਕਾਰਗੁਜ਼ਾਰੀ ਵਿਚ ਫਰਕ ਨਹੀਂ ਪਿਆ ਹੈ। ਭਾਰਤ ਸਰਕਾਰ ਨੂੰ ਵੱਡੇ ਦੇਸ਼ ਹਿੱਤ ਵਿਚ 'ਆਲ ਇੰਡੀਆ ਜੁਡੀਸ਼ਲ ਸਰਵਿਸ' ਦੇ ਵਿਚਾਰ ਨੂੰ ਗੰਭੀਰਤਾ ਨਾਲ ਲੈ ਕੇ ਫੈਸਲਾ ਲੈਣ ਦੀ ਲੋੜ ਹੈ ਤਾਂ ਜੋ ਮੌਜੂਦਾ ਹਾਲਾਤਾਂ ਵਿਚ ਹੋ ਰਹੀ ਹੋ-ਹੋ ਤੋਂ ਦੇਸ਼ ਨੂੰ ਨਿਜਾਤ ਦਿਵਾਈ ਜਾ ਸਕੇ।





ਐਸ. ਆਰ. ਲੱਧੜ
ਆਈ. ਏ. ਐਸ.
91-94175-00610

# ਇਹ ਵਿਕਾਸ ਜੋੜਨ ਦੀ ਤਾਂ ਤੋੜਦਾ ਹੈ

**ਮੂਲ ਲੇਖਕ:- ਸੁਰੇਂਦਰ ਬਾਂਸਲ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਸਾਡੇ ਦੇਸ਼ ਭਾਰਤ ਵਿੱਚ ਜੋ ਸਭ ਤੋਂ ਵਧੀਆ ਅਤੇ ਸੁੰਦਰ ਹੈ, ਉਹ ਨਦੀਆਂ, ਜੰਗਲਾਂ, ਪਹਾੜਾਂ, ਪਸ਼ੂ ਪੰਛੀਆਂ ਅਤੇ ਮਿੱਟੀ ਦੀ ਦੇਣ ਹੈ। ਅਸੀਂ ਕੁਦਰਤ ਦੀ ਆਪਾਰ , ਅਨੋਖੀ ਸੁੰਦਰਤਾ ਦੇ ਵਾਰਿਸ ਹਾਂ। ਇਸੇ ਲਈ ਸਦੀਆਂ ਤੋਂ ਸਾਡੇ ਦੇਸ਼ ਦੀ ਗਿਣਤੀ ਕੁਦਰਤੀ ਸੋਮਿਆਂ ਨਾਲ ਭਰਪੂਰ, ਦੇਸ਼ਾਂ ਵਿਚੋਂ ਹੁੰਦੀ ਰਹੀ ਹੈ। ਪਰੰਤੂ ਪਿਛਲੇ ਦੋ ਸੌ ਸਾਲਾਂ ਤੋਂ ਅੱਧੀ-ਅਧੂਰੀ ਅਤੇ ਦਿਸ਼ਾਹੀਣ ਪੜ੍ਹਾਈ ਪੜ੍ਹ ਰਿਹਾ ਸਾਡਾ ਸਭਨਾਂ ਦਾ ਰਚਿਆ ਸਮਾਜ, ਅੱਜ ਕੁਦਰਤ ਦੇ ਅਹਿਸਾਨਾਂ ਨੂੰ ਭੁੱਲ-ਭੁੱਲਾ ਚੁੱਕਿਆ ਹੈ। ਇਹਨਾ ਦੁੱਖਦਾਈ ਹਾਲਤਾਂ ਦਾ ਮੁੱਖ ਕਾਰਨ ਜੰਗਲਾਂ ਦਾ ਭਿਅੰਕਰ ਕਤਲੇਆਮ ਹੈ। ਲਾਵਰਵਾਹੀ ਦਾ ਦੂਜਾ ਕਾਰਨ ਭੂਮੀ-ਸੁਰੱਖਿਆ ਵੱਲ ਅਵੇਸਲਾਪਨ ਵੀ ਹੈ। ਸਰਵ ਸਾਂਝੀ ਪਾਣੀ ਸੋਮਿਆਂ ਦੀ ਦੁਰਵਰਤੋਂ ਇਸ ਸਮੱਸਿਆ ਨੂੰ ਹੋਰ ਵੀ ਜਿਆਦਾ ਵਧਾ ਰਹੀ ਹੈ। ਟਿਊਬਵੈਲਾਂ, ਸਬਮਰੀਸਵਲ ਪੰਪਾਂ ਦੀ ਵਧੇਰੇ ਵਰਤੋਂ ਨੇ ਧਰਤੀ ਹੇਠ ਪਾਣੀ ਨੂੰ ਵੀ ਨਿੱਜੀ ਮਾਲਕੀ ਹੇਠ ਲੈ ਆਂਦਾ ਹੈ। ਸਾਡੀਆਂ ਦੇਵੀਆਂ ਬਰੋਬਰ ਨਦੀਆਂ, ਅੱਜ ਸ਼ਹਿਰੀ ਅਤੇ ਉਦਯੋਗਿਕ ਕਚਰਾ ਠਿਕਾਣੇ ਲਗਾਉਣ ਦਾ ਸਾਧਨ ਬਣ ਚੁੱਕੀਆਂ ਹਨ। ਇਕ ਸਮਾਂ ਇਹੋ ਜਿਹਾ ਵੀ ਸੀ ਜਦੋਂ ਸਾਡੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਤਲਾਅ, ਅਤੇ ਛੱਪੜ ਪਵਿੱਤਰ ਸਾਂਝੇ ਥਾਂ ਹੋਇਆ ਕਰਦੇ ਸਨ, ਜਿਹਨਾ ਨੂੰ ਪੂਰੀ ਤਰ੍ਹਾਂ ਸੰਭਾਲਕੇ ਰੱਖਣਾ,ਸਭਨਾਂ ਦੀ ਸਾਂਝੀ ਜ਼ਿੰਮੇਵਾਰੀ ਸੀ। ਹਰ ਸਾਲ ਇਹਨਾ ਪਾਣੀ ਦੇ ਸੋਮਿਆਂ ਦੀ ਸਾਫ-ਸਫਾਈ ਅਤੇ ਇਹਨਾ 'ਚੋਂ ਗਾਰ ਕੱਢਣ ਦਾ ਕੰਮ ਕਾਰ ਸੇਵਾ ਦੀ ਤਰ੍ਹਾਂ ਲੋਕ ਆਪ ਕਰਿਆ ਕਰਦੇ ਸਨ। ਇਹਨਾਂ ਪਾਣੀ ਸਰੋਤਾਂ ਤੋਂ ਨਿਕਲਣ ਵਾਲੀ ਚੀਕਣੀ ਮਿੱਟੀ ਨੂੰ ਹੋਰ ਕਈ ਥਾਂ, ਸਮੇਤ ਘਰਾਂ ਦੀ ਲੇਪ-ਲਿਪਾਈ ਅਤੇ ਖੇਤਾਂ 'ਚ ਖਾਦ ਦੇ ਰੂਪ 'ਚ ਵਰਤਿਆ ਜਾਂਦਾ ਸੀ। ਪਰੰਤੂ ਪਾਣੀ ਸਬੰਧੀ ਨੀਤੀਆਂ ਬਨਾਉਣ ਵਾਲੇ ਚੌਧਰੀਆਂ ਨੇ ਛੱਪੜ, ਤਲਾਅ, ਖੂਹ ਦੀ ਪ੍ਰਵਾਹ ਨਾ ਕਰਕੇ, ਉਹਨਾ ਨੂੰ ਬੇ-ਲੋੜੇ ਮੰਨ ਲਿਆ।

ਹੁਣ ਤੱਕ ਕਿਸੇ ਸਰਕਾਰ ਨੇ ਇਹੋ ਜਿਹਾ ਕੋਈ ਸਰਵੇ ਨਹੀਂ ਕਰਵਾਇਆ ਕਿ ਦੇਸ਼ ਵਿੱਚ ਆਖਰ ਪਾਣੀ ਹੈ ਕਿੰਨਾ? ਹਰ ਸਾਲ ਵਿਗੜਦੇ ਹਾਲਤ ਦੇ ਬਾਵਜੂਦ ਅਸੀਂ ਕਦੀ ਆਪਣੇ ਕੁਦਰਤੀ ਪਾਣੀ ਸੋਮਿਆਂ ਦੀ ਚਿੰਤਾ ਕਿਉਂ ਨਹੀਂ ਕਰਦੇ, ਅਸੀਂ ਤਾਂ ਉਹਨਾ ਦੀ ਵਰਤੋਂ ਇੰਨੀ ਕੁ ਲਾਪਰਵਾਹੀ ਨਾਲ ਰਹੇ ਹਾਂ ਜਿਵੇਂ ਇਹ ਸਰੋਤ ਕਦੀ ਖਤਮ ਹੀ ਨਹੀਂ ਹੋਣੇ। ਦੇਸ਼ ਵਿੱਚ ਕਿੰਨੀ ਪਾਣੀ-ਰਾਸ਼ੀ ਹੈ, ਬਾਰੇ ਸਹੀ ਤੱਥ, ਅੰਕੜੇ ਇੱਕਠੇ ਕਰਨੇ ਦਾ ਸਾਡੀਆਂ ਸਰਕਾਰਾਂ ਕੋਲ ਕੋਈ ਪ੍ਰਬੰਧ ਹੀ ਨਹੀਂ ਹੈ। ਵਧੀਆ ਨੀਤੀ ਬਨਾਉਣ ਅਤੇ ਪਾਣੀ ਸਾਧਨ ਦੀ ਸਹੀ ਵਰਤੋਂ ਅਤੇ ਪ੍ਰਬੰਧ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ।

ਦੇਸ਼ ਦੇ ਬਹੁਤੇ ਨੇਤਾ, ਨੀਤੀ ਘੜ੍ਹਨ 'ਚ ਮਦਦ ਨਹੀਂ ਕਰਦੇ, ਕਿਉਂਕਿ ਉਹਨਾ ਤਾਂ ਅਪਣੇ ਲੋਕ ਜੀਵਨ ਵਿੱਚ ਕੁਝ ਸਿੱਖਿਆ ਹੀ ਨਹੀਂ, ਅੱਖਾਂ ਖੋਹਲਕੇ ਆਪਣੇ ਆਲੇ-ਦੁਆਲੇ ਕੀ ਵਾਪਰ ਰਿਹਾ ਹੈ, ਉਸਦੀ ਘੋਖ-ਪੜਤਾਲ ਹੀ ਨਹੀਂ ਕੀਤੀ। ਸਰਕਾਰ ਚਲਾਉਣ ਵਾਲੇ ਅਫ਼ਸਰ ਸਰਕਾਰੀ ਸੁਵਿਧਾਵਾਂ ਮਾਨਣ ਲਈ ਇਸ ਕਦਰ ਖੁੱਭੇ ਰਹਿੰਦੇ ਹਨ ਕਿ ਉਹਨਾ ਦਾ ਸਰਵਜਨਕ ਜੀਵਨ ਤਾਂ ਹੁੰਦਾ ਹੀ ਨਹੀਂ। ਇੱਕ ਛੋਟੀ ਜਿਹੀ ਉਦਾਹਰਨ ਨਾਲ ਇਹ ਗੱਲ ਸਮਝਣ ਦੀ ਆਉ ਕੋਸ਼ਿਸ਼ ਕਰੀਏ। ਦੇਸ਼ ਵਿੱਚ ਘਰੇਲੂ ਲੋੜਾਂ ਅਤੇ ਸਿੰਚਾਈ ਲਈ ਜਿੰਨਾ ਪਾਣੀ ਰੋਜ਼ ਖਰਚ ਹੁੰਦਾ ਹੈ, ਉਸ ਤੋਂ ਕਈ ਗੁਣਾ ਜਿਆਦਾ ਪਾਣੀ ਤਾਂ ਹਰ ਰੋਜ਼ ਸਾਡੀਆਂ ਗੱਡੀਆਂ-ਕਾਰਾਂ ਦੀ ਧੋ-ਧੁਆਈ ਤੇ ਵਿਅਰਥ ਖਰਚ ਹੁੰਦਾ ਹੈ। ਇਹ ਪੀਣ ਵਾਲਾ ਮਿੱਠਾ ਪਾਣੀ ਹੁੰਦਾ ਹੈ।

ਜੇਕਰ ਅਸੀਂ ਹਰਿਆਣਾ, ਪੰਜਾਬ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਦੀ ਪਾਣੀ ਨੀਤੀ ਨੂੰ ਸਮਝੀਏ, ਤਾਂ ਰੋਣਾ ਆਉਂਦਾ ਹੈ। ਜਿਸ ਹਰਿਆਣਾ-ਪੰਜਾਬ 'ਚ ਜੰਗਲ ਖਾਤਮੇ ਕੰਢੇ ਹਨ, ਉਥੋਂ ਦੀ ਧਰਤੀ 'ਤੇ ਅੱਜ 30 ਲੱਖ ਸਬਮਰਸੀਵਲ ਪੰਪ ਲੱਗੇ ਹਨ। ਉਹਨਾ ਵਿਚੋਂ ਇਕੱਲੇ ਪੰਜਾਬ ਵਿੱਚ 17.5 ਲੱਖ ਸਬਮਰਸੀਵਲ ਪੰਪ ਦਿਨ ਰਾਤ ਜ਼ਮੀਨ ਹੇਠਲਾ ਪਾਣੀ ਖਿੱਚ ਰਹੇ ਹਨ। ਇਨ੍ਹਾਂ ਦੋਹਾਂ ਰਾਜਾਂ ਵਿੱਚ ਲਗਭਗ 70 ਫੀਸਦੀ ਪਾਣੀ 'ਡਾਰਕ ਜੋਨ' ਵਿੱਚ ਹੈ। ਮੁੱਖਮੰਤਰੀ ਮਨੋਹਰ ਲਾਲ ਖੱਟੜ ਦਾ ਆਪਣਾ ਵਿਧਾਇਕ ਖੇਤਰ ਕਰਨਾਲ ਡਾਰਕ ਜੋਨ ਵਿੱਚ ਹੈ। ਰਾਜਧਾਨੀ ਦਿੱਲੀ ਦੀ ਹਾਲਤ ਤਾਂ ਹੋਰ ਵੀ ਤਰਸਯੋਗ ਹੈ। ਇਸਦਾ ਕੋਈ ਵੀ ਕੁਦਰਤੀ ਸੋਮਾ ਆਪਣਾ ਨਹੀਂ ਹੈ। ਦਿੱਲੀ ਦੇ "ਟਾਇਲਟਾਂ" ਦੇ ਪਾਣੀ ਦੀ ਪੂਰਤੀ ਮੇਰਠ ਤੋਂ ਲਿਆਂਦੇ "ਗੰਗਾਂ ਮਈਆ" ਦੇ ਪਾਣੀ ਨਾਲ ਹੁੰਦੀ ਹੈ। ਪਿਛਲੀ ਫਰਵਰੀ-ਮਾਰਚ ਵਿੱਚ ਦਿੱਲੀ 'ਚ ਪਾਣੀ ਦੀ ਕਾਫੀ ਘਾਟ ਰਹੀ। ਦਿੱਲੀ ਦੇ ਬਹੁਤੇ ਖੇਤਰਾਂ ਵਿੱਚ ਤਿੰਨ ਦਿਨ ਲਗਾਤਾਰ ਸਰਕਾਰ ਦੇ ਵਿਰੁੱਧ ਕਾਫੀ ਰੌਲਾ ਰੱਪਾ ਪਿਆ, ਪਰੰਤੂ ਮੁੱਖਮੰਤਰੀ ਬਿਆਨਬਾਜ਼ੀ ਤੋਂ ਬਿਨ੍ਹਾਂ ਕੁਝ ਨਾ ਕਰ ਸਕੇ ਸਗੋਂ ਸਿੱਖਿਆ ਸੰਸਥਾਵਾਂ ਵਿੱਚ ਸਵਿੰਮਿੰਗ ਪੂਲਾਂ ਦਾ ਉਦਘਾਟਨ ਕਰਨ ਨੂੰ ਪਹਿਲ ਦਿੰਦੇ ਦਿਸੇ।

ਅੱਜ ਦੇਸ਼ ਵਿੱਚ ਮਿਲਦੇ ਕੁਲ ਪਾਣੀ ਦਾ 70 ਫੀਸਦੀ ਪ੍ਰਦੂਸ਼ਤ ਹੋ ਚੁੱਕਾ ਹੈ। ਇਸ ਪ੍ਰਦੂਸ਼ਿਤ ਪਾਣੀ ਨਾਲ ਪੈਦਾ ਹੋਣ ਵਾਲੀਆਂ ਬੀਮਾਰੀਆਂ ਦੇ ਕਾਰਨ ਵੱਡੇ ਨੁਕਸਾਨ ਹੋ ਰਹੇ ਹਨ। ਪਰੰਤੂ ਅਸੀਂ ਸਮਝ ਹੀ ਨਹੀਂ ਰਹੇ ਕਿ ਸਾਡੇ ਕੁਦਰਤੀ ਸੋਮੇ ਕਿੰਨੇ ਕੀਮਤੀ ਹਨ, ਕਿਉਂਕਿ ਸਾਨੂੰ ਤਾਂ ਟੂਟੀ ਘੁੰਮਾਉਣ ਨਾਲ ਹੀ ਤਾਜਾ ਪਾਣੀ ਮਿਲ ਜਾਂਦਾ ਹੈ।

ਅਸੀਂ ਵਿਕਾਸ ਦੇ ਨਾਮ ਉਤੇ ਇਹੋ ਜਿਹਾ ਢਾਂਚਾ ਰਚ ਲਿਆ ਹੈ, ਜੋ ਸਾਨੂੰ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਨਾਲ ਜੋੜਨ ਦੀ ਬਜਾਏ ਤੋੜਦਾ ਜਾਂਦਾ ਹੈ। ਸਾਇੰਸ ਅਤੇ ਤਕਨੀਕ ਵਿੱਚ ਵਧਦੀ ਯੋਗਤਾ ਨੇ ਭਾਵੇਂ ਸਾਨੂੰ ਤਕਨੀਕੀ ਤੌਰ 'ਤੇ ਪੜਾਕੂ ਬਣਾਇਆ ਹੋਵੇ, ਪਰ ਕੁਦਰਤ ਨਾਲ ਤਾਲਮੇਲ ਬਿਠਾਉਣ ਦੇ ਮਾਮਲੇ 'ਚ ਅਸੀਂ ਨਿਰੇ ਅੰਗੂਠਾ-ਛਾਪ ਸਾਬਤ ਹੁੰਦੇ ਜਾ ਰਹੇ ਹਾਂ।ਸਾਇੰਸ ਅਤੇ ਤਕਨੀਕ ਵੀ ਤਦੇ ਲਾਭਕਾਰੀ ਹੁੰਦੇ ਹਨ, ਜਦ ਉਹਨਾ ਨੂੰ ਸਥਾਪਿਤ ਆਦਰਸ਼ਾਂ ਅਤੇ ਮੁੱਲਾਂ ਦੇ ਅਨੁਸਾਰ ਅਪਨਾਇਆ ਜਾਵੇ।

ਵਿਕਾਸ ਦਾ ਅਰਥ ਸਿਰਫ ਪਲਾਸਟਿਕ, ਲੋਹਾਂ ਅਤੇ ਹੋਰ ਸਜੀਲੀਆਂ ਚੀਜ਼ਾਂ ਨਾਲ ਘਰ ਭਰਨਾ ਨਹੀਂ, ਬਲਕਿ ਵਿਕਾਸ ਦਾ ਵੱਡਾ ਅਰਥ ਤਾਂ ਕੁਦਰਤ ਅਤੇ ਕੁਦਰਤੀ ਸੋਮਿਆਂ ਨੂੰ ਅਮੀਰ ਬਨਾਉਣਾ ਹੈ। ਵਿਕਾਸ ਤਾਂ ਵਗਦੇ ਪਾਣੀ ਵਾਂਗਰ ਵਗਣ ਵਰਗੀ ਉਹ ਪ੍ਰਕਿਰਿਆ ਹੈ, ਜੋ ਸਮਾਜ ਵਿੱਚ ਹਰ ਪੱਧਰ 'ਤੇ ਪਹਿਲਾਂ ਹੀ ਲੰਬ-ਉਮਰੀ ਸਜੀ ਸੰਵਰੀ, ਸਹਿਜ, ਸਰਲ ਹੋਵੇ ਅਤੇ ਅੱਗੋਂ ਵੀ ਉਸਨੂੰ ਤਣਾਅ ਤੋਂ ਰਹਿਤ ਬਣਾਵੇ। ਕੁ-ਦਰਤੀ ਸੋਮਿਆਂ ਦੀ ਵਰਤੋਂ ਸਮਾਜ ਵਿੱਚ ਅਤੇ ਰਾਜ ਵਿੱਚ ਆਪਸੀ ਦੂਰੀਆਂ ਵਧਾਉਣ ਲਈ ਨਹੀਂ ਸਗੋਂ ਨਜ਼ਦੀਕੀਆਂ ਬਨਾਉਣ ਦੀ ਸੰਭਾਵਨਾ ਪੈਦਾ ਕਰਨ ਵਾਲੀ ਹੋਵੇ। ਲੋਕਾਂ ਦੀ ਭਾਈਵਾਲੀ ਨਾਲ ਹੀ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਕਰਨਾ ਸੰਭਵ ਹੈ।

ਇਹ ਤਦੇ ਵੀ ਸੰਭਵ ਹੈ ਜੇਕਰ ਇਹਨਾ ਸਾਧਨਾਂ ਦੀ ਸਵਾਰਥਪੁਣੇ ਤੋਂ ਬਿਨ੍ਹਾਂ ਸਹੀ ਵਰਤੋਂ ਕੀਤੀ ਜਾਵੇ। ਅਸੀਂ ਆਪਣੇ ਪੂਰਬਜਾਂ ਵਾਂਗਰ ਬੇਹੱਦ ਸਾਵਧਾਨੀ ਨਾਲ ਕੁਦਰਤੀ ਸਾਧਨਾਂ ਦੀ ਵਰਤੋਂ ਕਰੀਏ। ਘੁਮਾਰ, ਮੱਛੀਆਂ ਫੜਨ ਵਾਲੇ, ਆਦਿਵਾਸੀ, ਪਸ਼ੂ ਪਾਲਣ, ਕਿਸਾਨ ਅਤੇ ਮਿੱਟੀ ਉਤੇ ਨੰਗੇ ਪੈਰੀਂ ਤੁਰਨ ਵਾਲਿਆਂ ਦੀ ਜੇਕਰ ਅਸੀਂ ਗੱਲ ਸੁਣਾਂਗੇ, ਤਦੇ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਕਰ ਸਕਾਂਗੇ।

ਦੇਸ਼ ਦੀਆਂ ਪਰੰਪਰਾਵਾਂ ਨੂੰ ਪਖੰਡਾਂ ਨਾਲ ਜੋੜਕੇ ਅਤੇ ਪੂਰਬਜਾਂ ਦੇ ਅਮੁੱਲ ਬਚਨਾਂ ਨੂੰ ਪੈਰਾਂ ਹੇਠ ਮਧੋਲਕੇ, ਅਸੀਂ ਤਾਂ ਆਪਣੇ ਆਲੇ-ਦੁਆਲੇ ਅਖੌਤੀ ਬੁੱਧੀਮਤਾ ਅਤੇ ਸਮਾਜਿਕ ਖੁਸ਼ਕੀ ਦੇ ਬੀਜ ਬੀਜ ਲਏ ਹਨ, ਜਿਸ ਵਿੱਚ ਕੈਕਟਸ ਤਾਂ ਉਗਣਗੇ, ਪਰ ਹਰਿਆਲੇ ਫੁੱਲ ਨਹੀਂ।



ਗੁਰਮੀਤ ਸਿੰਘ ਪਲਾਹੀ
91-98158-02070

# ਮਨੂੰਵਾਦੀ ਗੁਲਾਮੀ ਤੇ ਪੂੰਜੀਵਾਦੀ ਲੁੱਟ ਵਿਰੁੱਧ ਦਲਿਤ ਚੇਤਨਾ ਨੂੰ ਵਿਕਸਿਤ ਤੇ ਮਜ਼ਬੂਤ ਕਰਨ ਦੀ ਲੋੜ

ਪਿਛਲੇ ਦਿਨੀਂ, 2 ਅਪ੍ਰੈਲ ਨੂੰ, ਦਲਿਤ ਸਮਾਜ ਨਾਲ ਸਾਂਝਾਂ ਪਾ ਕੇ ਜਮਹੂਰੀ ਤੇ ਇਨਕਲਾਬੀ ਧਿਰਾਂ ਵਲੋਂ ਕੀਤੇ ਗਏ 'ਭਾਰਤ ਬੰਦ' ਨੂੰ ਜਮਾਤੀ ਘੋਲਾਂ ਦੇ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਕਿਹਾ ਜਾ ਸਕਦਾ ਹੈ। ਇਹ ਜਨਤਕ ਐਕਸ਼ਨ, ਮਹਾਰਾਸ਼ਟਰ ਦੇ ਇਕ ਮੁਲਾਜ਼ਮ ਵਲੋਂ ਆਪਣੇ ਮਹਿਕਮੇਂ ਅੰਦਰ ਹੋਈ ਵਧੀਕੀ ਬਾਰੇ ਸਰਵ ਉਚ ਅਦਾਲਤ ਵਿਚ ਕੀਤੀ ਰਿੱਟ ਪਟੀਸ਼ਨ ਦੇ ਸੰਬੰਧ ਵਿਚ ਦੋ ਜੱਜ ਸਾਹਿਬਾਨ ਦੇ ਬੈਂਚ ਵਲੋਂ ਦਿੱਤੇ ਗਏ ਫੈਸਲੇ ਵਿਰੁੱਧ ਰੋਸ ਵਜੋਂ ਕੀਤਾ ਗਿਆ ਸੀ। 20 ਮਾਰਚ 2018 ਨੂੰ ਦਿੱਤੇ ਗਏ ਇਸ ਫੈਸਲੇ ਵਿਚ ਜੱਜ ਸਾਹਿਬਾਨ ਨੇ ਇਹ ਟਿੱਪਣੀ ਕੀਤੀ ਹੈ ਕਿ ਐਸ.ਸੀ./ਐਸ.ਟੀ (ਅਤਿਆਚਾਰ ਰੋਕੂ) ਐਕਟ 1989 ਦੀ ਦੁਰਵਰਤੋਂ ਹੁੰਦੀ ਹੈ। ਇਸ ਦੁਰਵਰਤੋਂ ਨੂੰ ਰੋਕਣ ਵਾਸਤੇ, ਉਹਨਾਂ ਅਨੁਸਾਰ, ਇਸ ਐਕਟ ਅਧੀਨ ਕੇਸ ਦਰਜ ਕਰਨ ਤੋਂ ਪਹਿਲਾਂ ਪੀੜਤ ਵਲੋਂ ਲਾਏ ਗਏ ਦੋਸ਼ਾਂ ਦੀ ਡੀ.ਐਸ.ਪੀ. ਦੇ ਰੈਂਕ ਦਾ ਅਧਿਕਾਰੀ ਪੜਤਾਲ ਕਰੇ, ਦੋਸ਼ੀ ਨੂੰ ਪੇਸ਼ਗੀ ਜ਼ਮਾਨਤ ਕਰਾਉਣ ਦੀ ਆਗਿਆ ਹੋਵੇ, ਦੋਸ਼ੀ ਮੁਲਾਜ਼ਮ ਹੋਣ ਦੀ ਸੂਰਤ ਵਿਚ ਉਸਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਉਸਦੇ ਨਿਯੁਕਤੀਕਾਰ ਅਧਿਕਾਰੀ ਤੋਂ ਆਗਿਆ ਲਈ ਜਾਵੇ ਅਤੇ ਜੇਕਰ ਦੋਸ਼ੀ ਸਾਧਾਰਨ ਵਿਅਕਤੀ ਹੋਵੇ ਤਾਂ ਉਸਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਜ਼ਿਲ੍ਹੇ ਦੇ ਐਸ.ਐਸ.ਪੀ. ਤੋਂ ਆਗਿਆ ਲਈ ਜਾਵੇ। ਇੱਥੇ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਇਸ ਐਕਟ ਅਧੀਨ ਜੁਰਮਾਂ ਵਿਚ ਕਿਸੇ ਦਲਿਤ ਲਈ ਕੇਵਲ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਕਰਨਾ ਜਾਂ ਕੋਈ ਹੋਰ ਇਤਰਾਜ਼ਯੋਗ ਟਿੱਪਣੀ ਕਰਨਾ ਹੀ ਨਹੀਂ ਆਉਂਦਾ, ਬਲਕਿ ਇਸ ਵਿਚ ਕਿਸੇ ਐਸ.ਸੀ./ਐਸ.ਟੀ. ਦਾ ਕਤਲ ਕਰਨਾ, ਮਾਰ-ਕੁਟਾਈ ਕਰਨਾ, ਦਲਿਤ ਵਰਗ ਨਾਲ ਸਬੰਧਤ ਔਰਤ ਨਾਲ ਛੇੜ-ਛਾੜ ਜਾਂ ਬਲਾਤਕਾਰ ਕਰਨਾ ਅਤੇ ਹੋਰ ਹਰ ਤਰ੍ਹਾਂ ਦੇ ਅਪਮਾਨਜਨਕ ਵਰਤਾਓ ਕਰਨਾ ਆਦਿ ਵੀ ਆਉਂਦੇ ਹਨ।

ਉਪਰੋਕਤ ਫੈਸਲੇ ਅਨੁਸਾਰ ਇਸ ਟਿੱਪਣੀ ਦਾ ਕਾਰਨ ਇਸ ਕਾਨੂੰਨ ਦੇ ਦੁਰਪਯੋਗ ਨੂੰ ਰੋਕਣਾ ਦੱਸਿਆ ਗਿਆ ਹੈ, ਭਾਵ ਕਿਸੇ ਜੁਰਮ ਦੇ ਸੱਚੇ ਜਾਂ ਝੂਠੇ ਹੋਣ ਦਾ ਨਿਰਨਾ ਕਰਨ ਦੇ ਅਧਿਕਾਰ ਨਿਆਂ ਪਾਲਿਕਾ ਦੀ ਥਾਂ ਪੁਲਸ ਦੇ ਅਧਿਕਾਰੀ ਜਾਂ ਅਫਸਰਸ਼ਾਹੀ (ਕਾਰਜਕਾਰਨੀ) ਨੂੰ ਦੇ ਦਿੱਤੇ ਗਏ ਹਨ। ਇਕ ਪੀੜਤ ਵਿਅਕਤੀ (ਦਲਿਤ) ਦੀ ਗੁਹਾਰ, ਅਜੋਕੇ ਸਮਿਆਂ ਵਿਚ, ਜ਼ਿਲ੍ਹਾ ਪੁਲਸ ਅਧਿਕਾਰੀ ਜਾਂ ਨਿਯੁਕਤੀਕਾਰ ਕਿੰਨੀ ਕੁ ਸੁਣੇਗਾ, ਇਸਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਹੈ? ਉਂਝ ਤਾਂ ਪੂੰਜੀਵਾਦ ਸਮਾਜ ਵਿਚ ਸਮੁੱਚੇ ਕਿਰਤੀ ਲੋਕਾਂ ਲਈ ਆਪਣੇ ਨਾਲ ਹਰ ਪਲ ਹੋ ਰਹੇ ਅਨਿਆਂ ਦੀਆਂ ਅਨੇਕਾਂ ਘਟਨਾਵਾਂ ਬਾਰੇ ਸ਼ਿਕਾਇਤ ਕਰਕੇ ਇਨਸਾਫ ਦੀ ਆਸ ਕਰਨੀ ਵੀ ਇਕ ਸੁਪਨੇ ਤੋਂ ਸਿਵਾਏ ਹੋਰ ਕੁੱਝ ਨਹੀਂ ਹੈ, ਪ੍ਰੰਤੂ ਮੌਜੂਦਾ ਵਿਧਾਨਕ ਹੱਦਾਂ ਦੇ ਦਾਇਰੇ ਵਿਚ ਸਦੀਆਂ ਤੋਂ ਸਮਾਜਿਕ ਪੀੜਾ ਦਾ ਦਰਦ ਹੰਢਾ ਰਹੇ ਦਲਿਤਾਂ ਤੇ ਹੋਰ ਬਹੁਤ ਸਾਰੀਆਂ ਕਥਿਤ ਨੀਵੀਆਂ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਸਵੈਮਾਨ ਨਾਲ ਜਿਉਣ ਦਾ ਹੱਕ ਕਿਵੇਂ ਪ੍ਰਾਪਤ ਹੋਵੇ; ਇਸ ਬਾਰੇ ਕਿਆਸਣਾ ਤਾਂ ਹੋਰ ਵੀ ਅਲੋਕਾਰੀ ਚੀਜ਼ ਜਾਪਦੀ ਹੈ।

### ਫੈਸਲੇ ਦਾ ਤਰਕਹੀਣ ਆਧਾਰ

ਭਾਰਤ ਦੇ ਸੰਵਿਧਾਨ ਵਿਚ, ਐਸ.ਸੀ./ਐਸ.ਟੀ 'ਤੇ ਹੋ ਰਹੇ ਅਤਿਆਚਾਰਾਂ ਨੂੰ ਰੋਕਣ ਸਬੰਧੀ ਲੋੜੀਂਦਾ ਕਾਨੂੰਨ ਬਣਾਉਣ ਦੀ ਪ੍ਰਾਥਮਿਕਤਾ ਦਰਜ ਕਰਨ ਦੇ ਬਾਵਜੂਦ, ਪਹਿਲਾਂ ਤਾਂ ਲਗਭਗ 40 ਵਰ੍ਹਿਆਂ ਤੱਕ ਅਜਿਹਾ ਕਾਨੂੰਨ ਬਣਾਉਣ ਬਾਰੇ ਕਿਸੇ ਸਰਕਾਰ ਨੇ ਪਹਿਲਕਦਮੀ ਹੀ ਨਹੀਂ ਕੀਤੀ। ਵੀ.ਪੀ.ਸਿੰਘ ਦੀ ਸਰਕਾਰ ਸਮੇਂ ਮੰਡਲ ਕਮਿਸ਼ਨ ਦਾ ਮੁੱਦਾ ਉਭਰਨ ਉਪਰੰਤ ਜੇਕਰ 1989 ਵਿਚ ਇਹ ਕਾਨੂੰਨ ਹੋਂਦ ਵਿਚ ਆਇਆ, ਤਾਂ ਵੀ ਇਸ ਉਪਰ ਅਮਲ ਦੀ ਦਰ ਬਹੁਤ ਹੀ ਸੁਸਤ ਰਹੀ। ਕਿਉਂਕਿ ਗਰੀਬਾਂ ਵਿਸ਼ੇਸ਼ ਤੌਰ 'ਤੇ ਦਲਿਤਾਂ ਨਾਲ ਵਧੀਕੀਆਂ ਕਰਨ ਵਾਲੇ ਵਿਅਕਤੀ ਅਕਸਰ ਧਨਾਢਾਂ ਜਾਂ ਉਚ ਅਧਿਕਾਰੀਆਂ ਦੀ ਸ਼੍ਰੇਣੀ ਨਾਲ ਸਬੰਧਤ ਹੁੰਦੇ ਹਨ, ਇਸ ਲਈ ਉਹ ਅਜੇਹੀਆਂ ਸ਼ਿਕਾਇਤਾਂ ਨੂੰ ਆਪਣੇ ਰਾਜਸੀ ਤੇ ਪ੍ਰਸ਼ਾਸਨਿਕ ਅਸਰ ਰਸੂਖ ਨਾਲ ਅਕਸਰ ਹੀ ਦਬਾਅ ਦਿੰਦੇ ਹਨ। ਇਸ ਮੰਦਭਾਗੀ ਅਵਸਥਾ ਵਿਰੁੱਧ ਸਬੰਧਤ ਪੀੜਤਾਂ ਅੰਦਰ ਵਧੇ ਰੋਹ ਨੂੰ ਸ਼ਾਂਤ ਕਰਨ ਲਈ ਇਸ ਕਾਨੂੰਨ ਅੰਦਰ 2016 ਵਿਚ ਇਹ ਸੋਧ ਕਰਨ ਲਈ ਵੀ ਸਰਕਾਰ ਨੂੰ ਮਜ਼ਬੂਰ ਹੋਣਾ ਪਿਆ ਕਿ ਜੇਕਰ ਕੋਈ ਪੁਲਸ ਅਧਿਕਾਰੀ ਅਜੇਹੀ ਸ਼ਿਕਾਇਤ ਤੁਰੰਤ ਦਰਜ ਨਹੀਂ ਕਰਦਾ ਤਾਂ ਉਸ ਵਿਰੁੱਧ ਵੀ ਕਾਨੂੰਨ ਦੀ ਉਲੰਘਣਾ ਦਾ ਕੇਸ ਦਰਜ ਕੀਤਾ ਜਾਵੇ। ਇਸਦੇ ਬਾਵਜੂਦ ਜੇਕਰ ਇਸ ਕਨੂੰਨ ਦੇ 1989 ਵਿਚ ਲਾਗੂ ਹੋਣ ਤੋਂ ਬਾਅਦ ਸਮੁੱਚੇ ਦੇਸ਼ ਅੰਦਰ ਇਸ ਐਕਟ ਦੀ ਦੁਰਵਰਤੋਂ ਦੀਆਂ ਉਦਾਹਰਣਾਂ ਗਿਣੀਆਂ ਜਾਣ, ਤਾਂ ਉਨ੍ਹਾਂ ਦੀ ਵੀ ਸੂਚੀ ਬਣਾਈ ਜਾ ਸਕਦੀ ਹੈ।

ਪ੍ਰੰਤੂ ਇਸ ਵਰਗ ਦੇ ਲੋਕਾਂ ਨਾਲ ਅਣਮਨੁੱਖੀ ਸਮਾਜਿਕ ਜਬਰ, ਜਿਹੜਾ ਹਰ ਰੋਜ਼ ਹੀ ਦੇਸ਼ ਦੇ ਸ਼ਹਿਰਾਂ, ਪਿੰਡਾਂ, ਮੁਹੱਲਿਆਂ, ਗਲੀਆਂ ਤੇ ਘਰਾਂ ਵਿਚ ਕੀਤਾ ਜਾ ਰਿਹਾ ਹੈ, ਉਸਦਾ ਨਾ ਕੋਈ ਰਿਕਾਰਡ ਬਣਾਉਣਾ ਸੰਭਵ ਹੈ ਤੇ ਨਾ ਹੀ ਉਨ੍ਹਾਂ ਦੀ ਅੰਕੜਿਆਂ ਵਿਚ ਗਿਣਤੀ ਕੀਤੀ ਜਾ ਸਕਦੀ ਹੈ। ਇਹ ਅਮਾਨਵੀ ਜਬਰ ਧਰਤੀ ਦੇ ਇਸ ਖਿੱਤੇ ਅੰਦਰ ਹਜ਼ਾਰਾਂ ਸਾਲਾਂ ਤੋਂ ਸ਼ਰੇਆਮ ਵਰਤ ਰਿਹਾ ਹੈ। ਉਂਝ ਮਾਣਯੋਗ ਜੱਜ ਸਾਹਿਬਾਨ ਕੀ ਵਿਧਾਨ ਅੰਦਰ ਦਰਜ ਦੇਸ਼ ਦੇ ਕਿਸੇ ਕਾਨੂੰਨ ਦਾ ਨਾਮ ਦੱਸ ਸਕਦੇ ਹਨ, ਜਿਸਦੀ ਦੁਰਵਰਤੋਂ ਨਾ ਹੋ ਰਹੀ ਹੋਵੇ? ਭਾਰਤੀ ਦੰਡ ਕਾਨੂੰਨ ਦੀ ਧਾਰਾ 302, 307, 326, 107, 151 ਦੀ ਵਿਰੋਧੀ ਧਿਰਾਂ ਦੇ ਖਿਲਾਫ ਦੁਰਵਰਤੋਂ ਹਾਕਮ ਧਿਰਾਂ ਦੀਆਂ ਰਾਜਨੀਤਕ ਪਾਰਟੀਆਂ ਤੇ ਧਨਵਾਨ ਲੋਕਾਂ ਦਾ ਸ਼ੁਗਲ ਬਣਿਆ ਹੋਇਆ ਹੈ। ਅਜਿਹੇ ਕਈ ਕਾਨੂੰਨਾਂ ਦੀ ਦੁਰਵਰਤੋਂ ਕਰਕੇ ਹੀ ਲੋਕਾਂ ਦੇ ਅਰਬਾਂ ਰੁਪਏ ਹੜੱਪ ਕਰਨ ਵਾਲੇ ਕਾਲੇ ਧੰਦੇ ਦੇ ਕਾਰੋਬਾਰੀ ਗ੍ਰੋਹ ਤੇ ਕਾਰਪੋਰੇਟ ਘਰਾਣੇ ਅਰਬਾਂ-ਖਰਬਾਂਪਤੀ ਬਣ ਗਏ ਹਨ। ਥੋੜਾ ਸਮਾਂ ਪਹਿਲਾਂ ਹੀ ਵਿਜੇ ਮਾਲਿਆ ਤੇ ਨੀਰਵ ਮੋਦੀਆਂ ਵਰਗੇ ਠੱਗਾਂ ਨੇ ਬੈਂਕਾਂ ਵਿਚੋਂ ਲੋਕਾਂ ਦੀ ਗਾੜ੍ਹੇ ਪਸੀਨੇ ਦੀ ਕਰੋੜਾਂ ਰੁਪਏ ਦੀ ਜਮਾਂ ਕਮਾਈ ਹਜ਼ਮ ਕਰ ਲਈ ਹੈ। ਇੱਥੇ ਇਹ ਪ੍ਰਸ਼ਨ ਵੀ ਉਭਰਦਾ ਹੈ ਕਿ ਕੀ ਕਾਨੂੰਨ ਦੀ ਦੁਰਵਰਤੋਂ ਰੋਕਣ ਵਾਸਤੇ ਅਦਾਲਤੀ ਪ੍ਰਕਿਰਿਆ ਦੀ ਜਗ੍ਹਾ ਕਾਰਜਕਾਰਨੀ ਤੇ ਅਫਸਰਸ਼ਾਹੀ ਨੂੰ ਅਧਿਕਾਰ ਦੇਣਾ ਵਾਜ਼ਿਬ ਹੋਵੇਗਾ? ਕੀ ਇੰਝ ਕਰਨ ਨਾਲ ਇਹ ਦੁਰਵਰਤੋਂ ਰੁਕ ਜਾਵੇਗੀ? ਉੱਕਾ ਹੀ ਨਹੀਂ; ਕਿਉਂਕਿ ਅਜੇਹੇ ਸਾਰੇ ਕੁਕਰਮਾਂ ਵਿਚ ਕਾਰਜਕਾਰਨੀ ਤੇ ਦੋਸ਼ੀਆਂ ਵਿਚਕਾਰ ਕਿਤੇ ਨਾ ਕਿਤੇ ਮਿਲੀਭੁਗਤ ਲਾਜ਼ਮੀ ਕੰਮ ਕਰ ਰਹੀ ਹੁੰਦੀ ਹੈ।

### ਤਰਸਯੋਗ ਜੀਵਨ ਹਾਲਤਾਂ

ਦਲਿਤ ਸਮਾਜ ਤੇ ਹੋਰ ਕਥਿਤ ਪਛੜੀਆਂ ਜਾਤੀਆਂ ਦੇ ਲੋਕ ਸਦੀਆਂ ਤੋਂ ਹੀ ਸਮਾਜਿਕ ਜਬਰ ਨੂੰ ਆਪਣੇ ਹੱਡਾਂ ਨਾਲ ਹੰਢਾ ਰਹੇ ਹਨ। ਸਮਾਜ ਦੀ ਸੇਵਾ ਦਾ ਜ਼ਿੰਮਾ, ਜਿਸ ਵੱਲ ਨੂੰ ਦੂਸਰੀਆਂ ਜਾਤੀਆਂ ਦੇ ਲੋਕ ਮੂੰਹ ਵੀ ਨਹੀਂ ਕਰਦੇ, ਸਿਰਫ ਇਹੀ ਦਲਿਤ ਸਮਾਜ ਨਿਭਾਉਂਦਾ ਹੈ। ਸੀਵਰੇਜ ਤੇ ਗੰਦੀਆਂ ਨਾਲੀਆਂ ਦੀ ਸਫਾਈ, ਕੂੜਾ ਕਰਕਟ ਇਕੱਠਾ ਕਰਨਾ, ਮੁਰਦਾ ਬੰਦਿਆਂ ਤੇ ਪਸ਼ੂਆਂ ਨੂੰ ਟਿਕਾਣੇ ਲਾਉਣਾ, ਨੱਕਾਂ ਵਿਚ ਜਲੂਣ ਪੈਦਾ ਕਰਨ ਵਾਲੀ ਬਦਬੋ ਝੇਲ ਕੇ ਮਰੇ ਪਸ਼ੂਆਂ ਦਾ ਚੰਮ ਲਾਹੁਣਾ ਤੇ ਸਮਾਜ ਦੇ ਹੋਰ ਐਸੇ ਕੰਮ ਹਨ, ਜਿਨ੍ਹਾਂ ਬਾਰੇ ਹੋਰ ਕੋਈ ਆਦਮੀ/ਔਰਤ ਕਦੇ ਵੀ ਰਾਖਵੇਂਕਰਨ ਦੀ ਮੰਗ ਨਹੀਂ ਕਰਦਾ। ਇਹ ਕੰਮ "ਭਾਈ ਲਾਲੋ ਦੀ ਕੁਲ ਦੇ ਇਹਨਾਂ ਧਰਤੀ ਪੁਤਰਾਂ-ਧੀਆਂ" ਦੇ ਹਿੱਸੇ ਹੀ ਆਇਆ ਹੈ। ਪ੍ਰੰਤੂ ਅਜੇਹੇ ਸਾਰੇ ਕਾਰਜ ਕਰਨ ਦਾ ਇਵਜ਼ਾਨਾ ਹੈ : ਨਫਰਤ, ਬੇਇੱਜ਼ਤੀ, ਛੂਆ-ਛਾਤ, ਖਾਣ-ਪੀਣ ਲਈ ਵੱਖਰੇ ਬਰਤਨ, ਪਾਣੀ ਲਈ ਵੱਖਰੇ ਜਲ ਸਰੋਤ, ਪੂਜਾ ਲਈ ਅਲੱਗ ਧਰਮ ਅਸਥਾਨ, ਇੱਥੋਂ ਤੱਕ ਕਿ ਮੁਰਦਾ ਸਾੜਨ ਲਈ ਵੀ ਵੱਖਰੇ ਸ਼ਮਸ਼ਾਨ ਘਾਟ, ਜੋਕਿ ਸਭ ਤੋਂ ਵੱਧ ਅਸਹਿ ਹੈ।

ਜਾਤ ਪਾਤ ਅਧਾਰਤ ਗਾਲੀ ਗਲੋਚ, ਅਪਮਾਨ, ਹਿੰਸਕ ਹਮਲੇ ਤੇ ਦਲਿਤ ਔਰਤਾਂ ਨਾਲ ਹਰ ਤਰ੍ਹਾਂ ਦੇ ਜਿਣਸੀ ਜ਼ੁਲਮਾਂ ਦੀ ਤਾਂ ਕੋਈ ਸੀਮਾ ਹੀ ਨਹੀਂ। ਉਚ ਜਾਤੀਆਂ ਜਾਂ ਧਨਵਾਨ ਲੋਕਾਂ ਵਲੋਂ ਪ੍ਰਸ਼ਾਸਨ ਨਾਲ ਮਿਲੀਭੁਗਤ ਸਦਕਾ ਹਮੇਸ਼ਾਂ ਹੀ ਦਲਿਤਾਂ ਤੇ ਕਥਿਤ ਨੀਵੀਆਂ ਜਾਤੀਆਂ ਨਾਲ ਸਬੰਧਤ ਲੋਕਾਂ ਦੀਆਂ ਝੁਗੀਆਂ ਤੇ ਗਰੀਬ ਬਸਤੀਆਂ ਹੀ ਅਗਨ ਭੇਟ ਹੁੰਦੀਆਂ ਹਨ। ਅਜੇਹੇ ਕਿਸੇ ਜ਼ੁਲਮ ਜਾਂ ਜਿਆਦਤੀ ਵਿਰੁੱਧ ਖੜੇ ਹੋਣ ਦੀ ਸਜ਼ਾ ਤਾਂ ਉਹਨਾਂ ਨੂੰ ਕਈ ਵਾਰ ਪਿੰਡ ਜਾਂ ਮੁਹੱਲੇ ਤੋਂ ਦਰ-ਬਦਰ ਕਰਨ ਦੇ ਰੂਪ ਵਿਚ ਵੀ ਦਿੱਤੀ ਜਾਂਦੀ ਹੈ।

ਇਹ ਤਾਂ ਨਿਸ਼ਚੇ ਹੀ ਉਤਸ਼ਾਹਜਨਕ ਗੱਲ ਹੈ ਕਿ 2 ਅਪ੍ਰੈਲ ਦੇ 'ਭਾਰਤ ਬੰਦ' ਨੂੰ ਦੇਸ਼ ਭਰ ਵਿਚ ਭਰਵਾਂ ਹੁੰਗਾਰਾ ਮਿਲਿਆ। ਦਲਿਤ ਸਮਾਜ ਤੋਂ ਬਾਹਰਲੇ ਸੰਵੇਦਨਸ਼ੀਲ ਤੇ ਮਾਨਵਵਾਦੀ ਸੋਚ ਦੇ ਧਾਰਨੀ ਜਨਸਮੂਹਾਂ ਨੇ ਵੀ ਇਸ ਵਿਰੋਧ ਵਿਚ ਆਪਣੇ ਸੰਗੀਆਂ-ਸਾਥੀਆਂ ਦਾ ਭਰਵਾਂ ਸਾਥ ਦਿੱਤਾ। ਕਿਸੇ ਸ਼ਰਾਰਤੀ ਵਿਅਕਤੀ ਵਲੋਂ ਕੋਈ ਹਿੰਸਕ ਜਾਂ ਇਤਰਾਜ਼ਯੋਗ ਕਾਰਵਾਈ ਵਾਲੀ ਇੱਕੜ ਦੁੱਕੜ ਘਟਨਾ ਹੋ ਸਕਦੀ ਹੈ ਜੋ ਕਿਸੇ ਵੀ ਜਨਤਕ ਐਕਸ਼ਨ ਵਿਚ ਵਾਪਰਨਾ ਆਮ ਗੱਲ ਹੈ (ਸੰਘ ਪਰਿਵਾਰ ਨਾਲ ਸੰਬੰਧਤ ਸੈਨਾਵਾਂ ਵਲੋਂ ਹਰ ਰੋਜ਼ ਐਸੀਆਂ ਕਾਰਵਾਈਆਂ ਆਮ ਹੀ ਕੀਤੀਆਂ ਜਾਂਦੀਆਂ ਹਨ)। ਪਰ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਭ ਤੋਂ ਵੱਧ ਹਿੰਸਕ ਘਟਨਾਵਾਂ ਤੇ ਮੌਤਾਂ ਭਾਜਪਾ ਸ਼ਾਸ਼ਤ ਰਾਜਾਂ (ਯੂ.ਪੀ., ਮੱਧ ਪ੍ਰਦੇਸ਼, ਰਾਜਸਥਾਨ) ਵਿਚ ਹੀ ਵਾਪਰੀਆਂ ਹਨ। ਇਸਦੇ ਕਾਰਨਾਂ ਨੂੰ ਜਾਨਣਾ ਵੀ ਕੋਈ ਔਖਾ ਕੰਮ ਨਹੀਂ ਹੈ। ਪ੍ਰੰਤੂ ਇਸ ਗੱਲ ਨੂੰ ਡੂੰਘੀ ਚਿੰਤਾ ਤੇ ਦੁੱਖ ਨਾਲ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ ਕਿ ਕਿਰਤੀ ਜਾਂ ਪੀੜਤ ਲੋਕਾਈ ਵਲੋਂ ਕੀਤੇ ਕਿਸੇ ਰੋਸ ਐਕਸ਼ਨ (ਭਾਰਤ ਬੰਦ ਵਰਗੇ) ਦੌਰਾਨ ਹੋਏ ਜਾਨੀ ਤੇ ਮਾਲੀ ਨੁਕਸਾਨ ਅਤੇ ਆਮ ਲੋਕਾਂ ਨੂੰ ਪੇਸ਼ ਆਈਆਂ ਔਕੜਾਂ ਨੂੰ ਤਾਂ ਮੀਡੀਆ ਤੇ ਹੋਰ ਪ੍ਰਚਾਰ ਸਾਧਨਾਂ ਅੰਦਰ ਹਮੇਸ਼ਾ ਮਸਾਲੇ ਲਾ ਲਾ ਕੇ ਨਿੰਦਿਆ ਜਾਂਦਾ ਹੈ; ਜਦੋਂਕਿ ਹਰ ਦਿਨ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਭਰਿਸ਼ਟ ਕਾਰਵਾਈਆਂ ਕਾਰਨ ਦੇਸ਼ ਦੇ ਲੋਕਾਂ ਦਾ ਜੋ ਅਰਬਾਂ-ਖਰਬਾਂ ਦਾ ਧਨ ਲੁੱਟਿਆ ਜਾ ਰਿਹਾ ਹੈ ਤੇ ਹਜ਼ਾਰਾਂ ਲੋਕ ਭੁੱਖ, ਬਿਮਾਰੀਆਂ ਤੇ ਦੂਸਰੀਆਂ ਆਰਥਿਕ ਤੰਗੀਆਂ ਨਾਲ ਅਣਆਈ ਮੌਤੇ ਮਰ ਰਹੇ ਹਨ, ਉਹਨਾਂ ਦਾ ਬਹੁਤੀ ਵਾਰ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਇਸ ਪੱਖਪਾਤੀ ਵਤੀਰੇ ਤੋਂ ਹੀ ਸਮਝਿਆ ਜਾ ਸਕਦਾ ਹੈ ਕਿ ਮੌਜੂਦਾ ਢਾਂਚੇ ਦਾ ਕਿਰਦਾਰ ਮਿਹਨਤਕਸ਼ ਲੋਕਾਂ ਦੇ ਨਜ਼ਰੀਏ ਤੋਂ ਕਿੰਨਾ ਕੁ ਨਿਰਪੱਖ, ਆਜ਼ਾਦ ਤੇ ਤਰਕ ਸੰਗਤ ਹੈ। ਹੁਣ ਦੇਸ਼ ਭਰ ਵਿਚ 'ਭਾਰਤ ਬੰਦ' ਵਿਚ ਹਿੱਸਾ ਲੈਣ ਵਾਲੇ ਲੋਕਾਂ ਵਿਰੁੱਧ ਝੂਠੇ ਮੁਕਦਮੇਂ ਦਰਜ ਕੀਤੇ ਜਾ ਰਹੇ ਹਨ। ਘੋਰ ਅਪਰਾਧੀਆਂ, ਘਿਰਣਾਜਨਕ ਮੁਜ਼ਰਮਾਂ ਤੇ ਉਨ੍ਹਾਂ ਦੀਆਂ ਰਖੇਲ ਸਰਕਾਰਾਂ ਵਲੋਂ ਹੱਕੀ ਲੜਾਈ ਲੜਨ ਵਾਲੇ ਬੇਗੁਨਾਹ ਲੋਕਾਂ ਨਾਲ ਇਹ ਵਰਤਾਅ "ਉਲਟਾ ਚੋਰ ਕੋਤਵਾਲ ਕੋ ਡਾਂਟੇ" ਵਾਲੀ ਕਹਾਵਤ ਨਾਲ ਸਪੱਸ਼ਟ ਰੂਪ ਵਿਚ ਮੇਲ ਖਾਂਦਾ ਹੈ।

### ਮਨੂੰਵਾਦੀ ਜਬਰ ਦਾ ਮੁੱਢ

ਸਮਾਜਿਕ ਵਿਗਿਆਨ ਦੇ ਨਜ਼ਰੀਏ ਤੋਂ ਜਾਤੀ ਪਾਤੀ ਵੰਡ ਤੇ ਸਮਾਜਿਕ ਜਬਰ ਦਾ ਦੁਖਾਂਤ ਪੂਰਬ-ਪੂੰਜੀਵਾਦੀ ਪ੍ਰਬੰਧਾਂ ਦੀ ਉਪਜ ਹੈ। ਮੌਜੂਦਾ ਪੂੰਜੀਵਾਦੀ ਵਿਵਸਥਾ ਨੇ ਆਪਣੀ ਸਮਾਜਿਕ ਤੇ ਇਤਿਹਾਸਕ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ ਤੇ ਪਿਛਾਖੜੀ ਜਗੀਰੂ ਆਰਥਿਕ ਵਿਵਸਥਾ ਤੇ ਇਸ ਉਪਰ ਉਸਰੇ ਸਮਾਜਿਕ-ਸੱਭਿਆਚਾਰਕ 'ਉਸਾਰ' ਦਾ ਖਾਤਮਾ ਨਹੀਂ ਕੀਤਾ। ਇਸਦੇ ਵਿਪਰੀਤ ਪੂੰਜੀਵਾਦੀ ਆਰਥਿਕ ਵਿਵਸਥਾ, ਜਦੋਂ ਆਪ ਸਾਮਰਾਜੀ ਦੌਰ ਵਿਚ ਪ੍ਰਵੇਸ਼ ਕਰ ਕੇ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੋ ਗਈ ਹੈ, ਤਦ ਇਸਨੇ ਨਿੱਘਰ ਰਹੀ ਜਗੀਰਦਾਰੀ ਨੂੰ ਖਤਮ ਕਰਨ ਦਾ ਪੈਂਤੜਾ ਤਿਆਗ ਕੇ ਉਸ ਨਾਲ ਸਾਂਝਾਂ ਪਾ ਲਈਆਂ ਹਨ। ਦੇਸ਼ ਅੰਦਰ ਵਿੱਤੀ ਪੂੰਜੀ ਦੀ ਪੱਧਰ 'ਤੇ ਪੁੱਜੇ ਸਰਮਾਏਦਾਰੀ ਢਾਂਚੇ ਨੇ ਇਤਿਹਾਸਕ ਤੌਰ 'ਤੇ ਆਪਣੇ ਆਰੰਭਕ ਪੂੰਜੀਵਾਦੀ ਅਗਾਂਹਵਧੂ ਕਿਰਦਾਰ ਦਾ ਪੂਰੀ ਤਰ੍ਹਾਂ ਤਿਆਗ ਕਰਕੇ ਆਜ਼ਾਦੀ, ਜਮਹੂਰੀਅਤ ਤੇ ਬਰਾਬਰਤਾ ਦੇ ਅਸੂਲਾਂ ਦੀ ਬਲੀ ਦੇ ਦਿੱਤੀ ਹੈ। ਨਾਲ ਹੀ ਇਸ ਵਲੋਂ ਵੇਲਾ ਵਿਹਾ ਚੁੱਕੀਆਂ ਜਗੀਰੂ ਤੇ ਅਰਧ ਜਗੀਰੂ ਕਦਰਾਂ ਕੀਮਤਾਂ ਅਤੇ ਸਮਾਜਿਕ ਤੇ ਸਭਿਆਚਾਰਕ ਸਰੋਕਾਰਾਂ ਦੀ ਪੂਰੀ ਤਰ੍ਹਾਂ ਪੁਸ਼ਤ ਪਨਾਹੀ ਕੀਤੀ ਜਾ ਰਹੀ ਹੈ। ਇਨ੍ਹਾਂ ਪ੍ਰਸਥਿਤੀਆਂ ਅਧੀਨ ਭਾਰਤ ਅੰਦਰ ਪੂਰਬ-ਪੂੰਜੀਵਾਦੀ ਪ੍ਰਬੰਧ ਦੀਆਂ ਜਾਤਪਾਤ ਵਰਗੀਆਂ ਲਾਅਨਤਾਂ ਤੇ ਸਮਾਜਿਕ ਜਬਰ ਕਾਇਮ ਹੀ ਨਹੀਂ, ਸਗੋਂ ਨਿੱਤ ਵੱਧਦਾ ਜਾ ਰਿਹਾ ਹੈ।

ਇਸ ਤੋਂ ਵੀ ਅੱਗੇ ਜਾ ਕੇ ਨਰਿੰਦਰ ਮੋਦੀ ਦੀ ਸਰਕਾਰ ਤੇ ਸੰਘ ਪਰਿਵਾਰ ਵਲੋਂ ਤਾਂ ਦੇਸ਼ ਅੰਦਰ ਮਨੂੰਵਾਦੀ ਵਿਵਸਥਾ ਨੂੰ ਮੁੜ ਸਥਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਜਿਸਦੇ ਫਲਸਰੂਪ ਇਹ ਸਮਾਜਕ ਜਬਰ ਦਿਨੋਂ ਦਿਨ ਵੱਧਦਾ ਤੇ ਵਧੇਰੇ ਵਹਿਸ਼ਿਆਨਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਦੇਸ਼ ਦੀਆਂ ਇਨਕਲਾਬੀ ਧਿਰਾਂ, ਜਿਨ੍ਹਾਂ ਨੇ ਭਾਰਤ ਅੰਦਰ ਸਰਮਾਏਦਾਰੀ-ਜਗੀਰਦਾਰੀ ਪ੍ਰਬੰਧ ਨੂੰ ਖਤਮ ਕਰਕੇ ਲੁੱਟ ਰਹਿਤ ਸਮਾਜਕ ਢਾਂਚੇ ਦੀ ਸਥਾਪਤੀ (ਸਮਾਜਵਾਦ) ਦਾ ਨਿਸ਼ਾਨਾ ਮਿਥਿਆ ਹੋਇਆ ਹੈ, ਨੂੰ ਪੂੰਜੀਵਾਦੀ ਪ੍ਰਬੰਧ ਦੇ ਖਾਤਮੇਂ ਦੇ ਨਾਲ ਨਾਲ ਜਾਗੀਰੂ-ਸਭਿਆਚਾਰਕ ਵਿਵਸਥਾਵਾਂ ਨੂੰ ਵੀ ਨਸ਼ਟ ਕਰਨਾ ਹੋਵੇਗਾ। ਇਸ ਮੰਤਵ ਲਈ ਪੂਰਬ-ਪੂੰਜੀਵਾਦੀ ਪੈਦਾਵਾਰੀ ਰਿਸ਼ਤਿਆਂ ਹੇਠ ਪਨਪੇ ਜਾਤੀਪਾਤੀ, ਛੂਆਛਾਤੀ ਤੇ ਹੋਰ ਗੈਰ ਮਨੁੱਖੀ ਰਸਮਾਂ ਰਿਵਾਜ਼ਾਂ ਦਾ ਖਾਤਮਾ ਕਰਨਾ ਵੀ ਸਮੁੱਚੇ ਜਮਾਤੀ ਘੋਲਾਂ ਦਾ ਅਨਿੱਖੜਵਾਂ ਅੰਗ ਸਮਝਿਆ ਜਾਣਾ ਚਾਹੀਦਾ ਹੈ। ਇਹਨਾਂ ਵਿਰੁੱਧ ਸੰਘਰਸ਼ ਕੀਤੇ ਬਿਨਾਂ ਪਿਛਾਖੜੀ ਮਨੂੰਵਾਦੀ ਵਿਵਸਥਾ ਤੋਂ ਪੀੜਤ ਲੋਕਾਈ ਨੂੰ ਸਰਮਾਏਦਾਰੀ ਵਿਰੁੱਧ ਲੜੇ ਜਾ ਰਹੇ ਸੰਘਰਸ਼ ਵਿਚ ਭਾਗੀਦਾਰ ਨਹੀਂ ਬਣਾਇਆ ਜਾ ਸਕਦਾ। ਇਹ ਕਾਰਜ ਸਮਾਜ ਦੇ ਇਸ ਅਤੀ ਪੀੜਤ ਹਿੱਸੇ (ਦਲਿਤਾਂ ਤੇ ਦੂਸਰੀਆਂ ਪਛੜੀਆਂ ਜਾਤੀਆਂ ਦੇ ਲੋਕਾਂ) ਪ੍ਰਤੀ ਦਿਖਾਈ ਗਈ ਕੋਈ ਦਿਆਲੂ ਜਾਂ ਤਰਸ ਦੀ ਭਾਵਨਾ ਤਹਿਤ ਨਹੀਂ, ਬਲਕਿ ਇਨਕਲਾਬੀ ਤਾਕਤਾਂ ਵਲੋਂ ਪੂੰਜੀਵਾਦੀ ਵਿਵਸਥਾ ਦਾ ਖਾਤਮਾ ਕਰਕੇ ਸਮਾਜਵਾਦੀ ਪ੍ਰਬੰਧ ਦੀ ਕਾਇਮੀ ਲਈ ਲੜੇ ਜਾ ਰਹੇ ਯੁੱਧ ਦੀ ਸਫਲਤਾ ਲਈ ਇਕ ਕੁੰਜੀਵਤ ਕੰਮ ਹੈ।

### ਖੱਬੀਆਂ ਸ਼ਕਤੀਆਂ ਦੀ ਜ਼ਿੰਮੇਵਾਰੀ

ਦਲਿਤ ਸਮਾਜ ਨੂੰ ਸਮਾਜਿਕ ਜਬਰ ਵਿਰੁੱਧ ਲੜਾਈ ਵਿਚ ਖਿੱਚਣ ਲਈ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੇ ਜਿੱਥੇ ਆਪਣੀ ਬਣਦੀ ਜਮਾਤੀ ਜ਼ਿੰਮੇਵਾਰੀ ਨਿਭਾਉਣੀ ਹੈ, ਉਥੇ ਨਾਲ ਹੀ ਦਲਿਤ ਲਹਿਰ ਨੂੰ ਕਿਸੇ ਜਾਤੀ ਪਾਤੀ ਜਾਂ ਵੰਡਵਾਦੀ ਰਾਜਸੀ ਧਾਰਾ ਵਿਚ ਸ਼ਾਮਿਲ ਹੋਣ ਤੋਂ ਰੋਕਣ ਤੇ ਇਸ ਨੂੰ ਸਮੁੱਚੀ ਜਮਹੂਰੀ ਲਹਿਰ ਦਾ ਅੰਗ ਬਣਨ ਲਈ ਤਿਆਰ ਕਰਨ ਵਾਸਤੇ ਵੀ ਪੂਰੀ ਤਾਕਤ ਲਗਾਉਣੀ ਹੋਵੇਗੀ। ਪੂੰਜੀਵਾਦੀ ਤਾਕਤਾਂ ਤੋਂ ਦਲਿਤ ਸਮਾਜ ਸਮੇਤ ਸਮੁੱਚੀ ਮਜ਼ਦੂਰ ਜਮਾਤ ਤੇ ਦੂਸਰੇ ਮਿਹਨਤਕਸ਼ ਲੋਕਾਂ ਨੂੰ ਜਿੰਨਾ ਖਤਰਾ ਹੈ, ਓਨਾ ਹੀ ਖਤਰਾ ਉਨ੍ਹਾਂ ਜਾਤੀਪਾਤੀ ਤੇ ਵੰਡਵਾਦੀ ਰਾਜਸੀ ਤੇ ਸਮਾਜਿਕ ਤਾਕਤਾਂ ਤੋਂ ਵੀ ਹੈ, ਜੋ ਦਲਿਤ ਸ਼ਕਤੀ ਨੂੰ ਆਪਣੇ ਸੌੜੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਇਸਤੇਮਾਲ ਕਰਨਾ ਚਾਹੁੰਦੀਆਂ ਹਨ ਤੇ ਇਸਨੂੰ ਮੌਜੂਦਾ ਲੁਟੇਰੇ ਪੂੰਜੀਵਾਦੀ ਢਾਂਚੇ ਅੰਦਰ ਹੀ ਕੁਝ ਨਿਮਾਣੀਆਂ ਜਿਹੀਆਂ ਦਾਨ ਰੂਪੀ ਸਹੂਲਤਾਂ ਨਾਲ ਨਿਵਾਜ਼ ਕੇ ਬਾਕੀ ਦੁੱਖਾਂ ਮਾਰੀ ਜ਼ਿੰਦਗੀ ਨੂੰ ਬਰਦਾਸ਼ਤ ਕਰਨ ਦੇ ਆਦੀ ਬਣਾਉਣਾ ਚਾਹੁੰਦੀਆਂ ਹਨ। ਆਰਥਿਕ ਪੱਖੋਂ ਲੁੱਟੇ ਪੁੱਟੇ ਜਾ ਰਹੇ ਤੇ ਸਮਾਜਿਕ ਜਬਰ ਨਾਲ ਦੋ ਚਾਰ ਹੋ ਰਹੇ ਦਲਿਤ ਭਾਈਚਾਰੇ ਨੂੰ ਇਸ ਪੱਖੋਂ ਵੀ ਚੇਤਨ ਕਰਨਾ ਹੋਵੇਗਾ ਕਿ ਸਮਾਜਿਕ ਜਬਰ ਤੇ ਆਰਥਿਕ ਤੰਗੀਆਂ ਦਾ ਖਾਤਮਾ ਕਰਨ ਲਈ ਮਜ਼ਦੂਰ ਵਰਗ ਦਾ ਰਾਜ ਸੱਤਾ 'ਤੇ ਕਬਜ਼ਾ ਹੋਣਾ ਜ਼ਰੂਰੀ ਹੈ, ਜੋ ਸਮੁੱਚੀ ਮਜ਼ਦੂਰ ਜਮਾਤ (ਜਿਸਦਾ ਦਲਿਤ ਸਮਾਜ ਇਕ ਅਤੀ ਜ਼ਰੂਰੀ ਤੇ ਅਟੁੱਟ ਅੰਗ ਹੈ) ਨਾਲ ਹੋਰ ਬੇਜ਼ਮੀਨੇ ਕਿਰਤੀਆਂ ਤੇ ਗਰੀਬ ਕਿਸਾਨਾਂ ਦੀ ਮਜ਼ਬੂਤ ਏਕਤਾ ਤੇ ਦਰਿੜਤਾ ਭਰਪੂਰ ਸੰਘਰਸ਼ ਤੋਂ ਬਿਨ੍ਹਾਂ ਅਸੰਭਵ ਹੈ।

ਸਮਾਜ ਦੇ ਸਮੁੱਚੇ ਪੈਦਾਵਾਰੀ ਸਾਧਨਾਂ ਉਪਰ ਕਬਜ਼ੇ ਦੀ ਜੰਗ ਜਿੱਤਣੀ ਮਜ਼ਦੂਰ ਜਮਾਤ ਤੇ ਕਿਸਾਨੀ ਦੇ 'ਵਿਸ਼ਾਲ ਏਕੇ' ਨਾਲ ਹੀ ਸੰਭਵ ਹੈ, ਜਿਸ ਜਿੱਤ ਤੋਂ ਬਾਅਦ ਆਰਥਿਕ ਲੁੱਟ ਖਸੁੱਟ ਦੇ ਨਾਲ ਨਾਲ ਸਮਾਜਿਕ ਅਨਿਆਂ ਦਾ ਵੀ ਲਾਜ਼ਮੀ ਖਾਤਮਾ ਹੋ ਸਕੇਗਾ। ਇਸ ਸਮਾਜਿਕ ਜਬਰ ਦਾ ਇਕ ਕਾਰਨ ਦਲਿਤ ਸਮਾਜ ਦਾ ਪੈਦਾਵਾਰੀ ਸਾਧਨਾਂ ਤੋਂ ਵਿਰਵੇ ਹੋਣਾ ਵੀ ਹੈ। ਇਸਦੇ ਨਾਲ ਹੀ, ਗੈਰ-ਦਲਿਤ ਮਜ਼ਦੂਰ ਵਰਗ, ਕਿਸਾਨੀ ਤੇ ਦੂਸਰੇ ਜਮਹੂਰੀ ਤਬਕਿਆਂ ਨੂੰ ਦਲਿਤਾਂ ਦੀ ਸਮਾਜਕ ਜਬਰ ਵਿਰੋਧੀ ਲੜਾਈ ਦੇ ਖਿਲਾਫ ਖੜ੍ਹੇ ਹੋਣ ਦੀ ਥਾਂ ਉਨ੍ਹਾਂ ਦਾ ਪੂਰਨ ਰੂਪ ਵਿਚ ਸਹਿਯੋਗ ਦੇਣ ਦੇ ਰਾਹ ਤੋਰਨਾ ਵੀ ਇਨਕਲਾਬੀ ਧਿਰਾਂ ਦੀ ਇਕ ਅਹਿਮ ਜ਼ਿੰਮੇਵਾਰੀ ਹੈ। ਬਹੁਤੀ ਵਾਰ ਜਾਤ-ਪਾਤ ਅਧਾਰਤ ਸਮਾਜਿਕ ਜਬਰ ਦਾ ਪੂਰਾ ਅਹਿਸਾਸ ਗੈਰ ਦਲਿਤ ਮਜ਼ਦੂਰ ਵਰਗ ਜਾਂ ਦੂਸਰੇ ਮਿਹਨਤਕਸ਼ ਲੋਕਾਂ ਨੂੰ ਨਹੀਂ ਹੁੰਦਾ।

### ਨਾਵਾਜ਼ਬ ਨੁਕਤਾਚੀਨੀ

ਏਸੇ ਲਈ ਕਈ ਵਾਰ ਵੋਟਾਂ ਦੇ ਸ਼ਾਤਰ ਵਪਾਰੀਆਂ ਵਲੋਂ ਰੀਜ਼ਰਵੇਸ਼ਨ ਦੇ ਵਿਰੋਧ ਜਾਂ ਪੱਖ ਵਿਚ ਨਵੇਂ ਨਵੇਂ ਨਾਅਰੇ ਉਭਾਰੇ ਜਾਂਦੇ ਹਨ। ਜਿਹਨਾਂ ਦਾ ਕਈ ਅਨਭੋਲ ਤੇ ਸਾਧਾਰਨ ਲੋਕੀਂ ਵੀ ਅਕਸਰ ਸ਼ਿਕਾਰ ਬਣ ਜਾਂਦੇ ਹਨ। ਵਿਸ਼ਾਲ ਬੇਰੋਜ਼ਗਾਰੀ ਦੇ ਇਸ ਦੌਰ ਵਿਚ ਕਈ ਵਾਰ ਅਜੇਹੇ ਦੰਭੀ ਨਾਅਰੇ ਥੋੜੀ ਬਹੁਤ ਸਫਲਤਾ ਵੀ ਪ੍ਰਾਪਤ ਕਰ ਜਾਂਦੇ ਹਨ। ਅਜੇਹੇ ਕੁਝ ਲੋਕਾਂ ਵਲੋਂ ਸੁਪਰੀਮ ਕੋਰਟ ਦੇ ਫੈਸਲੇ ਵਿਰੁੱਧ ਦਲਿਤਾਂ ਅੰਦਰ ਫੁੱਟੇ ਵਿਆਪਕ ਰੋਹ ਨੂੰ ਵੀ ਰੀਜ਼ਰਵੇਸ਼ਨ ਦਾ ਰੰਗ ਚਾੜ੍ਹਨ ਦਾ ਕੋਝਾ ਯਤਨ ਕੀਤਾ ਗਿਆ ਹੈ। ਜਦੋਂਕਿ ਦੇਸ਼ ਦੇ ਸਰਵਪੱਖੀ ਵਿਕਾਸ ਵਾਸਤੇ ਪੈਦਾਵਾਰੀ ਸ਼ਕਤੀਆਂ ਦੇ ਨਿਰਮਾਣ ਹਿੱਤ, ਹਜ਼ਾਰਾਂ ਸਾਲਾਂ ਤੋਂ ਹਰ ਤਰ੍ਹਾਂ ਦੀਆਂ ਸਮਾਜਿਕ-ਆਰਥਕ ਸਹੂਲਤਾਂ ਤੋਂ ਵੰਚਿਤ ਰੱਖੇ ਗਏ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਦੇ ਲੋਕਾਂ ਅੰਦਰ ਮਾਨਵਵਾਦੀ ਬਰਾਬਰਤਾ ਦੇ ਅਹਿਸਾਸ ਜਗਾਉਣ ਲਈ ਰੀਜ਼ਰਵੇਸ਼ਨ ਦੀ ਅਜੇਹੀ ਵਿਵਸਥਾ ਕਰਨਾ ਪੂਰੀ ਤਰ੍ਹਾਂ ਦਰੁਸਤ ਵੀ ਸੀ ਅਤੇ ਜ਼ਰੂਰੀ ਵੀ। ਪ੍ਰੰਤੂ ਹੁਣ ਤਾਂ ਇਹ ਵਿਵਸਥਾ ਵੀ ਇਕ ਹੱਦ ਤੱਕ ਅਰਥਹੀਣ ਹੋ ਚੁੱਕੀ ਹੈ। ਕਿਉਂਕਿ ਹੁਣ ਤਾਂ ਕੇਂਦਰੀ ਤੇ ਰਾਜ ਸਰਕਾਰਾਂ ਨੇ ਸਰਕਾਰੀ ਤੇ ਅਰਧ ਸਰਕਾਰੀ ਨੌਕਰੀਆਂ ਦਾ ਵੱਡੀ ਹੱਦ ਤੱਕ ਭੋਗ ਹੀ ਪਾ ਦਿੱਤਾ ਹੈ। ਜਿਸ ਦੇ ਫਲਸਰੂਪ ਕਿਸੇ ਵੀ ਜਾਤੀ ਦੇ ਜੰਮਪਲ ਨੂੰ ਕੋਈ ਸਰਕਾਰੀ ਨੌਕਰੀ ਮਿਲਣੀ ਵੱਡੀ ਮੁਸ਼ਕਲ ਬਣ ਚੁੱਕੀ ਹੈ। ਇਹ ਮੁਸ਼ਕਲ ਜਾਤੀ ਅਧਾਰਤ ਰੀਜ਼ਰਵੇਸ਼ਨ ਪੱਖੋਂ ਵੀ ਅਤੇ ਆਰਥਕ ਆਧਾਰ 'ਤੇ ਰੀਜ਼ਰਵੇਸ਼ਨ ਪੱਖੋਂ ਵੀ ਇਕੋ ਜਹੀ ਚਿੰਤਾਜਨਕ ਹੈ। ਏਥੇ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਮੋਦੀ-ਮਨਮੋਹਨ ਸਿੰਘ ਮਾਰਕਾ ਕਾਰਪੋਰੇਟ ਪੱਖੀ ਵਿਕਾਸ ਮਾਡਲ ਨਿਰਾ ਰੁਜ਼ਗਾਰ ਹੀ ਨਹੀਂ ਬਲਕਿ ਰੁਜ਼ਗਾਰ ਦੇ ਮੌਕਿਆਂ ਨੂੰ ਸਪੱਸ਼ਟ ਰੂਪ ਵਿਚ ਨਿਗਲਦਾ ਵੀ ਜਾ ਰਿਹਾ ਹੈ। ਉਦਾਹਰਣ ਵਜੋਂ ਹਰ ਸਾਲ ਯਾਤਰੀ ਟਰੇਨਾਂ ਤੇ ਮਾਲ ਗੱਡੀਆਂ ਦੀ ਗਿਣਤੀ ਤੇ ਰਫਤਾਰ ਦੋਵੇਂ ਹੀ ਵਧਾਈਆਂ ਜਾ ਰਹੀਆਂ ਹਨ ਪ੍ਰੰਤੂ ਰੇਲ ਮੁਲਾਜ਼ਮਾਂ ਦੀ ਗਿਣਤੀ ਘਟਾਕੇ ਅੱਧੀ ਕਰ ਦਿੱਤੀ ਗਈ ਹੈ। ਇਹਨਾਂ ਹਾਲਤਾਂ ਵਿਚ ਦੋਵਾਂ ਮਿਹਨਤਕਸ਼ ਧਿਰਾਂ ਨੂੰ ਇਕਜੁਟ ਕਰਨਾ, ਰਾਜਨੀਤਕ ਤੇ ਵਿਚਾਰਧਾਰਕ ਤੌਰ 'ਤੇ ਸੁਚੇਤ ਕਰਨਾ ਅਤੇ ਸਾਂਝੇ ਦੁਸ਼ਮਣ 'ਪੂੰਜੀਵਾਦੀ ਢਾਂਚੇ' ਵਿਰੁੱਧ ਫੈਸਲਾਕੁੰਨ ਸੰਘਰਸ਼ ਲਾਮਬੰਦ ਕਰਨੇ ਇਨਕਲਾਬੀ ਲਹਿਰ ਦਾ ਇਤਿਹਾਸਕ ਜ਼ਿੰਮਾ ਹੈ।



ਮੰਗਤ ਰਾਮ ਪਾਸਲਾ

ਦਲਿਤ ਸਮਾਜ ਨੂੰ ਇਕੱਲੇ ਸਫਾਈ ਕਰਮਚਾਰੀ ਜਾਂ ਪੇਂਡੂ ਖੇਤਰਾਂ ਵਿਚ ਖੇਤ ਮਜ਼ਦੂਰਾਂ ਤੱਕ ਸੀਮਤ ਰੱਖਣਾ ਵੀ ਗਲਤ ਹੋਵੇਗਾ। ਦਲਿਤ ਭਾਈਚਾਰਾ, ਜੋ ਖੇਤੀਬਾੜੀ ਵਿਚੋਂ ਮਸ਼ੀਨੀਕਰਨ ਕਰਕੇ ਬੇਕਾਰ ਕਰ ਦਿੱਤਾ ਗਿਆ ਹੈ, ਹੁਣ ਵੱਖ ਵੱਖ ਖੇਤਰਾਂ ਵਿਚ ਆਪਣੀ ਰੋਟੀ ਰੋਜ਼ੀ ਲਈ ਔਕੀਂ-ਪਲਾਹੀ ਹੱਥ ਪੈਰ ਮਾਰ ਰਿਹਾ ਹੈ। ਸਨਅਤੀ ਕਾਮਿਆਂ, ਗੈਰ ਜਥੇਬੰਦ ਮਜ਼ਦੂਰਾਂ ਦੀਆਂ ਵੱਖ ਵੱਖ ਸਨਅਤਾਂ ਜਾਂ ਕਿੱਤਿਆਂ ਤੇ ਹੋਰ ਛੋਟੇ ਮੋਟੇ ਧੰਦੇ, ਜੋ ਬਹੁਤ ਹੀ ਨੀਵੀਂ ਪੱਧਰ ਦੀ ਗੈਰ ਤਸੱਲੀਬਖ਼ਸ਼ ਉਜਰਤ ਦੇ ਰਹੇ ਹੋਣ, ਵਿਚ ਦਲਿਤ ਕਿਰਤੀਆਂ ਦੀ ਸੰਖਿਆ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਲਈ ਦਲਿਤ, ਭਾਵੇਂ ਇਹ ਕਿਸੇ ਵੀ ਸਨਅਤ ਵਿਚ ਕੰਮ ਕਰਦੇ ਹੋਣ ਜਾਂ ਬੇਕਾਰਾਂ ਦੀ ਕਤਾਰ ਵਿਚ ਖੜ੍ਹੇ ਹੋਣ, ਉਨ੍ਹਾਂ ਦੀਆਂ ਆਰਥਿਕ ਮੰਗਾਂ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਵੱਲ ਵੀ ਪੂਰਾ ਪੂਰਾ ਧਿਆਨ ਦੇਣਾ ਹੋਵੇਗਾ। ਬਿਨਾਂ ਸ਼ੱਕ ਦਲਿਤ ਸਮਾਜ ਨਾਲ ਸੰਬੰਧਤ ਇਕ ਛੋਟਾ ਜਿਹਾ ਭਾਗ ਰਾਖਵੇਂਕਰਨ ਤੇ ਮੌਜੂਦਾ ਸੰਵਿਧਾਨ ਵਿਚ ਦਰਜ ਹੋਰ ਸਹੂਲਤਾਂ ਦੀ ਮਦਦ ਨਾਲ ਚੰਗੀ ਜ਼ਿੰਦਗੀ ਬਤੀਤ ਕਰਨ ਦੇ ਸਮਰਥ ਹੋ ਗਿਆ ਹੈ। ਅਫਸਰਸ਼ਾਹੀ ਤੇ ਹਾਕਮ ਜਮਾਤਾਂ ਦੀਆਂ ਕੁਝ ਸੀਟਾਂ ਉਪਰ ਵੀ ਸਮਾਜ ਦੇ ਇਸ ਔਤ ਪਛੜੇ ਵਰਗ ਦੇ ਕੁੱਝ ਲੋਕ ਬੈਠੇ ਦਿਖਾਈ ਦਿੰਦੇ ਹਨ। ਪ੍ਰੰਤੂ ਇਨ੍ਹਾਂ ਚੰਦ ਕੁ ਲੋਕਾਂ ਦੇ ਉਚਿਆਏ ਜੀਵਨ ਪੱਧਰ ਨੂੰ ਦੇਖ ਕੇ ਜਾਂ, ਇਸੇ ਤਰ੍ਹਾਂ, ਹਰ ਦਲਿਤ ਦੀਆਂ ਮੌਜੂਦਾ ਸੰਵਿਧਾਨ ਦੀਆਂ ਵਲਗਣਾਂ ਵਿਚ ਹੀ ਚੰਗੇ ਜੀਵਨ ਦੀਆਂ ਆਸਾਂ ਦੀ ਪੂਰਤੀ ਹੋ ਜਾਣ ਦਾ ਸੁਪਨਾ ਲੈਣਾ, ਨਿਰਾ ਸ਼ੇਖਚਿੱਲੀਵਾਦ ਤੇ ਅਗਿਆਨਤਾ ਹੋਵੇਗੀ। ਆਰਥਕ ਤੇ ਸਮਾਜੀ ਪੱਖ ਤੋਂ ਇਹ ਮੁੱਠੀ ਭਰ ਵਿਅਕਤੀ ਜਦੋਂ ਹਾਕਮ ਧਿਰਾਂ ਦੇ ਨਾਲ ਰਲੇਵਾਂ ਕਰ ਲੈਂਦੇ ਹਨ ਜਾਂ ਉਸਦੇ ਨੇੜੇ ਤੇੜੇ ਪੁੱਜ ਜਾਂਦੇ ਹਨ, ਤਦ ਇਨ੍ਹਾਂ ਦਾ ਸਮਾਜੀ ਤੇ ਜਮਾਤੀ ਕਿਰਦਾਰ ਵੀ ਕਾਫੀ ਹੱਦ ਤੱਕ ਬਦਲ ਜਾਂਦਾ ਹੈ। ਇਹੀ ਲੋਕ ਸੰਵਿਧਾਨ ਵਿਚਲੀਆਂ ਵੱਖ ਵੱਖ ਧਾਰਾਵਾਂ ਦੀ ਵਰਤੋਂ ਕਰਦੇ ਹੋਏ ਆਪਣੇ ਅਹੁਦਿਆਂ ਦਾ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਲਾਹਾ ਵੀ ਲੈਂਦੇ ਹਨ। ਪ੍ਰੰਤੂ ਸਮੁੱਚੇ ਦਲਿਤ ਸਮਾਜ ਦੀ ਦਰਿਦਰਤਾ ਤੇ ਸਮਾਜਿਕ ਜਬਰ ਤੋਂ ਮੁਕਤੀ ਲਈ ਇਹ ਆਮ ਵਰਤਾਰਾ ਕਦਾਚਿਤ ਨਹੀਂ ਹੋ ਸਕਦਾ। ਇਸ ਲਈ ਪੂੰਜੀਵਾਦੀ ਸਮਾਜ ਵਿਚ ਬਾਕੀ ਮਿਹਨਤਕਸ਼ਾਂ ਦੇ ਨਾਲ ਨਾਲ ਦਲਿਤ ਵਰਗ ਨਾਲ ਸਬੰਧਤ ਕਿਰਤੀ ਲੋਕਾਂ ਨੂੰ ਆਪਣੀ ਬੰਦ ਖਲਾਸੀ ਲਈ ਦੋਹਰੀ ਲੜਾਈ ਲੜਨੀ ਹੋਵੇਗੀ; ਪੂਰਬ-ਪੂੰਜੀਵਾਦੀ ਜਗੀਰੂ ਤੇ ਅਰਧ ਜਗੀਰੂ ਸੰਬੰਧਾਂ ਤੇ ਕਦਰਾਂ ਕੀਮਤਾਂ ਵਿਰੁੱਧ ਲੜਾਈ ਤੇ ਪੂੰਜੀਵਾਦੀ ਢਾਂਚੇ ਦੀ ਲੁੱਟ ਖਸੁੱਟ ਤੋਂ ਨਿਜ਼ਾਤ ਹਾਸਲ ਕਰਨ ਦਾ ਸੰਘਰਸ਼। ਦੋਨਾਂ ਦੇ ਸੁਮੇਲ ਨਾਲ ਹੀ ਸਦੀਆਂ ਤੋਂ ਲੁੱਟੇ ਤੇ ਨਪੀੜੇ ਜਾ ਰਹੇ ਸਮਾਜ ਦੇ ਇਸ ਹਿੱਸੇ ਨੂੰ ਕੋਈ ਰੋਸ਼ਨੀ ਦੀ ਕਿਰਨ ਦਿਖਾਈ ਦੇ ਸਕਦੀ ਹੈ।

# ਇੱਕ ਸੂਝਵਾਨ ਅਤੇ ਸਿੱਖਿਅਤ ਮਾਂ ਹੀ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਕਰ ਸਕਦੀ ਹੈ



ਪਰਮਜੀਤ ਕੌਰ ਸੋਢੀ
91-94786-58384

ਦੇ ਦੋਸੁ ਨਾ ਦੇਉ ਕਿਸੇ, ਦੋਸੁ ਕਰੰਮਾ ਆਪਣਿਆ। ਜੋ ਮੈ ਕੀਆ ਸੋ ਮੈ ਪਾਇਆ। ਦੋਸੁ ਨਾ ਦੀਜੇ ਅਵਰ ਜਨਾ।

ਇਤਿਹਾਸ ਕਿਸੇ ਸਮਾਜ ਦੀ ਪਰਖ ਕਸਵੱਟੀ ਹੁੰਦਾ ਹੈ। ਜਿਸ ਤੇ ਸਮਾਜ ਵਿਕਸਦਾ ਹੈ ਜੀ।ਇਸ ਲਈ ਇੱਕ ਸੂਝਵਾਨ ਅਤੇ ਚੰਗੀ ਨਾਰੀ (ਮਾਂ) ਹੀ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਕਰ ਸਕਦੀ ਹੈ ਜੀ। ਅੱਜ ਦੀ ਨਾਰੀ ਅਬਲਾ ਨਹੀਂ ਸਬਲਾ ਬਣ ਕੇ ਰਹੇ ਤਾਂ ਕਿ ਆਪਣੀ ਅਗਾਂਹ ਵਧੂ ਸੋਚ ਨਾਲ ਸਮਾਜ ਨੂੰ ਅਗਾਂਹ ਵਧੂ ਬਣਾ ਸਕੇ। ਇੱਕ ਔਰਤ ਦੀ ਸੋਹਣੀ ਸੂਰਤ ਨਾਲੋਂ ਸੋਹਣੀ ਸੀਰਤ ਦਾ ਹੋਣਾ ਬੇਹੱਦ ਜਰੂਰੀ ਹੈ ਜੀ। ਇਸ ਦੇ ਨਾਲ,ਨਾਲ ਔਰਤ ਵਿੱਚ ਨਿਮਰਤਾ, ਲੱਜਾ, ਸਤਿਕਾਰ ਕਰਤਾ, ਸਾਦਗੀ, ਸਚਾਈ ਤੇ ਆਮ ਵਿਸ਼ਵਾਸ ਜਿਹੇ ਗੁਣਾ ਦਾ ਹੋਣਾ ਲਾਜ਼ਮੀ ਹੈ। ਮੇਰੇ ਹਿਸਾਬ ਨਾਲ ਅੱਜ ਦੇ ਰਿਸ਼ਤੇ ਮਤਲਬੀ ਹੁੰਦੇ ਜਾ ਰਹੇ ਹਨ ਬਿਨਾ ਸ਼ੱਕ ਮਾਂ ਆਪਣਾ ਰਿਸ਼ਤਾ ਨਿਰਸਵਾਰਥ ਹੋਕੇ ਨਿਭਾਉਂਦੀ ਹੋਈ ਆਪਣੇ ਬੱਚਿਆ ਨੂੰ ਹਰ ਪੱਖੋਂ ਮਜ਼ਬੂਤ, ਕਾਮਯਾਬ, ਸੁਖੀ ਅਤੇ ਸਮਾਜ ਵਿੱਚ ਚੰਗੇ ਤਰੀਕੇ ਨਾਲ ਵਿਚਰਣ ਦੇ ਲਾਇਕ ਬਣਾਉਂਦੀ ਹੈ। ਇਹ ਤਾਂ ਹੀ ਹੋ ਸਕੇਗਾ ਜੀ ਜੇਕਰ ਇੱਕ ਨਾਰੀ ਸ਼ੁਰੂ ਤੋ ਹੀ ਆਪ ਚੰਗੀ ਸੋਚ ਦੀ ਧਾਰਨੀ ਹੋਵੇ। ਜਿਵੇਂ ਕਹਿ ਲਵੋ ਇੱਕ ਬੇਟੀ ਪਿਤਾ ਦੇ ਘਰ ਤੋ ਹੀ ਸਮਝਦਾਰੀ ਤੋ ਕੰਮ ਲੈਂਦੀ ਹੋਈ ਪੜ੍ਹ ਲਿਖ ਸਿੱਖਿਅਤ ਵੀ ਹੋਵੇ ਤੇ ਘਰ ਦੇ ਕਾਰਜ (ਗ੍ਰਹਿਸਤੀ) ਸੰਭਾਲਣ ਵਿੱਚ ਵੀ ਨਿਪੁੰਨ ਹੋਵੇ ਤਾਂ ਗੱਲ ਸੋਨੇ ਤੇ ਸੁਹਾਗਾ ਹੋ ਜਾਂਦੀ ਹੈ। ਇਸ ਤੋ ਬਾਅਦ ਵਾਰੀ ਆਉਂਦੀ ਹੈ ਮਾਂ ਦੇ ਫਰਜ਼ ਨਿਭਾਉਣ ਦੀ ਜੇਕਰ ਇੱਕ ਮਾਂ ਇਸ ਫਰਜ਼ ਨੂੰ ਬਖ਼ੂਬੀ ਨਿਭਾਏ ਤਾਂ ਬੱਚੇ ਕਦੇ ਵੀ, ਕਿਤੇ ਵੀ ਨਹੀਂ ਡੋਲਦੇ। ਕਿਉਂਕਿ ਮਾਂ ਬੱਚੇ ਦੀ ਪਹਿਲੀ ਗੁਰੂ, ਟੀਚਰ ਅਤੇ ਇੱਕ ਚੰਗੀ ਦੋਸਤ ਵੀ ਹੁੰਦੀ ਹੈ। ਇਸ ਲਈ ਹਰ ਮਾਂ ਦਾ ਫਰਜ਼ ਬਣਦਾ ਹੈ ਕਿ ਆਪਣੇ ਬੱਚੇ ਨੂੰ ਸ਼ੁਰੂ ਤੋ ਹੀ ਨਿਮਰ ਸੁਭਾਅ, ਵੱਡਿਆ ਦਾ ਸਤਿਕਾਰ, ਮਿਹਨਤੀ, ਆਤਮਵਿਸ਼ਵਾਸੀ, ਨਸ਼ਾ ਰਹਿਤ, ਚੰਗੇ ਲੋਕਾਂ ਦੀ ਸੰਗਤ ਅਤੇ ਧਾਰਮਿਕ ਬਿਰਤੀ ਵਾਲਾ ਬਣਾਏ। ਕਿਉਂਕਿ ਮਜ਼ਬੂਤ ਨੀਂਹਾਂ ਨੂੰ ਕਿਸੇ ਤਰਾ ਦਾ ਮੀਂਹ, ਹਨੇਰੀ ਨਹੀਂ ਹਿਲਾ ਸਕਦਾ। ਇਸ ਲਈ ਆਪਣੇ ਬੱਚਿਆ ਦੇ ਇਰਾਦੇ ਸ਼ੁਰੂ ਤੋ ਹੀ ਨੇਕ ਅਤੇ ਮਜ਼ਬੂਤ ਬਣਾਓ। ਪਰ ਅੱਜ ਦੀ ਮਾਂ (ਨਾਰੀ) ਫੈਸ਼ਨ ਪ੍ਰਸਤ ਹੋ ਗਈ ਹੈ ਵੈਸੇ ਤਾਂ ਮੇਰੀਆਂ ਭੈਣਾਂ ਅੱਜ ਬਹੁਤ ਉੱਚ ਅਹੁਦਿਆਂ ਤੇ ਹਨ ਜਿਵੇਂ ਡਾਕਟਰ, ਪਾਈਲਟ, ਇੰਜੀਨੀਅਰ, ਅਭਿਨੇਤਰੀ, ਪੁਲਿਸ ਅਫਸਰ ਆਦਿ ਪਰ ਨਾਲ-ਨਾਲ ਜਿਵੇਂ ਬਿਊਟੀ ਪਾਰਲਰ, ਕਿੱਟੀ ਪਾਰਟੀ, ਫਿਲਮ ਦੇਖਣਾ ਜਿਹੇ ਕੰਮਾਂ ਵਿੱਚੋਂ ਬੱਚਿਆ ਲਈ ਧਿਆਨ ਘੱਟ ਕਰ ਦਿੰਦੀਆਂ ਹਨ। ਪਰ ਭੈਣ ਜੀ ਬੱਚੇ ਵੀ ਵਿਸ਼ੇਸ਼ ਧਿਆਨ ਮੰਗਦੇ ਹਨ।ਜਿਵੇਂ ਇੱਕ ਪੱਥਰ ਨੂੰ ਤਰਾਸ਼ ਕੇ ਹੀ ਭਗਵਾਨ ਜੀ ਦੀ ਮੂਰਤੀ ਬਣਦੀ ਹੈ ਉਸੇ ਤਰਾ ਬੱਚਿਆ ਨੂੰ ਵੀ ਚੰਗੀ ਸੇਧ ਦੇ ਕੇ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਔਰ ਇਸ ਲਈ ਸਿੱਖ ਜਗਤ ਵਿੱਚ ਇੱਕ ਮਿਸਾਲ ਹਨ ਮਾਤਾ ਜਿੰਦ ਕੌਰ ਜੀ ਜਿੰਨਾ ਨੇ ਪੁੱਤਰ ਮੋਹ ਤਿਆਗ ਕੇ ਸਿੱਖੀ ਨੂੰ ਪਹਿਲ ਦਿੱਤੀ।ਇਸੇ ਤਰਾ ਮਾਈ ਭਾਗੋ ਜੀ ਜਿੰਨਾ ਨੇ ਜੰਗ ਦੇ ਮੈਦਾਨ ਵਿੱਚ ਵੈਰੀਆ ਦੀਆ ਭਾਜੜਾਂ ਪਾਈਆ ਸਨ। ਅੱਜ ਦੇ ਟਾਈਮ ਦੀਆ ਮਾਣਮੱਤੀਆਂ ਮਹਿਲਾਵਾਂ ਵੀ ਸਾਡੀਆਂ ਪ੍ਰੇਰਨਾ ਸਰੋਤ ਹਨ ਜੀ ਜਿਵੇਂ ਖੇਡ ਜਗਤ ਵਿੱਚ ਪੀ ਟੀ ਊਸ਼ਾ, ਪੀ ਵੀ ਸਿੰਧੂ ਸਾਨੀਆ ਮਿਰਜ਼ਾ ਨੇ ਵੀ ਦੇਸ਼ ਦਾ ਖੂਬ ਨਾਮ ਚਮਕਾਇਆ ਹੈ ਜੀ। ਪੁਲਾੜ ਮਾਹਿਰ ਕਲਪਣਾ ਚਾਵਲਾ, ਪਲਵਿੰਦਰ ਕੌਰ ਕੇਸਕੀ ਧਾਰੀ ਜੱਜ ਕਨੇਡਾ ਵੀ ਮਾਣਮੱਤੀਆਂ ਮਹਿਲਾਵਾਂ ਹਨ। ਇੱਕ ਨਾਰੀ ਜੇਕਰ ਚਾਹੇ ਤਾਂ ਸਮਾਜ ਵਿੱਚ ਹੋ ਰਹੇ ਮਾੜੇ ਕੰਮਾਂ ਨੂੰ ਬਹੁਤ ਹੀ ਜਲਦੀ ਰੋਕ ਸਕਦੀ ਹੈ ਪਰ ਇਸ ਲਈ ਸਾਨੂੰ ਸਾਰੀਆਂ ਔਰਤਾਂ ਨੂੰ ਇੱਕ ਜੁੱਟ ਹੋਣਾ ਪੜ੍ਹੇਗਾ। ਜਿੱਥੇ ਇੱਕ ਔਰਤ ਮਕਾਨ ਨੂੰ ਆਪਣੇ ਪਿਆਰ ਨਾਲ ਘਰ ਬਣਾ ਲੈਂਦੀ ਹੈ ਉਥੇ ਸਮਾਜ, ਦੇਸ ਲਈ ਵੀ ਆਪਣਾ ਫਰਜ਼ ਨਿਭਾਏ।ਇਸ ਦੀ ਸ਼ੁਰੂਆਤ ਨਾਰੀ ਪਹਿਲਾ ਆਪਣੇ ਆਪ ਤੇ ਆਪਣੇ ਘਰ ਤੋ ਹੀ ਕਰੇ ਇਸ ਲਈ ਸਾਦਾ ਖਾਉ, ਸਾਦਾ ਪਹਿਨੋ। ਕਿਉਂਕਿ ਭੜਕੀਲਾ ਪਹਿਰਾਵੇ ਨਾਲ ਵੀ ਅਣਸੁਖਾਵੀਆਂ ਘਟਨਾਵਾਂ ਵਾਪਰਨ ਦੇ ਆਸਾਰ ਵੱਧ ਜਾਂਦੇ ਹਨ। ਆਪਣੇ ਮਨੋਬਲ ਨੂੰ ਉੱਚਾ ਚੁੱਕੋ। ਸਕਾਰਤਮਿਕ ਸੋਚ ਦੇ ਧਾਰਨੀ ਬਣੋ ਪਾਲਤੂ ਦੀ ਚੁਗਲੀ ਨਿੰਦਾ ਤੋ ਬਚੋ। ਨੈਗੇਟਿਵ ਸੋਚ ਨੂੰ ਕਦੇ ਵੀ ਆਪਣੇ ਤੇ ਹਾਵੀ ਨਾ ਹੋਣ ਦਿਓ। ਰੰਗਹੀਣਤਾ, ਉਦਾਸੀ, ਵਹਿਮ, ਭਰਮ ਛੱਡ ਗੁਰੂ ਨਾਨਕ ਜੀ ਦੀ ਬਾਣੀ ਵਾਲੀ ਸੋਚ ਦੇ ਧਾਰਨੀ ਬਣੀਏ।ਕੁਦਰਤ ਵੱਲੋਂ ਸਾਜੀ ਸ੍ਰਿਸ਼ਟੀ (ਸ਼ਰਬਤ ਦੇ ਭਲੇ ਦੀ) ਅਰਦਾਸ ਕਰੀਏ ਤੇ ਜਿੰਦਗੀ ਨੂੰ ਖੁਸ਼ਹਾਲ ਬਣਾਈਏ। ਇੱਕ ਔਰਤ ਜੇਕਰ ਕਿਸੇ ਵੱਲੋਂ ਕੀਤੀ ਗਲਤੀ ਦੀ ਸਜਾ ਦੇਣ ਦੀ ਬਜਾਏ ਮੁਆਫ਼ ਕਰਨ ਦੀ ਸਮਰੱਥਾ ਰੱਖੇ ਤਾਂ ਹੀ ਨਰੋਏ ਤੇ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਜੀ। ਕਿਉਂਕਿ ਕੀਤੀ ਗਲਤੀ ਦੀ ਸਜਾ ਭੁਗਤਣ ਤੋ ਬਾਅਦ ਅਪਰਾਧੀ ਸਬਕ ਘੱਟ ਹੀ ਸਿੱਖਦਾ ਹੈ।ਹੋ ਸਕਦਾ ਹੈ ਇੱਕ ਵਾਰ ਮੁਆਫ਼ ਕਰਨ ਤੋ ਬਾਅਦ ਉਸਦਾ ਜੀਵਣ ਹੀ ਬਦਲ ਜਾਵੇ ਤੇ ਕਦੇ ਮਾੜੇ ਕੰਮਾਂ ਵੱਲ ਵੇਖੇ ਵੀ ਨਾ ਤੇ ਸਾਰੀ ਉਮਰ ਲਈ ਤੁਹਾਡਾ ਸ਼ੁਕਰ ਗੁਜਾਰ ਹੋਵੇ। ਸੋ ਆਓ ਇਸ ਨੇਕ ਕੰਮ ਦੀ ਸ਼ੁਰੂਆਤ ਅੱਜ ਤੋ ਹੀ ਕਰੀਏ ਤੇ ਇੱਕ ਜੁਟ ਹੋ ਇੱਕ ਚੰਗੇ ਤੇ ਨਰੋਏ ਸਮਾਜ ਦੀ ਸਿਰਜਨਾ ਕਰੀਏ ਇਸ ਨਾਲ ਸਾਡਾ ਹਰ ਦੇਸ ਵਾਸੀ ਸੁਖੀ ਜੀਵਣ ਬਤੀਤ ਕਰੇਗਾ ਸੋ ਭੈਣੋ ਗੁਰਬਾਣੀ ਦੇ ਮਹਾਂਵਾਕ ਅਨੁਸਾਰ ਸੇਵਾ ਭਾਵਨਾ ਨਾਲ (ਸੇਵਕ ਕੋ ਸੇਵਾ ਬਨਿ ਆਈ, ਹੁਕਿਮ ਬੂਝਿ ਪਰਮ ਪਦ ਪਾਈ) ਅਨੁਸਾਰ ਚੱਲਕੇ ਆਪਣੇ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਕਰੀਏ ਤੇ ਚੰਗੀ ਮਾਂ ਹੋਣ ਦਾ ਮਾਣ ਹਾਸਲ ਕਰੀਏ ।

# ਬਸਪਾ ਆਗੂ ਦੇ ਦਫਤਰ ਦੀ ਭੰਨ ਤੋੜ, ਪਤਨੀ ਵਾਲ ਵਾਲ ਬਚੀ

## ਡਾ: ਅੰਬੇਡਕਰ ਤੇ ਭਗਵਾਨ ਬੁੱਧ ਦੀ ਫੋਟੋ ਪਾੜੀ, ਹਮਲਾਵਰ ਦਫਤਰ 'ਚ ਬੈਠੇ ਲੱਲੂ ਨਾਮਕ ਵਿਅਕਤੀ ਨੂੰ ਅਗਵਾ ਕਰਕੇ ਲੈ ਗਏ







**ਲੁਧਿਆਣਾ-** ਬਹੁਜਨ ਸਮਾਜ ਪਾਰਟੀ ਦੇ ਸਕੱਤਰ ਵਿੱਕੀ ਕੁਮਾਰ ਦੇ ਈ ਡਬਲਊ ਐਸ ਕਲੋਨੀ ਸਥਿਤ ਦਫਤਰ ਦੀ ਅੱਜ ਕੁਝ ਹਮਲਾਵਰਾਂ ਨੇ ਬੁਰੀ ਤਰਾਂ ਭੰਨ ਤੋੜ ਕੀਤੀ ਅਤੇ ਦਫਤਰ ਵਿੱਚ ਬੈਠੀ ਉਸਦੀ ਪਤਨੀ ਅਨੂ ਛੱਜਲਾਨਾ (ਜੋ ਕਿ ਬਸਪਾ ਤੋਂ ਕੌਂਸਲਰ ਦੀ ਚੋਣ ਲੜ ਚੁੱਕੀ ਹੈ) ਨੇ ਭੱਜ ਕੇ ਆਪਣੀ ਜਾਨ ਬਚਾਈ ਜਦਕਿ ਦਫਤਰ ਵਿੱਚ ਹੀ ਬੈਠੇ ਲੱਲੂ ਨਾਮ ਦੇ ਵਿਆਕਤੀ ਨੂੰ ਹਮਲਾਵਰ ਅਗਵਾ ਕਰਕੇ ਨਾਲ ਲੈ ਗਏ। ਵਿੱਕੀ ਵੱਲੋਂ ਇਸਦੀ ਸੂਚਨਾ ਥਾਣਾ ਡਵੀਜਨ ਨੰ: 7 ਨੂੰ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿੱਕੀ ਕੁਮਾਰ ਨੇ ਦੱਸਿਆ ਅੱਜ ਸਵੇਰੇ ਸਾਢੇ 10 ਵਜੇ ਤੇ ਕਰੀਬ ਜਦੋਂ ਉਹ ਆਪਣੇ ਦਫਤਰ ਵਿੱਚ ਬੈਠਾ ਸੀ ਤਾਂ ਲੱਲੂ ਨਾਮ ਦਾ ਇੱਕ ਲੜਕਾ ਮੇਰੇ ਕੋਲ ਆਇਆ। ਲੱਲੂ ਨੇ ਮੈਨੂੰ ਦੱਸਿਆ ਕਿ ਬਿੱਲੂ ਨਾਮ ਦਾ ਨਸ਼ਾ ਤਸਕਰ ਜੋ ਕਿ ਕੁਝ ਦਿਨ ਪਹਿਲਾਂ ਹੀ ਜੇਲ ਵਿੱਚੋਂ ਬਾਹਰ ਆਇਆ ਹੈ, ਤੰਗ ਪ੍ਰੇਸ਼ਾਨ ਕਰ ਰਿਹਾ ਹੈ। ਮੁਹੱਲੇ ਦਾ ਮੋਹਤਵਾਰ ਹੋਣ ਦੇ ਨਾਤੇ ਜਦੋਂ ਮੈਂ ਬਿੱਲੂ ਨੂੰ ਇਸ ਸਬੰਧੀ ਪੁੱਛਿਆ ਤਾਂ ਉਸਨੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਗਾਲੀ ਗਲੋਚ ਕੀਤੀ। ਕੁਝ ਸਮੇਂ ਬਾਅਦ ਮੈਂ ਕਿਸੇ ਕੰਮ ਦੀ ਬਜਾਹ ਕਾਰਨ ਦਫਤਰ ਵਿੱਚੋਂ ਗਿਆ ਹੀ ਸੀ ਕਿ ਪਿਛੋਂ ਬਿੱਲੂ ਨੇ ਸੁਮਿਤ, ਮੁੱਲਾ ਤਹਜੀਬ, ਰੈਬੋਂ, ਪਾਟਾ ਅਤੇ 10ਕ15 ਹੋਰ ਅਣਪਛਾਤੇ ਸਾਥੀਆਂ ਨਾਲ ਜਿਹਨਾਂ ਕੋਲ ਤੇਜਧਾਰ ਮਾਰੂ ਹਥਿਆਰ ਸਨ, ਮੇਰੇ ਦਫਤਰ ਤੇ ਹਮਲਾ ਕਰ ਦਿੱਤਾ। ਦਫਤਰ ਵਿੱਚ ਬੈਠੀ ਮੇਰੀ ਪਤਨੀ ਨੇ ਭੱਜ ਕੇ ਆਪਣੀ ਜਾਨ ਬਚਾਈ। ਇਹਨਾਂ ਹਮਲਾਵਰਾਂ ਨੇ ਮੇਰੇ ਦਫਤਰ ਦੀ ਬੁਰੀਂ ਤਰਾਂ ਤੋੜਭੰਨ ਕੀਤੀ ਅਤੇ ਦਫਤਰ ਵਿੱਚ ਲੱਗੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਅਤੇ ਭਗਵਾਨ ਬੁੱਧ ਦੀਆਂ ਫੋਟੋਆਂ ਵੀ ਪਾੜ ਦਿੱਤੀਆਂ। ਏਨਾਂ ਹੀ ਨਹੀ ਏਹ ਹਮਲਾਵਰ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਦਫਤਰ ਵਿੱਚ ਹੀ ਬੈਠੇ ਲੱਲੂ ਨੂੰ ਵੀ ਅਗਵਾ ਕਰਕੇ ਨਾਲ ਹੀ ਲੈ ਗਏ ਜਿਸਨੂੰ ਬਾਅਦ ਵਿੱਚ ਪੁਲਿਸ ਨੇ ਉਹਨਾਂ ਦੇ ਠਿਕਾਣੇ ਤੋਂ ਛੁਡਾਇਆ ਹੈ ਜਿਥੇ ਮੇਰੀ ਦਿੱਤੀ ਸਿਕਾਇਤ ਤੇ ਪੁਲਿਸ ਪਹੁੰਚੀ ਸੀ। ਮੌਕੇ ਤੇ ਪਹੁੰਚੇ ਬਸਪਾ ਦੇ ਸੀਨੀਅਰ ਆਗੂ ਬਲਵਿੰਦਰ ਬਿੱਟਾ ਕਿਹਾ ਕਿ ਸਾਰਾ ਮਾਮਲਾ ਪੁਲਿਸ ਕਮਿਸ਼ਨਰ ਅਤੇ ਏ ਸੀ ਪੀ ਦੇ ਧਿਆਨ ਵਿੱਚ ਲਿਆ ਦਿੱਤਾ ਗਿਆ ਹੈ। ਪੁਲਿਸ ਕਮਿਸ਼ਨਰ ਨੇ ਸਾਨੂੰ ਤੁਰੰਤ ਹੀ ਪਰਚਾ ਦਰਜ ਕਰਨ ਦਾ ਠੋਸ ਭਰੋਸਾ ਦਿੱਤਾ ਹੈ। ਸ੍ਰੀ ਬਿੱਟਾ ਨੇ ਸਖਤ ਸਬਦਾਂ ਵਿੱਚ ਕਿਹਾ ਕਿ ਅਕਾਲੀਆਂ ਦੇ ਪੈਦਾ ਕੀਤੇ ਨਸ਼ਾ ਤਸਕਰ ਕਾਂਗਰਸ ਦੇ ਰਾਜ ਵਿੱਚ ਗੁੰਡਾ ਗਰਦੀ ਕਰਨ ਤੋਂ ਜਿਸ ਪ੍ਰਕਾਰ ਬਾਜ ਨਹੀ ਆ ਰਹੇ ਉਸ ਤੋਂ ਸਾਫ ਹੁੰਦਾ ਹੈ ਕਿ ਕਾਂਗਰਸ ਸਰਕਾਰ ਦੀ ਕਾਰਗੁਜਾਰੀ ਵਿੱਚ ਸੁਧਾਰ ਨਹੀ ਹੋਇਆ ਹੈ ਜਿਸ ਕਾਰਨ ਲੋਕ ਤਾਂ ਕੀ ਲੋਕਾਂ ਦੇ ਨੁੰਮਾਇਦੇ ਵੀ ਸੁਰੱਖਿਅਤ ਨਹੀ ਹਨ ਪਰ ਬਸਪਾ ਕਿਸੇ ਵੀ ਪ੍ਰਕਾਰ ਦੀ ਗੁੰਡਾਗਰਦੀ ਬਰਦਾਸਤ ਨਹੀ ਕਰੇਗੀ। ਇਸ ਮੌਕੇ ਉਹਨਾਂ ਨਾਲ ਜਨਰਲ ਸਕੱਤਰ ਪ੍ਰਗਣ ਬਿਲਗਾ, ਨਰੇਸ਼ ਬਸਰਾ, ਰਾਜਿੰਦਰ ਨਿੱਕਾ, ਅਨੁਜ ਕੁਮਾਰ, ਡਾ: ਤ੍ਰਿਭਵਨ, ਦੀਪਕ ਸਹੋਤਾ, ਰਵੀ ਚੌਟਾਲਾ, ਸੌਰਵ ਬਿਰਲਾ, ਲਾਲ ਮਨੀ, ਰਾਹੁਲ ਅਤੇ ਹੋਰ ਹਾਜਰ ਸਨ। ਏ ਸੀ ਪੀ ਪਵਨਜੀਤ ਚੌਧਰੀ ਨੇ ਕਿਹਾ ਕਿ ਬਿੱਲੂ ਨੇ ਕਿਸੇ ਰੰਜਿਸ਼ ਤਹਿਤ ਵਿੱਕੀ ਕੁਮਾਰ ਦੇ ਦਫਤਰ ਤੇ ਹਮਲਾ ਕੀਤਾ ਹੈ। ਪੁਲਿਸ ਵੱਲੋਂ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਕਿਸੇ ਨੂੰ ਵੀ ਇਲਾਕੇ ਦਾ ਮਾਹੌਲ ਖਰਾਬ ਨਹੀ ਕਰਨ ਦਿੱਤਾ ਜਾਵੇਗਾ ਤੇ ਜਲਦੀ ਹੀ ਪਰਚਾ ਦਰਜ ਕਰ ਦਿੱਤਾ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸਵਰਗੀ ਸ੍ਰੀਮਤੀ ਰਾਮ ਪਿਆਰੀ ਨੂੰ ਸ਼ਰਧਾਂਜਲੀਆਂ

(ਸਫਾ 12 ਦੀ ਬਾਕੀ)

ਸ. ਕਰਮ ਸਿੰਘ ਬੰਗੜ ਨੇ ਕਿਹਾ ਕਿ ਇਨਸਾਨ ਦੁਨੀਆਂ 'ਚ ਆਉਂਦਾ ਤੇ ਚਲਾ ਜਾਂਦਾ ਹੈ, ਕੁਝ ਵੀ ਸਦੀਵੀ ਨਹੀਂ ਹੈ ਇਸ ਸੰਸਾਰ ਅੰਦਰ, ਸਤਿਗੁਰੂ ਰਵਿਦਾਸ ਜੀ ਦਾ ਫੁਰਮਾਨ ਹੈ: ਜੋ ਉਪਜਿਆ ਸੋ ਬਿਨਸਿਆ। ਇਹ ਇਕ ਅਟੱਲ ਸਚਾਈ ਹੈ। ਚੰਗੇ ਇਨਸਾਨ ਆਪਣੇ ਪਿੱਛੇ ਚੰਗਿਆਈਆਂ ਛੱਡ ਜਾਂਦੇ ਹਨ, ਜਿਵੇਂ ਸਵਰਗੀ ਸ੍ਰੀਮਤੀ ਰਾਮ ਪਿਆਰੀ ਜੀ ਛੱਡ ਗਏ ਹਨ, ਜਿਸ ਨੂੰ ਸ੍ਰੀ ਦੜੌਚ ਪਰਿਵਾਰ ਨੇ ਅੱਗੇ ਲਿਜਾਣਾ ਹੈ।

ਅਖੀਰ ਸ੍ਰੀ ਅਮਰ ਦੜੌਚ ਨੇ ਸ਼ਰਧਾਂਜਲੀ ਦਿੰਦਿਆਂ ਜੋ ਕਿਹਾ ਉਹਨਾਂ ਲਿਖਤ ਰਾਹੀਂ ਭੇਜਿਆ ਦਿੱਤਾ ਜਾ ਰਿਹਾ ਹੈ:

ਇੰਡੀਆ ਦੇ ਕੁਰੱਪਟ ਮੈਡੀਕਲ ਸਿਸਟਮ ਨੇਂ ਸਾਡੀ ਮਾਂ ਨੂੰ ਖੋਹਿਆ. ਏਹ ਰੱਬ ਦਾ ਭਾਣਾ ਨਹੀ ਲਾਲਚਖੋਰ ਬੰਦਿਆਂ ਦਾ ਭਾਣਾ ਸੀ ਜੋ ਆਪਣੇ ਸੁਆਰਥ ਲਈ ਇਨਸਾਨਾਂ ਨੂੰ ਇਨਸਾਨ ਨਹੀਂ ਸਮਝਦੇ hospital 'ਚ ਭੁੱਲਕੇ ਵੀ ਆਪਣੇ ਕਿਸੇ ਅਜੀਜ ਨੂੰ ਨਾਂ ਲੈ ਕੇ ਜਾਇਓ ਨਹੀਂ ਤਾਂ ਵਾਪਸ ਲਾਸ਼ ਹੀ ਲੈ ਕੇ ਜਾਓਗੇ. ਓਥੇ ਡਾਕਟਰਾਂ ਦੇ ਰੂਪ ਚ ਕਸਾਈ ਬੈਠੇ ਨੇਂ. ਜਦੋਂ ਤੱਕ ਓਥੇ ਉਪਰਲਾ ਸਿਸਟਮ (ਸਰਕਾਰ) ਨਹੀਂ ਬਦਲਦਾ ਓਦੋਂ ਤੱਕ ਥੱਲੇ ਕੁਝ ਵੀ ਬਦਲਣ ਵਾਲਾ ਨਹੀਂ ਫੇਰ ਚਾਹੇ ਓਹ ਮੈਡੀਕਲ ਸਿਸਟਮ ਹੋਵੇ ਜਾਂ ਐਜੂਕੇਸ਼ਨ ਜਾਂ ਕੋਈ ਹੋਰ. ਆਪਣੀ ਜਿੰਦਗੀ ਮਾਤਾ ਰਾਮ ਪਿਆਰੀ ਦੀ ਯਾਦ ਚ ਓਸ ਸਿਸਟਮ ਨੂੰ ਬਦਲਣ ਚ ਲਾਵਾਂਗਾ. ਅੱਜ ਤੋਂ ਬਾਅਦ ਜਿੰਦਗੀ ਦਾ ਹਰ ਕੰਮ ਓਸ ਮਾਂ ਨੂੰ ਸਮਰਪਿਤ ਹੋਵੇਗਾ।

ਅਸੀਂ ਆਪਣੀ ਮਾਂ ਤਾਂ ਨਹੀਂ ਬਚਾ ਸਕੇ ਪਰ ਜੇ ਆਪਣੇ ਉਦਮਾਂ ਨਾਲ ਏਹ ਕੋਸ਼ਿਸ਼ ਜਰੂਰ ਕਰਾਂਗੇ ਕੇ ਕਿਸੇ ਹੋਰ ਦੀ ਮਾਂ ਏਦ ਦੁਨੀਆਂ ਤੋਂ ਏਸ ਕੁਰੱਪਟ ਸਿਸਟਮ ਦੀ ਭੇਂਟ ਨਾਂ ਚੜੇ। ਲੋਕੀ ਮਾਂ ਦੀ ਤੁਲਨਾਂ ਬੋਹੜ ਦੀ ਠੰਡੀ ਛਾਂ ਤੇ ਹੋਰ ਬਹੁਤ ਚੀਜਾਂ ਨਾਲ ਕਰਦੇ ਨੇਂ ਪਰ ਮੈਂ ਕਹਿਨਾ....

### ਮਾਂ ਤੇ ਮਾਂ ਹੁੰਦੀ ਏ

ਬੋਹੜ ਦੀ ਠੰਡੀ ਛਾਂ ਤੋਂ ਵੱਧਕੇ
ਦੁਨੀਆਂ ਦੇ ਹਰ ਨਾਂ ਤੋਂ ਵੱਧਕੇ
ਜਿਸਦੇ ਪੈਰਾਂ ਵਿੱਚ ਜੰਨਤ
ਜਹੀ ਥਾਂ ਹੁੰਦੀ ਏ
ਮਾਂ ਦਾ ਦਰਜਾ ਉੱਚਾ
ਮਾਂ ਤੇ ਮਾਂ ਹੁੰਦੀ ਏ।

ਛੱਡ ਜਾਂਦੇ ਜਿਥੇ ਸਾਥ ਸਾਰੇ
ਓਥੇ ਖੜ ਜਾਵੇ ਜੋ
ਬੱਚਿਆਂ ਲਈ ਪੂਰੀ ਦੁਨੀਆਂ
ਨਾਲ ਲੜ ਜਾਵੇ ਜੋ
ਬੱਚਿਆਂ ਲਈ ਜਿਸਦੀ ਨਾਂਹ
ਵਿੱਚ ਵੀ ਹਾਂ ਹੁੰਦੀ ਏ
ਮਾਂ ਦਾ ਦਰਜਾ ਉੱਚਾ
ਮਾਂ ਤੇ ਮਾਂ ਹੁੰਦੀ ਏ ॥

ਦਾਦੀ ਚਾਚੀ ਤਾਈ
(ਮਾਸੀ ਭੂਆ ਮਾਮੀ)
ਵੀ ਮਾਂ ਹੋ ਸਕਦੀ ਏ
ਲਾਇਕ ਬੱਚੇ ਇੱਕ ਮਾਲਾ ਚ ਪਰੋ ਸਕਦੀ ਏ
ਮਾਂ ਦਾ ਦਿਲ ਸਭਨਾਂ
ਦੇ ਲ਼ਈ ਸਰਾਂ ਹੁੰਦੀ ਏ
ਮਾਂ ਦਾ ਦਰਜਾ ਉੱਚਾ
ਮਾਂ ਤੇ ਮਾਂ ਹੁੰਦੀ ਏ ।॥

ਮਾਤਾ ਪਿਆਰੀ ਸਭ ਦੇ
ਦਿਲ ਦੀ ਪਿਆਰੀ ਸੀ
ਸੱਭ ਮਾਵਾਂ ਚੋਂ ਏਹ ਮਾਂ
ਬੜੀ ਨਿਆਰੀ ਸੀ
ਯਾਦ ਆਵੇ ਦਿਲ ਵਿੱਚ
ਚੀਸ ਜਹੀ ਤਾਂ ਹੁੰਦੀ ਏ
ਮਾਂ ਦਾ ਦਰਜਾ ਉੱਚਾ
ਮਾਂ ਤੇ ਮਾਂ ਹੁੰਦੀ ਏ ॥॥

ਰੱਬ ਵੀ ਯਾਰੋ ਮਾਂ ਤੋ ਚੰਗਾ ਨਹੀਂ ਹੋ ਸਕਦਾ
ਮਾਂ ਦੇ ਵਾਂਗੂ ਬੱਚਿਆਂ ਲਈ
ਨਹੀਂ ਰੋ ਸਕਦਾ
ਅਮਰ ਅਜਾਦਾ ਰੱਬ ਦੂਜਾ
ਪਹਿਲਾਂ ਮਾਂ ਹੁੰਦੀ ਏ
ਮਾਂ ਦਾ ਦਰਜਾ ਉੱਚਾ
ਮਾਂ ਤੇ ਮਾਂ ਹੁੰਦੀ ਏ ॥॥।

ਹਰਮਨ ਪਿਆਰਾ
"ਦੇਸ਼ ਦੁਆਬਾ"


ਸਭ ਦੇ ਮਨ ਨੂੰ ਭਾਉਂਦਾ ਹੈ
ਹਰ ਇੱਕ ਕਲਾ ਵਿਖਾਉਂਦਾ ਹੈ
ਪੜ੍ਹੇ ਰੀਝ ਨਾਲ ਪੋਤਾ ਬਾਬਾ
ਹਰਮਨ ਪਿਆਰਾ "ਦੇਸ਼ ਦੁਆਬਾ"



Madan Banger

## ਸਾਹਿਤਕ ਪੈੜਾਂ- ਕੁਝ ਰਚਨਾਵਾਂ

# ਕਵਿਤਾ: ਡਾ. ਅੰਬੇਦਕਰ ਦੇ ਪਰਉਪਕਾਰ



**ਸਤਿਕਾਰਯੋਗ**

**ਮੁੱਖ ਸੰਪਾਦਕ**

**ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ**

**ਜੈ ਭੀਮ**

ਡਾ. ਭੀਮ ਰਾਓ ਅੰਬੇਦਕਰ ਸਾਹਿਬ ਦੇ ਜਨਮ ਦਿਹਾੜੇ ਦੀਆਂ ਬਹੁਤ-ਬਹੁਤ ਮੁਬਾਰਕਾਂ ਹੋਣ। ਡਾਕਟਰ ਸਾਹਿਬ ਦਾ ਜਨਮ ਦਿਹਾੜਾ ਸਾਰੇ ਵਿਸ਼ਵ ਵਿਚ ਬੜੇ ਉਲਹਾਸ ਨਾਲ ਮਨਾਇਆ ਜਾਂਦਾ ਹੈ। ਡਾ. ਸਾਹਿਬ ਦੀ ਪ੍ਰੇਰਨਾ ਸਦਕਾ ਸਦੀਆਂ ਤੋਂ ਸੁੱਤੇ ਦਲਿਤ ਲੋਕ ਜਾਗੇ, ਪੜ੍ਹੇ-ਲਿਖੇ ਅਤੇ ਮਿਲ-ਜੁਲ ਕੇ ਸੰਘਰਸ਼ ਕੀਤਾ ਅਤੇ ਆਪਣੇ ਹੱਕਾਂ ਦੀ ਖਾਤਰ ਮੈਦਾਨ ਵਿਚ ਉਤਰੇ। ਲੋਕਾਂ ਵਿਚ ਬੜੀ ਤਬਦੀਲੀ ਆਈ ਹੈ ਪਰ ਹਾਲੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਸਭ ਤੋਂ ਵੱਡੀ ਜ਼ਰੂਰਤ ਆਪਸੀ ਮੇਲ-ਜੋਲ ਅਤੇ ਇਤਫਾਕ ਦੀ ਹੈ। ਚੁੰਬਰ ਸਾਹਿਬ ਇਕ ਕਵਿਤਾ ਡਾ. ਸਾਹਿਬ ਬਾਰੇ ਲਿਖੀ ਹੈ, ਛਾਪਣ ਦੀ ਕਿਰਪਾਲਤਾ ਕਰਨੀ ਜੀ।

**ਆਜ਼ਾਦ ਜਲੰਧਰੀ**
**1-408-438-2888**

ਜਕੜੀ ਕੌਮ ਗੁਲਾਮੀ ਦੀਆਂ ਸੰਗਲਾਂ ਵਿਚ
ਕਦੇ ਕਿਸੇ ਨਾ ਸੁਣੀ ਦੁਹਾਈ ਇਹਦੀ।

ਰੋਂਦੀ ਪਿੱਟਦੀ ਜ਼ੁਲਮ ਸਹਾਰਦੀ ਰਹੀ
ਕਿਸੇ ਦਰ ਤੇ ਨਾ ਹੋਈ ਸੁਣਵਾਈ ਇਹਦੀ।

ਰੁਲਦੀ ਰਹੀ ਇਹ ਪੈਰਾਂ ਦੇ ਵਿਚ ਸਭ ਦੇ
ਪੈਰ-ਪੈਰ 'ਤੇ ਹੋਈ ਰੁਸਵਾਈ ਇਹਦੀ।

ਪਸ਼ੂਆਂ ਨਾਲੋਂ ਵੀ ਬੁਰਾ ਸਲੂਕ ਕੀਤਾ
ਸੋਚੀ ਕਦੀ ਨਾ ਕਿਸੇ ਭਲਾਈ ਇਹਦੀ।

ਮੰਦਰਾਂ ਅਤੇ ਸਕੂਲਾਂ ਵਿਚ ਜਾਣ ਦੇ ਲਈ
ਦਲਿਤਾਂ ਉਤੇ ਪਾਬੰਦੀਆਂ ਲਾ ਦਿੱਤੀਆਂ।

ਪਾ ਕੇ ਤੌਕ ਗੁਲਾਮੀ ਦੇ ਗਲ਼ਾਂ ਅੰਦਰ
ਪੈਰਾਂ ਵਿਚ ਸਨ ਬੇੜੀਆਂ ਪਾ ਦਿੱਤੀਆਂ।

ਬੰਦੇ ਬੰਦੇ ਵਿਚ ਵਿਤਕਰਾ ਪਾਏ ਜਿਹੜਾ
ਉਹ ਧਰਮ ਨਹੀਂ ਹੁੰਦਾ ਪਾਖੰਡ ਹੁੰਦਾ।

ਊਚ ਨੀਚ ਵਿਚ ਰੱਖੇ ਵਿਸ਼ਵਾਸ ਜਿਹੜਾ
ਉਹ ਦੇਸ਼ ਇਕ ਦਿਨ ਖੰਡ-ਖੰਡ ਹੁੰਦਾ।

ਜਿੱਥੇ ਗੱਲ ਗਰੀਬ ਦੀ ਸੁਣੇ ਕੋਈ ਨਾ
ਉਹ ਮੁਲਕ ਸੰਸਾਰ ਵਿਚ ਭੰਡ ਹੁੰਦਾ।

ਸਾੜ ਦਿੰਦਾ ਏ ਜਾਲਮ ਹਕੂਮਤਾਂ ਨੂੰ
ਕਹਿਰ ਜਨਤਾ ਦਾ ਜਦੋਂ ਪ੍ਰਚੰਡ ਹੁੰਦਾ।

ਉੱਠੋ ਆਲਸ ਤਿਆਗੋ ਤੇ ਵਧੋ ਅੱਗੇ
ਹਿੰਮਤ ਨਾਲ ਫੁਲਵਾੜੀਆਂ ਖਿਲਦੀਆਂ ਨੇ।

ਅੱਜ ਸਿਰ ਵੇਚ ਜਵਾਨਾਂ ਦੀ ਲੋੜ ਸਾਨੂੰ
ਸਿਰਾਂ ਨਾਲ ਸਰਦਾਰੀਆਂ ਮਿਲਦੀਆਂ ਨੇ।

ਲੜਨਾ ਹੱਕ ਲਈ ਹੱਕ ਹੈ ਆਦਮੀ ਦਾ
ਉੱਠੋ ਸਾਰੇ ਆਵਾਜ਼ ਬੁਲੰਦ ਕਰੀਏ।

ਜ਼ੁਲਮ ਜਬਰ ਦੇ ਹੜ੍ਹਾਂ ਨੂੰ ਰੋਕਣੇ ਲਈ
ਮਿਲਕੇ ਏਕਤਾ ਦੀ ਖੜ੍ਹੀ ਕੰਧ ਕਰੀਏ।

ਮਿਲ ਕੇ ਬੈਠੀਏ ਸੋਚੀਏ ਗੱਲ ਕਰੀਏ
ਸਾਰੀ ਕੌਮ ਤਾਈਂ ਜਥੇਬੰਦ ਕਰੀਏ।

ਸੀਨਾ ਤਾਣ ਮੈਦਾਨ ਵਿਚ ਡਟ ਜਾਈਏ
ਡਰ ਕੇ ਦੌੜਨਾ ਭੱਜਣਾ ਬੰਦ ਕਰੀਏ।

ਜਿਹਨਾਂ ਮਰਦਾਂ ਦੇ ਡੌਲ਼ੇ ਕਮਜ਼ੋਰ ਹੁੰਦੇ
ਡੂੰਘੇ ਸਾਗਰਾਂ ਨੂੰ ਕਿੰਦਾਂ ਤਰਨਗੇ ਉਹ।

ਚਾਰ ਕਦਮ ਚੱਲਕੇ ਜਿਹੜੇ ਥੱਕ ਜਾਵਣ
ਭਲਾ ਕੌਮ ਦਾ ਦੱਸੋ ਕੀ ਕਰਨਗੇ ਉਹ।

ਕੌਮ ਜਿਉਂਦੀ ਏ ਉਹੀ ਜਹਾਨ ਅੰਦਰ
ਜਿਹੜੀ ਕੌਮ ਵਿਚ ਅਣਖ ਦੀ ਕਣੀ ਹੋਵੇ।

ਮਰਦ ਕਦੇ ਮਰਦਾਨਗੀ ਛੱਡਦਾ ਨਹੀਂ
ਭਾਵੇਂ ਅੰਤ ਮੁਸ਼ਕਿਲ ਸਿਰ ਤੇ ਬਣੀ ਹੋਵੇ।

ਤਣਿਆਂ ਰਹਿੰਦਾ ਏ ਸੀ ਨਾ ਬਹਾਦਰਾਂ ਦਾ
ਭਾਵੇਂ ਛਾਤੀ ਸੰਗੀਨ ਨਾਲ ਛਣੀ ਹੋਵੇ।

ਉਹ ਔਲਾਦ ਨਹੀਂ ਦੁੱਧ ਨੂੰ ਲਾਜ ਲਾਉਂਦੀ
ਕਿਸੇ ਸ਼ੇਰਨੀ ਨੇ ਜਿਹੜੀ ਜਣੀ ਹੋਵੇ।

ਅਣਖੀ ਕੌਮ ਦੇ ਵੀਰ ਸ਼ਹੀਦ ਹੁੰਦੇ
ਜਦੋਂ ਝੱਖੜ ਗੁਲਾਮੀ ਦਾ ਝੁੱਲਦਾ ਏ।

ਉਥੇ ਜੰਮਦੇ ਬੂਟੇ ਆਜ਼ਾਦੀਆਂ ਦੇ
ਜਿੱਥੇ ਖੂਨ ਸ਼ਹੀਦਾਂ ਦਾ ਡੁੱਲ੍ਹਦਾ ਏ।



ਬਾਵਾ ਸਾਹਿਬ ਨੂੰ ਸਮਝੋ ਐ ਦਲਿਤ ਵੀਰੋ
ਸੱਚਾ ਕੌਮ ਦਾ ਸਿਪਾਹ ਸਾਲਾਰ ਸੀ ਉਹ।

ਮਿਸ਼ਨ ਦਿੱਤਾ ਜੋ ਸਾਨੂੰ ਰਵਿਦਾਸ ਜੀ ਨੇ
ਉਸੇ ਮਿਸ਼ਨ ਦਾ ਅਲੰਬਰਦਾਰ ਸੀ ਉਹ।

ਸਿਰ ਤੋਂ ਪੰਡ ਗੁਲਾਮੀ ਦੀ ਲਾਹੁਣ ਦੇ ਲਈ
ਲੱਕ ਬੰਨ੍ਹ ਕੇ ਹੋਇਆ ਤਿਆਰ ਸੀ ਉਹ।

ਦਿਲ ਵਿਚ ਉਸਦੇ ਦਲਿਤਾਂ ਲਈ ਦਰਦ ਹੈਸੀ
ਸਿਤਮਗਰਾਂ ਲਈ ਇਕ ਲਲਕਾਰ ਸੀ ਉਹ।

ਜਿੱਥੇ ਕਿਤੇ ਵੀ ਕੌਮ ਤੇ ਆਈ ਮੁਸ਼ਕਿਲ
ਲਾਕੇ ਮੋਰਚਾ ਸਾਹਮਣੇ ਅੜ ਗਿਆ ਉਹ।

ਸੌ ਦੋ ਸੌ ਦੀ ਗੱਲ 'ਆਜ਼ਾਦ' ਕੀ ਏ
ਸਾਰੇ ਮੁਲਕ ਦੇ ਸਾਹਮਣੇ ਖੜ੍ਹ ਗਿਆ ਉਹ।

## ਇਹ ਅੱਜ ਕੌਣ ਆਇਆ ਸਵੇਰੇ ਸਵੇਰੇ

ਬੜਾ ਸ਼ੋਰ ਪੈਂਦਾ ਗਰੀਬਾਂ ਦੇ ਡੇਰੇ,
ਇਹ ਅੱਜ ਕੌਣ ਆਇਆ ਸਵੇਰੇ ਸਵੇਰੇ।

ਸਦੀਆਂ ਤੋਂ ਚਲਦਾ ਸਮਾਂ ਰੁਕ ਗਿਆ ਏ,
ਪੁਰਾਣੇ ਵਿਚਾਰਾਂ ਦਾ ਸਿਰ ਝੁਕ ਗਿਆ ਏ।
ਬੁੱਢੇ ਜਿਹੇ ਕਾਨੂੰਨਾਂ ਦੇ ਧੁਆਂਖੇ ਗਏ ਚਿਹਰੇ, ਇਹ ...।

ਜਦੋਂ ਪੈਰ ਪੁੱਟਦਾ ਤਾਂ ਪੱਥਰ ਤਿੜਕਦੇ,
ਜਦੋਂ ਮੂੰਹੋਂ ਬੋਲੇ ਤਾਂ ਧੌਲਰ ਥਿੜਕਦੇ।
ਬੌਣੇ ਲੱਗਣ ਲੋਕ ਜਿਸ ਦੇ ਅਗੇਰੇ, ਇਹ ...।

ਇਹ ਕੀ ਦੇਣ ਆਇਆ ਤੇ ਕੀ ਲੈਣ ਆਇਆ,
ਇਹ ਕੀ ਸੁਣਨ ਆਇਆ ਤੇ ਕੀ ਕਹਿਣ ਆਇਆ।
ਸਮਝਣ 'ਚ ਅਸਮਰੱਥ ਹੋ ਗਏ ਵਡੇਰੇ, ਇਹ ...
ਬਗਾਵਤ ਲਈ ਦਾਸਾਂ ਨੂੰ ਕਰਦਾ ਇਸ਼ਾਰੇ,
ਕਬਰਾਂ ਦੇ ਮੁਰਦੇ ਵੀ ਭਰਦੇ ਹੁੰਗਾਰੇ।
ਮਜ਼ਬੂਤ ਹੋ ਗਏ ਯਤੀਮਾਂ ਦੇ ਜੇਰੇ। ਇਹ ...

ਨਵੀਂ ਇਹ ਦੀ ਥਿਊਰੀ ਨਵਾਂ ਇਹਦਾ ਖਾਸਾ,
ਇਹ ਜ਼ਿੰਦਗੀ ਦਾ ਚਾਹੁੰਦਾ ਬਦਲ ਦੇਣਾ ਪਾਸਾ।
ਲੁਕ ਲੁਕ ਕੇ ਰੋਂਦੇ ਸਮਾਜੀ ਲੁਟੇਰੇ, ਇਹ ...

ਕਲਮ ਲੈ ਕੇ ਜਦ ਉਹ ਹੋਇਆ ਉਦਾਲੇ,
ਡਿੱਗ-ਡਿੱਗ ਕੇ ਟੁੱਟ ਗਏ ਟੰਗੇ ਹੋਏ ਪਿਆਲੇ।
ਵੇਦਾਂ ਤੇ ਮੰਦਰਾਂ 'ਚੋਂ ਨੱਸਦੇ ਅਨ੍ਹੇਰੇ, ਇਹ ...।

ਛੰਨਾਂ ਤੇ ਢਾਰਿਆਂ ਦਾ ਦਸਦਾ ਉਜਾਲਾ,
'ਆਲਮ' 'ਚ ਹੈ ਹੁਣ ਕੁਝ ਹੋਣ ਵਾਲਾ।
ਲੱਖਾਂ ਲੋਕ ਜੁੜ ਬੈਠੇ ਜਿਸ ਦੇ ਚੁਫੇਰੇ, ਇਹ ...।

**– ਗੁਰਦਾਸ ਰਾਮ ਆਲਮ**

# ਸ਼ਾਕਾਹਾਰ ਜਾਂ ਮਾਸਾਹਾਰ

**(ਸਫਾ 6 ਦੀ ਬਾਕੀ)**

ਅੱਜ ਦੇ ਵਿਗਿਆਨ ਨੇ ਸਾਡੇ ਕੋਲ ਅਨਾਜ਼ ਦੀ ਬਹੁਤਾਤ ਕਰ ਦਿੱਤੀ ਹੈ। ਇਸ ਲਈ ਸ਼ਾਕਾਹਾਰੀ ਜਾਂ ਮਾਸਾਹਾਰੀ ਹੋਣ ਦੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਵੇਦ, ਭਾਰਤ ਦੇ ਪ੍ਰਾਚੀਨ ਗ੍ਰੰਥ ਹਨ। ਬਹੁਤੇ ਹਿੰਦੂ ਲੋਕ ਇਹਨਾਂ ਵਿੱਚ ਵਿਸ਼ਵਾਸ ਕਰਦੇ ਹਨ, ਇਹਨਾਂ ਦੀ ਰਚਨਾ ਅੱਜ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਹੋਈ ਹੈ। ਇਹਨਾਂ ਵਿੱਚ ਵੀ ਮਾਸ ਖਾਣ ਤੇ ਕੋਈ ਪਾਬੰਦੀ ਨਹੀਂ ਸੀ। ਜੇ ਕਿਸੇ ਹਿੰਦੂ ਨੂੰ ਪੁੱਛਿਆ ਜਾਵੇ ਕਿ ਸੁਨਿਹਰੀ ਹਿਰਨ ਵੇਖ ਕੇ ਸੀਤਾ ਨੇ ਰਾਮ ਨੂੰ ਉਸਦਾ ਪਿੱਛਾ ਕਰਨ ਲਈ ਕਿਉਂ ਭੇਜਿਆ ਸੀ। ਸਭ ਦਾ ਜੁਆਬ ਹੋਵੇਗਾ ਕਿ ਉਸ ਨੇ ਇਹ ਖਾਣੇ ਵਿੱਚ ਪਰੋਸਣਾ ਸੀ?

ਪ੍ਰਾਚੀਨ ਗਰੰਥਾਂ ਵਿੱਚ ਥਾਂ-ਥਾਂ ਤੇ ਪਸ਼ੂਆਂ ਦੀ ਬਲੀ ਦਿੱਤੇ ਜਾਣ ਦੇ ਢੰਗ ਤਰੀਕੇ ਦਿੱਤੇ ਹੋਏ ਹਨ। ਹਿਮਾਚਲ ਦੇ ਕਸਬੇ ਕੁੱਲੂ ਵਿਖੇ ਅੱਜ ਵੀ ਬੱਕਰਿਆਂ ਦੀ ਬਲੀ ਦੇ ਕੇ ਉਹਨਾਂ ਨੂੰ ਭੀਮ ਦੀ ਪਤਨੀ ਹੜੰਬਾ ਦੇਵੀ ਦੇ ਨਾਂ ਤੇ ਬਣੇ ਮੰਦਰ ਵਿੱਚ ਚੜ੍ਹਾਇਆ ਜਾਂਦਾ ਹੈ। ਅੱਜ ਵੀ ਉੱਥੇ ਜਾਨਵਰਾਂ ਦੀ ਬਲੀ ਦੇਣ ਲਈ ਬੇਦੀ ਹੈ ਅਤੇ ਜਾਨਵਰਾਂ ਦੀ ਬਲੀ ਦੇ ਛੁਰੇ ਉੱਥੇ ਪਏ ਹਨ।

ਮਨੂ ਸਮਿਰਤੀ ਦੇ ਸਲੋਕ 2/267-272 ਵਿਚ ਸਪੱਸ਼ਟ ਵਰਨਣ ਕੀਤਾ ਗਿਆ ਹੈ ਕਿ ਸਰਾਧਾਂ ਵਿੱਚ ਕਿਹੜੇ-ਕਿਹੜੇ ਪਸ਼ੂਆਂ ਦਾ ਮਾਸ ਖਾਣ ਨਾਲ ਸਾਡੇ ਪਿਤਰ ਕਿੰਨੇ-ਕਿੰਨੇ ਸਮੇਂ ਲਈ ਤ੍ਰਿਪਤ ਹੋ ਸਕਦੇ ਹਨ।

ਸੂਰ ਤੇ ਮੱਝਾਂ ਦਾ ਮਾਸ ਪਿਤਰਾਂ ਨੂੰ ਦਸ ਮਹੀਨੇ ਤੱਕ ਤ੍ਰਿਪਤ ਕਰ ਦਿੰਦਾ ਹੈ। ਖਰਗੋਸ਼ ਅਤੇ ਕੱਛੂਆਂ ਦਾ ਮਾਸ ਪਿਤਰਾਂ ਨੂੰ 11 ਮਹੀਨੇ ਤੱਕ ਤ੍ਰਿਪਤ ਕਰ ਦਿੰਦਾ ਹੈ।

ਮਨੂ ਸਮਿਰਤੀ 3/270

ਜੋ ਮਨੁੱਖ ਵਿਧੀ ਪੂਰਵਕ ਮਾਸ ਨਹੀਂ ਖਾਂਦਾ ਉਹ ਮਰਨ ਪਿੱਛੋਂ ਵੀ 21 ਵਾਰ ਪਸ਼ੂ ਦੀ ਜੂਨ ਵਿਚ ਪੈਂਦਾ ਹੈ।

ਮਨੂ ਸਮਿਰਤੀ 5/35

ਗਊ ਮਾਸ ਬਾਰੇ ਕਿਹਾ ਗਿਆ ਹੈ ਕਿ ਉਹਨੂੰ ਖਾ ਕੇ ਪਿੱਤਰ ਸਾਲ ਭਰ ਲਈ ਤ੍ਰਿਪਤ ਹੋ ਜਾਂਦੇ ਹਨ।

ਗੋਮਤ ਧਰਮ ਸੂਤਰ 7/16/25-26

ਅਜਿਹੇ ਅਨੇਕਾਂ ਹੀ ਸਲੋਕ ਪ੍ਰਾਚੀਨ ਵੇਦਾਂ ਵਿਚ ਉਪਲਬਧ ਹਨ ਜਿਹੜੇ ਮਾਸਾਹਾਰੀ ਹੋਣ ਨੂੰ ਪ੍ਰੇਰਦੇ ਹਨ। ਪਰ ਫਿਰ ਵੀ ਬਹੁਤੇ ਹਿੰਦੂ ਸ਼ਾਕਾਹਾਰੀ ਹੋਣ ਨੂੰ ਤਰਜੀਹ ਦਿੰਦੇ ਹਨ।

ਜੇ ਅਸੀਂ ਪ੍ਰਾਚੀਨ ਇਤਿਹਾਸ ਦੀਆਂ ਤੈਹਾਂ ਫਰੋਲੀਏ ਤਾਂ ਸਾਨੂੰ ਸਪੱਸ਼ਟ ਹੋ ਜਾਵੇਗਾ ਕਿ ਭਾਰਤ ਵਿੱਚ ਅੱਜ ਤੋਂ 2500 ਵਰ੍ਹੇ ਪਹਿਲਾਂ ਬੁੱਧ ਧਰਮ ਦਾ ਜਨਮ ਹੋਇਆ ਸੀ। ਗੌਤਮ ਬੁੱਧ ਨੇ ਅਹਿੰਸਾ ਦਾ ਪ੍ਰਚਾਰ ਕੀਤਾ ਸੀ। ਇਸ ਲਈ ਉਹ ਕਹਿੰਦਾ ਸੀ ਕਿ ਜੀਵ ਜੰਤੂਆਂ ਨੂੰ ਖਾਣ ਲਈ ਉਹਨਾਂ ਦੀ ਹੱਤਿਆ ਨਾ ਕਰੋ। ਉਸ ਤੋਂ ਕੁਝ ਸਮੇਂ ਬਾਅਦ ਪੈਦਾ ਹੋਏ ਜੈਨੀ ਸੰਤਾਂ ਨੇ ਤਾਂ ਆਪਣੇ ਚੇਲਿਆਂ ਨੂੰ ਮਾਸ ਖਾਣ ਤੋਂ ਬਿਲਕੁੱਲ ਹੀ ਰੋਕ ਦਿੱਤਾ। ਬਹੁਤ ਸਾਰੇ ਹਿੰਦੂ, ਬੋਧੀ ਤੇ ਜੈਨ ਧਰਮ ਨੂੰ ਅਪਣਾਉਣ ਲੱਗ ਪਏ ਸਨ। ਉਸ ਸਮੇਂ ਦੇ ਬ੍ਰਾਹਮਣਾਂ ਨੇ ਲੋਕਾਂ ਵਿੱਚ ਸ਼ਾਕਾਹਾਰੀ ਹੋਣ ਦੀ ਪ੍ਰਵਿਰਤੀ ਨੂੰ ਭਾਂਪ ਕੇ ਇਸਦਾ ਇਸਤੇਮਾਲ ਹਿੰਦੂ ਧਰਮ ਨੂੰ ਮੁੜ ਸਥਾਪਤ ਕਰਨ ਲਈ ਕਰਨਾ ਸ਼ੁਰੂ ਕਰ ਦਿੱਤਾ। ਹਜ਼ਾਰਾਂ ਸਾਲਾਂ ਦੇ ਇਸ ਬ੍ਰਾਹਮਣੀ ਪ੍ਰਚਾਰ ਨੇ ਪ੍ਰਾਚੀਨ ਗਰੰਥਾਂ ਵਿਚ ਮਾਸਾਹਾਰ ਦੇ ਪੱਖ ਵਿੱਚ ਲਿਖਿਆ ਹੋਣ ਦੇ ਬਾਵਜੂਦ ਬਹੁਤੇ ਲੋਕਾਂ ਨੂੰ ਸ਼ਾਕਾਹਾਰੀ ਬਣਾ ਦਿੱਤਾ।

ਸ਼ਾਕਾਹਾਰੀ ਜਾਂ ਮਾਸਾਹਾਰੀ ਹੋਣ ਦੇ ਆਪਣੇ-ਆਪਣੇ ਫ਼ਾਇਦੇ ਤੇ ਆਪਣੇ-ਆਪਣੇ ਨੁਕਸਾਨ ਹਨ। ਸ਼ਾਕਾਹਾਰੀ ਭੋਜਣ ਚਿੱਥਣ ਤੇ ਹਜ਼ਮ ਕਰਨ ਲਈ ਸੁਖਾਲਾ ਹੁੰਦਾ ਹੈ। ਇਸ ਵਿੱਚ ਚਿਕਨਾਈ ਘੱਟ ਹੁੰਦੀ ਹੈ। ਮਾਸਾਹਾਰੀ ਦੇ ਮੁਕਾਬਲੇ ਇਹ ਸਸਤਾ ਵੀ ਹੁੰਦਾ ਹੈ। ਪਰ ਜੇ ਤੁਸੀਂ ਸ਼ਾਕਾਹਾਰੀ ਹੀ ਹੋ ਤਾਂ ਤੁਹਾਡੇ ਵਿੱਚ ਵਿਟਾਮਿਨ ੨੧੨ ਦੀ ਘਾਟ ਹੋ ਸਕਦੀ ਹੈ। ਇਸ ਘਾਟ ਨਾਲ ਤੁਹਾਡੇ ਦਿਮਾਗ਼ ਨੂੰ ਅਜਿਹਾ ਨੁਕਸਾਨ ਪੁੱਜ ਸਕਦਾ ਹੈ ਜਿਸਦੀ ਪੂਰਤੀ ਹੋ ਨਹੀਂ ਸਕਦੀ। ਪੌਦਿਆਂ ਵਿਚ ਵੀ ਜਾਨ ਹੁੰਦੀ ਹੈ ਇਹ ਵੀ ਪੀੜ ਮਹਿਸੂਸ ਕਰਦੇ ਹਨ। ਸ਼ਾਕਾਹਾਰੀ ਹੋਣ ਦਾ ਮਤਲਬ ਵੱਧ ਪੌਦਿਆਂ ਨੂੰ ਜਾਂ ਪੌਦੇ ਪੈਦਾ ਕਰਨ ਵਾਲੇ ਬੀਜਾਂ ਨੂੰ ਖਾਣਾ ਹੁੰਦਾ ਹੈ। ਪਸ਼ੂਆਂ ਦੇ ਮੁਕਾਬਲੇ ਇਹ ਜ਼ਿਆਦਾ ਭੋਲੇ-ਭਾਲੇ ਤੇ ਬੇਕਸੂਰ ਹੁੰਦੇ ਹਨ। ਕਿਸੇ ਪਸ਼ੂ ਨੇ ਤਾਂ ਤੁਹਾਡੇ ਸਿੰਗ ਜਾਂ ਖੁਰ ਮਾਰਿਆ ਹੋ ਸਕਦਾ ਹੈ ਪਰ ਕਿਸੇ ਪੌਦੇ ਨੇ ਅਜਿਹਾ ਨਹੀਂ ਕੀਤਾ ਹੋਵੇਗਾ।

ਮਾਸਾਹਾਰੀ ਭੋਜਨ ਵਿੱਚ ਬੀ. ਕੰਪਲੈਕਸ, ੨੧੨ ਅਤੇ ਭਰਪੂਰ ਮਾਤਰਾ ਵਿੱਚ ਪ੍ਰੋਟੀਨ ਹੁੰਦੇ ਹਨ ਜੋ ਤੁਹਾਡੇ ਸਰੀਰ ਲਈ ਜ਼ਰੂਰੀ ਹਨ। ਮੱਛੀ ਕੈਲਸ਼ੀਅਮ ਦਾ ਖਜ਼ਾਨਾ ਹੁੰਦੀ ਹੈ। ਆਂਡੇ ਵਿੱਚ ਵੀ ਵੱਡੀ ਮਾਤਰਾ ਵਿੱਚ ਪ੍ਰੋਟੀਨ ਹੁੰਦਾ ਹੈ ਅਤੇ ਇਹ ਹਜ਼ਮ ਕਰਨੇ ਵੀ ਸੁਖਾਲੇ ਹੁੰਦੇ ਹਨ।

ਇਸ ਗੱਲ ਦਾ ਬਹੁਤ ਪ੍ਰਚਾਰ ਕੀਤਾ ਜਾਂਦਾ ਹੈ ਕਿ ਮਾਸਾਹਾਰੀ ਭੋਜਨ ਖਾਣ ਵਾਲੇ ਜ਼ਾਲਮ ਰੁਚੀਆਂ ਵਾਲੇ ਬਣ ਜਾਂਦੇ ਹਨ। ਅਜਿਹਾ ਨਹੀਂ ਹੈ। ਦੁਨੀਆਂ ਵਿੱਚ ਸਭ ਤੋਂ ਵੱਧ ਬੰਦੇ ਦੂਜੀ ਸੰਸਾਰ ਜੰਗ ਵਿਚ ਜਰਮਨੀ ਦੇ 'ਡਿਕਟੇਟਰ ਹਿਟਲਰ' ਨੇ ਮਾਰੇ ਸੀ। ਉਸਨੇ ਯਹੂਦੀਆਂ ਲਈ ਗੈਸ ਚੈਂਬਰ ਬਣਾਏ ਹੋਏ ਸਨ। ਇਕੱਠੇ ਸੈਂਕੜੇ ਵਿਅਕਤੀਆਂ ਨੂੰ ਇਹ ਇਹਨਾਂ ਚੈਂਬਰਾਂ ਵਿੱਚ ਸੁੱਟ ਕੇ ਹੀ ਮਾਰ ਦਿੰਦਾ ਸੀ।

ਇਸ ਵਿਅਕਤੀ ਨੇ ਕਦੇ ਮਾਸ ਨਹੀਂ ਸੀ ਖਾਧਾ। ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਮੋਦੀ ਨੇ ਹਜ਼ਾਰਾਂ ਮੁਸਲਮਾਨਾਂ ਨੂੰ ਦੰਗਿਆਂ ਰਾਹੀਂ ਕਤਲ ਕਰਵਾ ਦਿੱਤਾ ਸੀ ਉਹ ਵੀ ਸ਼ਾਕਾਹਾਰੀ ਹੈ। ਸੋ ਇਤਿਹਾਸ ਵਿੱਚੋਂ ਤੁਹਾਨੂੰ ਅਜਿਹੀਆਂ ਲੱਖਾਂ ਉਦਾਹਰਨਾਂ ਮਿਲ ਸਕਦੀਆਂ ਹਨ, ਜਿਹੜੀਆਂ ਸ਼ਾਕਾਹਾਰੀਆਂ ਦੇ ਜ਼ੁਲਮਾਂ ਨਾਲ ਭਰੀਆਂ ਪਈਆਂ ਹਨ।

ਇਸ ਗੱਲ ਦਾ ਪ੍ਰਚਾਰ ਵੀ ਬੜੇ ਜ਼ੋਰ ਸੋਰ ਨਾਲ ਕੀਤਾ ਜਾਂਦਾ ਹੈ ਕਿ ਮਾਸਾਹਾਰੀ ਹੋਣ ਨਾਲ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਜੇ ਸ਼ਾਕਾਹਾਰੀ ਦਾ ਸਬੰਧ ਬੁੱਧੀਮਾਨੀ ਨਾਲ ਹੁੰਦਾ ਭਾਰਤ ਵਿਚ ਨੋਬਲ ਪ੍ਰਾਈਜ ਜਿੱਤਣ ਵਾਲਿਆਂ ਦੀ ਘਾਟ ਨਾ ਹੁੰਦੀ। ਅੱਜ ਸਮੁੱਚੀ ਦੁਨੀਆਂ ਵਿੱਚੋਂ ਬਹੁਤੇ ਨੋਬਲ ਪ੍ਰਾਈਜ ਅਮਰੀਕੀਆਂ ਕੋਲ ਜਾਂਦੇ ਹਨ, ਭਾਵੇਂ ਉਹ ਬਹੁਤੇ ਮਾਸਾਹਾਰੀ ਹਨ।

ਇਸ ਗੱਲ ਦੀ ਵੀ ਦੁਹਾਈ ਦਿੱਤੀ ਜਾਂਦੀ ਹੈ ਕਿ ਮਾਸਾਹਾਰ ਨਾਲ ਲੰਮੀ ਜ਼ਿੰਦਗੀ ਦਾ ਸਬੰਧ ਹੁੰਦਾ ਹੈ। ਸ਼ਾਕਾਹਾਰੀ ਵਿਅਕਤੀ ਹੀ ਲੰਬੀ ਜ਼ਿੰਦਗੀ ਜਿਉਂਦੇ ਹਨ। ਚੀਨ, ਸਵੀਡਨ ਤੇ ਜਾਪਾਨ ਦੇ ਲੋਕਾਂ ਦੀ ਉਮਰ ਲੰਮੀ ਹੁੰਦੀ ਹੈ। ਭਾਵੇਂ ਉਹ ਬਹੁਤੇ ਮਾਸਾਹਾਰੀ ਹਨ। ਪਰ ਮੈਂ ਨਹੀਂ ਸਮਝਦਾ ਕਿ ਸ਼ਾਕਾਹਾਰ ਜਾਂ ਮਾਸਾਹਾਰ ਦਾ ਲੰਮੀ ਉਮਰ ਨਾਲ ਕੋਈ ਸਬੰਧ ਹੈ। ਲੰਮੀ ਉਮਰ ਤਾਂ ਤੁਹਾਡੇ ਜ਼ਿੰਦਗੀ ਜਿਉਣ ਦੇ ਢੰਗ ਤੇ ਤੁਹਾਡੀ ਸੋਚ ਵਿੱਚ ਪਈ ਹੈ। ਜੇ ਤੁਸੀਂ ਆਪਣੀ ਜ਼ਿੰਦਗੀ ਨੂੰ ਲੰਮਾ ਕਰਨਾ ਚਾਹੁੰਦੇ ਹੋ ਤਾਂ ਸਰੀਰ ਤੋਂ ਕੰਮ ਲਉ ਭਾਵ ਕਸਰਤ ਕਰੋ। ਘੱਟ ਖਾਣਾ ਤੇ ਲੋੜ ਅਨੁਸਾਰ ਖਾਣਾ ਤੇ ਸੰਤੁਲਤ ਖਾਣਾ ਆਪਣੇ ਜੀਵਨ ਦਾ ਅੰਗ ਬਣਾਉ। ਬੀਮਾਰੀ ਦੀ ਸੂਰਤ ਵਿਚ ਆਪਣੀ ਜੇਬ ਅਨੁਸਾਰ ਤੁਰੰਤ ਵਧੀਆ ਤੋਂ ਵਧੀਆ ਡਾਕਟਰ ਦੀ ਸਲਾਹ ਤੇ ਦਵਾਈਆਂ ਨੂੰ ਵਰਤੋ।

ਸਾਨੂੰ ਤੁਰਨ ਫਿਰਨ ਲਈ ਊਰਜਾ ਦੀ ਲੋੜ ਹੈ। ਇਹ ਊਰਜਾ ਅਸੀਂ ਸ਼ਾਕਾਹਾਰ ਤੋਂ ਪ੍ਰਾਪਤ ਕਰਦੇ ਹਾਂ ਜਾਂ ਮਾਸਾਹਾਰ ਤੋਂ, ਇਹ ਸਾਡੀ ਆਪਣੀ ਮਰਜ਼ੀ ਹੈ। ਇਸ ਊਰਜਾ ਦੀ ਪੂਰਤੀ ਹੋਣੀ ਹੀ ਚਾਹੀਦੀ ਹੈ। ਸ਼ਾਕਾਹਾਰ ਜਾਂ ਮਾਸਾਹਾਰ ਦੇ ਝਗੜੇ ਵਿਚ ਪੈਣ ਨਾਲੋਂ ਜਾਂ ਲੋਕਾਂ ਨੂੰ ਪਾਉਣ ਨਾਲੋਂ ਸਾਨੂੰ ਭੁੱਖਮਰੀ, ਗ਼ਰੀਬੀ, ਵਾਤਾਵਰਣ ਦੀ ਪ੍ਰਦੂਸ਼ਿਤਾ, ਵਧ ਰਹੀ ਆਬਾਦੀ, ਇਸਤਰੀ ਭਰੂਣ ਹੱਤਿਆ ਅਤੇ ਧਾਰਮਿਕ ਦੰਗਿਆਂ ਰਾਹੀਂ ਕੀਤੇ ਜਾ ਰਹੇ ਮਨੁੱਖੀ ਘਾਣ ਵਰਗੀਆਂ ਸਮੱਸਿਆਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ।


TANDOOR
Indian Restaurant
27167 Mission Blvd. Hayward, CA 95544
TANDOOR
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532


L.A. MERCHANDISE
Whole Sale +Retail
ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
New folding bed verities
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99
Bio Bidet Elite 2 $ 39.99+ Tax
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250
Buy 5 get 1 free


ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ
eLog Book Integration COMING SOON
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
WE HANDLE DOT AUDITS
Tel: 800.936.4011 • 209.636.0880
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hay-ward, CA 94544
Prop: Jasbir Singh Takhar
510-755-2132
Harmandeep Singh

# SUNSHINE AUTO CARE INC.

DBA

# PHILLIPS AUTO CARE



## Trucks & Trailers Services:

- DPF Filter Cleaning
- Clutch
- Computer Check
- Transmission
- Differential
- New / Use Tires
- Inspections
- Oil changes
- Van/Reefer Work
- Wheel Balancing
- Truck & Trailer Repair
- All Major & Minor Repairs
- We Do Aluminium Welding

ਅਸੀਂ ਕਸਟਮਰ ਨੂੰ ਪਿਕ ਅਪ' ਅਤੇ ਡਰੋਪ ਵੀ ਕਰਦੇ ਹਾਂ

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ

hablamos español

We Speak English, Spanish & Punjabi

## Auto Services:

- Oil Change Services
- Fectory Scheduled Maintenance
- Transmission Repair / Replacement
- 4WD Repairs Clutch Replacement
- Power Door Lock & Windows Repairs
- Electrical / Battery Service & Repair
- Engine Diagnostic Service
- Air Conditioning Service & Repair
- Cooling System Service & Repair
- Major Engine Repair
- Brake Repairs
- And Much More...

**We Provide All Autos, Trucks & Trailers Repair**

We Provide Towing &

**24/7 Mobile Road Services**

For All Autos, Trucks & Trailers


Open Monday to Saturday

**ACCEPTED HERE**

Com-Check
T-Check
EFS Check

VISA MasterCard AMERICAN EXPRESS DISCOVER NETWORK





**Contact: Deep Suman: (408) 561-1846, (209) 239-1551 (24/7 Available)**

**Address: 1003 Moffat Blvd, Manteca CA 95336**